ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 18 * Issue 58 | Daily Newspaper Monday, March 25, 2019 | Tel: 905-793-2202 | Fax: 905-793-2282 | news@punjabipost.ca



Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2


# ਟਰੂਡੋ ਵੱਲੋਂ ਨਨੇਮੋ-ਲੇਡੀਸਮਿੱਥ ਵਿੱਚ 6 ਮਈ ਨੂੰ ਜ਼ਿਮਨੀ ਚੋਣਾਂ ਕਰਵਾਉਣ ਦਾ ਐਲਾਨ



ਓਟਵਾ, 24 ਮਾਰਚ (ਪੋਸਟ ਬਿਊਰੋ) : ਬ੍ਰਿਟਿਸ਼ ਕੋਲੰਬੀਆ ਵਿੱਚ ਸਾਬਕਾ ਨਿਊ ਡੈਮੋਕ੍ਰੈਟ ਐਮਪੀ ਵੱਲੋਂ ਖਾਲੀ ਕੀਤੀ ਗਈ ਸੀਟ ਉੱਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਹੁਣ 6 ਮਈ ਨੂੰ ਜ਼ਿਮਨੀ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ।

ਨਨੇਮੋ-ਲੇਡੀਸਮਿੱਥ ਉੱਤੇ ਹੁਣ 6 ਮਈ ਨੂੰ ਜ਼ਿਮਨੀ ਚੋਣਾਂ ਹੋਣਗੀਆਂ। ਜ਼ਿਕਰਯੋਗ ਹੈ ਕਿ ਐਨਡੀਪੀ ਦੀ ਸਾਬਕਾ ਐਮਪੀ ਸ਼ੀਲਾ ਮੈਲਕਮਸਨ ਨੇ ਜਨਵਰੀ ਵਿੱਚ ਅਸਤੀਫਾ ਦੇ ਦਿੱਤਾ ਸੀ। ਮੈਲਕਮਸਨ ਵੀ ਐਨਡੀਪੀ ਦੇ ਉਨ੍ਹਾਂ ਐਮਪੀਜ਼ ਵਿੱਚੋਂ ਇੱਕ ਹੈ ਜਿਨ੍ਹਾਂ ਨੇ ਅਕਤੂਬਰ ਵਿੱਚ ਹੋਣ ਜਾ ਰਹੀਆਂ ਫੈਡਰਲ ਚੋਣਾਂ ਵਿੱਚ ਦੁਬਾਰਾ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ ਹੈ। ਇਸ ਸੂਚੀ ਵਿੱਚ ਬੀਸੀ ਦੇ ਮੁਰੇਅ ਰੈਂਕਿਨ, ਅਲਬਰਟਾ ਦੀ ਲਿੰਡਾ ਡੰਕਨ, ਓਨਟਾਰੀਓ ਦੀ ਆਇਰੀਨ ਮੈਥੀਸਨ ਤੇ ਡੇਵਿਡ ਕ੍ਰਿਸਟੋਫਰਸਨ, ਕਿਊਬਿਕ ਦੀ ਹੈਲੇਨੇ ਲੈਵਰਡਿਏਰੇ, ਰੋਮੀਓ ਸਾਗਾਨੈਸ਼, ਮਾਰਜੋਲੇਨ ਬੂਟਿਨ ਸਵੀਟ ਤੇ ਐਨੇ ਮਿਨ੍ਹ-ਥੂ ਕੁਐਕ ਤੇ ਬੀਸੀ ਦੇ ਫਿਨ ਡੌਨੇਲੀ ਸ਼ਾਮਲ ਹਨ। ਵੈਨਕੂਵਰ ਆਈਲੈਂਡ ਦੇ ਉੱਤਰਪੂਰਬੀ ਬਰੌਟਨ ਆਰਕੀਪੇਲਾਗੋ ਵਿੱਚ ਗਿਲਫੋਰਡ ਆਈਲੈਂਡ ਉੱਤੇ ਸਥਿਤ ਫਰਸਟ ਨੇਸ਼ਨ ਦੇ ਲੰਮੇਂ ਸਮੇਂ ਤੋਂ ਚੱਲੇ ਆ ਰਹੇ ਚੀਫ ਕਾਊਂਸਲਰ ਬੌਬ ਚੇਂਬਰਲਿਨ ਨੇ ਨਨੇਮੋ-ਲੇਡੀਸਮਿੱਥ ਤੋਂ ਐਨਡੀਪੀ ਲਈ ਦਾਅਵੇਦਾਰੀ ਹਾਸਲ ਕਰਨ ਦੀ ਇੱਛਾ ਪ੍ਰਗਟਾਈ ਹੈ। ਚੇਂਬਰਲਿਨ ਕਵਿਕਵਾ-ਸੁਤਿਨੁਕਸਾਅ ਹਾਕਸਵਾਮਿਸ ਫਰਸਟ ਨੇਸ਼ਨ ਲਈ ਕੰਮ ਕਰ ਚੁੱਕੇ ਹਨ ਤੇ ਯੂਨੀਅਨ ਆਫ ਬੀਸੀ ਇੰਡੀਅਨ ਚੀਫਜ਼ ਦੇ ਵਾਈਸ ਪ੍ਰੈਜ਼ੀਡੈਂਟ ਵਜੋਂ ਵੀ ਸੇਵਾ ਨਿਭਾਅ ਚੁੱਕੇ ਹਨ। ਉਹ ਲਿਬਰਲ ਤੇ ਕੰਜ਼ਰਵੇਟਿਵ ਸਰਕਾਰਾਂ ਦੇ ਨਾਲ ਕੰਮ ਕਰਨ ਤੋਂ ਇਲਾਵਾ ਕਈ ਏਜੰਸੀਆਂ ਤੇ ਬੋਰਡਜ਼ ਦੇ ਚੇਅਰ ਰਹਿ ਚੁੱਕੇ ਹਨ ਤੇ ਕਈ ਮੁੱਦਿਆਂ ਦੀ ਪੈਰਵੀ ਕਰ ਚੁੱਕੇ ਹਨ।

ਪਾਲ ਮੈਨਲੀ, ਜੋ ਕਿ ਰਿਸਰਚਰ, ਫਿਲਮਮੇਕਰ ਤੇ ਕਮਿਊਨਿਕੇਸ਼ਨਜ਼ ਮਾਹਿਰ ਹੈ ਤੇ ਜੋ 2002 ਤੋਂ ਨਨੇਮੋ ਵਿੱਚ ਰਹਿ ਰਹੇ ਹਨ ਤੇ ਇੱਥੇ ਹੀ ਕੰਮ ਕਰ ਰਹੇ ਹਨ, ਗ੍ਰੀਨ ਪਾਰਟੀ ਦੇ ਉਮੀਦਵਾਰ ਹਨ। ਕੰਜ਼ਰਵੇਟਿਵਾਂ ਨੇ 32 ਸਾਲਾ ਫਾਇਨਾਂਸ਼ੀਅਲ ਮੈਨੇਜਰ ਜੌਹਨ ਹਰਸਟ ਨੂੰ ਉਮੀਦਵਾਰ ਚੁਣਿਆ ਹੈ ਤੇ ਨਵੀਂ ਪੀਪਲਜ਼ ਪਾਰਟੀ ਆਫ ਕੈਨੇਡਾ ਦੀ ਅਗਵਾਈ ਜੈਨੀਫਰ ਕਲਾਰਕ ਕਰਨਗੇ।

# ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਲਿਖਤੀ ਬਿਆਨ ਤੇ ਹੋਰ ਸਬੂਤ ਪੇਸ਼ ਕਰਨਾ ਚਾਹੁੰਦੀ ਹੈ ਰੇਅਬੋਲਡ



ਓਟਵਾ, 24 ਮਾਰਚ (ਪੋਸਟ ਬਿਊਰੋ) : ਹਾਊਸ ਦੀ ਨਿਆਂ ਕਮੇਟੀ ਨੂੰ ਲਿਖੇ ਨਵੇਂ ਪੱਤਰ ਵਿੱਚ ਸਾਬਕਾ ਲਿਬਰਲ ਕੈਬਨਿਟ ਮੰਤਰੀ ਜੋਡੀ ਵਿਲਸਨ ਰੇਅਬੋਲਡ ਨੇ ਆਖਿਆ ਕਿ ਉਹ ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਵਾਧੂ ਦੇ ਸਬੂਤ ਤੇ ਲਿਖਤੀ ਬਿਆਨ ਮੁਹੱਈਆ ਕਰਾਵੇਗੀ, ਫਿਰ ਭਾਵੇਂ ਇਸ ਮਾਮਲੇ ਦੀ ਜਾਂਚ ਮੁਕੰਮਲ ਕਰ ਲਈ ਗਈ ਹੈ।

ਵੀਰਵਾਰ ਨੂੰ ਭੇਜੇ ਇਸ ਪੱਤਰ ਵਿੱਚ ਰੇਅਬੋਲਡ ਨੇ ਆਖਿਆ ਕਿ ਇਸ ਮਾਮਲੇ ਦੀ ਸੁਣਵਾਈ ਦੌਰਾਨ ਉਨ੍ਹਾਂ ਤੋਂ ਵਾਧੂ ਜਾਣਕਾਰੀ ਦੀ ਦਰਖ਼ਾਸਤ ਕੀਤੀ ਗਈ ਸੀ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਉਹ ਵਾਧੂ ਸਬੂਤ ਤੇ ਇਸ ਮਾਮਲੇ ਵਿੱਚ ਲਿਖਤੀ ਬਿਆਨ ਦੇਣਾ ਚਾਹੁੰਦੀ ਹੈ। ਇਸ ਵਾਧੂ ਜਾਣਕਾਰੀ ਵਿੱਚ ਉਨ੍ਹਾਂ ਟੈਕਸਟ ਮੈਸੇਜਿਸ ਦੀਆਂ ਕਾਪੀਆਂ ਤੇ ਈਮੇਲਜ਼ ਸ਼ਾਮਲ ਹੋਣਗੀਆਂ ਜਿਨ੍ਹਾਂ ਦਾ ਹਵਾਲਾ ਉਨ੍ਹਾਂ ਆਪਣੀ ਗਵਾਹੀ ਵਿੱਚ ਦਿੱਤਾ ਸੀ। ਜ਼ਿਕਰਯੋਗ ਹੈ ਕਿ ਹਾਊਸ ਕਮੇਟੀਆਂ ਨੂੰ ਰਸਮੀ ਤੌਰ ਉੱਤੇ ਜਮ੍ਹਾਂ ਕਰਵਾਈ ਜਾਣ ਵਾਲੀ ਅਜਿਹੀ ਕੋਈ ਵੀ ਜਾਣਕਾਰੀ ਜਨਤਕ ਕੀਤੀ ਜਾਂਦੀ ਹੈ।

...ਬਾਕੀ ਪੰਨਾ 6 'ਤੇ

## ਬਰੈਂਪਟਨ ਸਾਊਥ ਨਾਮੀਨੇਸ਼ਨ ਚੋਣ 6 ਅਪ੍ਰੈਲ ਨੂੰ

# ਆਪਣੀ ਮਿਹਨਤ 'ਤੇ ਪੂਰਾ ਭਰੋਸਾ ਹੈ: ਹਰਦੀਪ ਗਰੇਵਾਲ



ਬਰੈਂਪਟਨ, 24 ਮਾਰਚ (ਪੋਸਟ ਬਿਊਰੋ)- ਫੈਡਰਲ ਕੰਜਰਵੇਟਿਵ ਪਾਰਟੀ ਵਲੋਂ ਆਪਣੇ ਐਮਪੀ ਲਈ ਬਰੈਂਪਟਨ ਸਾਊਥ ਤੋਂ ਉਮੀਦਵਾਰ ਦੀ ਚੋਣ 6 ਅਪ੍ਰੈਲ ਦਿਨ ਸ਼ਨਿਚਰਵਾਰ ਨੂੰ ਕੈਨੇਡੀਅਨ ਕਨਵੈਸ਼ਨ ਸੈਂਟਰ ਵਿਖੇ ਸਾਢੇ 9 ਵਜੇ ਤੋ ਲੈ ਕੇ ਸਾਢੇ 4 ਵਜੇ ਤੱਕ ਕਰਵਾਈ ਜਾ ਰਹੀ ਹੈ। ਇਸ ਨਾਮੀਨੇਸ਼ਨ ਵਿਚ ਛੇ ਉਮੀਦਵਾਰ ਭਾਗ ਲੈ ਰਹੇ ਹਨ ਅਤੇ ਇਨ੍ਹਾਂ ਉਮੀਦਵਾਰਾਂ ਵਿਚੋਂ ਕੈਨੇਡਾ ਦੇ ਜੰਮਪਲ ਤੇ ਪੜ੍ਹੇ ਲਿਖੇ ਨੌਜਵਾਨ ਨੂੰ ਹਰਦੀਪ ਗਰੇਵਾਲ ਨੂੰ ਇਸ ਸਮੇਂ ਭਾਈਚਾਰੇ ਵਿਚੋਂ ਭਾਰੀ ਉਤਸ਼ਾਹ ਮਿਲ ਰਿਹਾ ਹੈ। ਹਰਦੀਪ ਗਰੇਵਾਲ ਨੇ ਦਸੰਬਰ ਮਹੀਨੇ ਵਿਚ ਆਪਣੀ ਕੈਂਪੇਨ ਸ਼ੁਰੂ ਕੀਤੀ ਤੇ ਮਾਰਚ 14 ਤੱਕ ਰਿਕਾਰਡਤੋੜ ਮੈਂਬਰਸ਼ਿਪ ਸਾਈਨ ਕਰਨ ਲਈ ਹਲਕੇ ਦੇ ਲੋਕਾਂ ਨੂੰ ਪ੍ਰੇਰਿਆ। ਕੱਲ੍ਹ ਹਰਦੀਪ ਗਰੇਵਾਲ ਨਾਲ ਵੱਖ-ਵੱਖ ਕਾਲਜ ਤੇ ਯੂਨੀਵਰਸਿਟੀ ਤੋਂ ਆਏ ਇਕ ਗਰੁੱਪ ਨੇ ਗੱਲਬਾਤ ਕੀਤੀ ਤੇ ਉਸ ਨੂੰ ਆਪਣਾ ਪੂਰਨ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ। ਇਨ੍ਹਾਂ ਨੌਜਵਾਨਾਂ ਨੇ ਵੀਕੈਂਡ ਉਤੇ ਹਰਦੀਪ ਗਰੇਵਾਲ ਨਾਲ ਹੁਣ ਤੱਕ ਸਾਈਨ ਕੀਤੀ ਮੈਂਬਰਸ਼ਿਪ ਦੇ ਡੋਰ ਨਾਕ ਕੀਤੇ, ਉਥੇ ਲੋਕਾਂ ਨੂੰ ਇਹ ਵੀ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕੀਤੀ ਕਿ ਇਥੋਂ ਦੇ ਜੰਮਪਲ ਨੌਜਵਾਨ ਹੀ ਪਾਰਲੀਮੈਂਟ ਵਿਚ ਸਾਡੀ ਆਵਾਜ਼ ਵਧੀਆ ਢੰਗ ਨਾਲ ਉਠਾ ਸਕਦੇ ਹਨ, ਸੋ ਤੁਸੀਂ ਹਰਦੀਪ ਗਰੇਵਾਲ ਦਾ ਸਹਿਯੋਗ ਦੇਵੋ।

...ਬਾਕੀ ਪੰਨਾ 3 'ਤੇ

## ਅੰਦਰ ਪੜ੍ਹੋ

ਫਲੋਰਿਡਾ ਸਥਿਤ ਆਪਣੇ ਘਰ ਵਿੱਚ ਮ੍ਰਿਤਕ ਪਾਇਆ ਗਿਆ ਕੈਨੇਡੀਅਨ ਜੋੜਾ



ਪੰਨਾ 03

ਗੁਰਮੇਸ਼ ਸਿੰਘ ਆਸਟ੍ਰੇਲੀਆ ਦੇ ਪਹਿਲੇ ਸਿੱਖ ਪਾਰਲੀਮੈਂਟ ਮੈਂਬਰ ਬਣੇ



ਪੰਨਾ 04


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

INSURANCE
Home Auto
Business Trucking
R.E.S.P Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮਕੋੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਉ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ!
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

HSBA TAX SERVICES
Personal/Corporation Tax
Bookkeeping Services
Business/Corporation Registration
HST/WSIB/ Payroll Tax
Tax Planning/Audits
Financial Statements
647-720-5278 Email: info@hsbatax.com
Prabhjot Kaur Sr. Accountant, M.B.A
20% Discount *For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮਕੋੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker | Grip
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001



PUNJAB SINDH FINANCE

TRUCK/TRAILER
LOAN & REFINANCE

PUNJAB SINDH FINANCE
EVERY $ MAKES A DIFFERENCE

ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ
Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)

TOTAL HOME
Windows & Doors

ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਫੇਰ ਸਾਰੀ ਬਚਤ ਪਾਓ!

WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service

For 5 Stars Reviews Online & Testimonial visit:
https://thwindowsdoors.com/testimonials/



Phone: 416-661-6666 | Toll Free: 1-855-550-0610

7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

JR Chartered Professional Accountant
Rajwinder Johal
PROFESSIONAL CORPORATION

**TAX SEASON!!!**
**For all your Accounting and Tax needs call 416 823 2556**


**Services offered:**
- Personal Taxes starting at $40
- New business incorporation starting at $50
- Corporate taxes starting at $100
- Full Charge Bookkeeping and Accounting (monthly rate starting at $100), includes following: Accounts Receivable/ Payable/ Bank and Credit Card Reconciliations. Payroll preparation and source deduction filing. HST and WSIB registration Government remittances (HST/ ROE/ all T - slips and T4s. ***QuickBooks online will be used, which provides you with an access to you books from anywhere the world.***

**Please contact me today for more information!**
**Or visit my website: www.rjohalcpa.ca or Call (416) 823 2556.**

ਮੂੰਹੋ ਬੋਲਦੀ Kitchen and Washroom ਬਣਵਾਓ

**Pearson**
Kitchen & Cabinet

Free Estimate
We Specialize in granite, quartz & marble countertops





We Specialize In:
100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call **Vikramjit Sangha: 416-200-0931**

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਸਰਹੱਦਾਂ ਉੱਤੇ ਹਨ ਓਧਰ ਜਵਾਨ ਭਿੜਦੇ,
ਭਿੜਦੀ ਰਹਿੰਦੀ ਆ ਏਧਰ ਜ਼ਬਾਨ ਬੇਲੀ।
ਤੋਪਾਂ ਚੱਲਦੀਆਂ ਓਧਰ ਜਦ ਹੱਦ ਉੱਪਰ,
ਸੁਣਦਾ ਤੋਪ ਜਿਹਾ ਏਧਰ ਬਿਆਨ ਬੇਲੀ।
ਉਹ ਵੀ ਚਰਚਾ ਸਰਹੱਦਾਂ ਦੀ ਕਰੀ ਜਾਵੇ,
ਨਹੀਂ ਹੈ ਟਕੇ ਦਾ ਜੀਹਨੂੰ ਗਿਆਨ ਬੇਲੀ।
ਦਿੱਲੀ ਤਖਤ ਲਈ ਜੰਗ ਆ ਛਿੜੀ ਹੋਈ,
ਚੋਣਾਂ ਜਿੱਤਣ ਲਈ ਨਿਰਾ ਧਿਆਨ ਬੇਲੀ।
ਨਿਰਾ ਜਿੱਤਣ ਲਈ ਜਿਵੇਂ ਆ ਜ਼ੋਰ ਲੱਗਾ,
ਖੁੱਲ੍ਹ ਰਹੇ ਆਗੂਆਂ ਦੇ ਸੁਣਦੇ ਪਾਜ ਬੇਲੀ।
ਆਪੋ ਵਿੱਚ ਨਾ ਜਿਨ੍ਹਾਂ ਕੋਈ ਸ਼ਰਮ ਕੀਤੀ,
ਕਾਹਤੋਂ ਪਾਲਣਗੇ ਭਾਰਤ ਦੀ ਲਾਜ ਬੇਲੀ।

ਤੀਸ ਮਾਰ ਖਾਂ

# ਫਲੋਰਿਡਾ ਸਥਿਤ ਆਪਣੇ ਘਰ ਵਿੱਚ ਮ੍ਰਿਤਕ ਪਾਇਆ ਗਿਆ ਕੈਨੇਡੀਅਨ ਜੋੜਾ

## ਕਤਲ ਕੇਸ ਮੰਨ ਕੇ ਜਾਂਚ ਕਰ ਰਹੀ ਹੈ ਫਲੋਰਿਡਾ ਪੁਲਿਸ

ਮਾਂਟਰੀਅਲ, 24 ਮਾਰਚ (ਪੋਸਟ ਬਿਊਰੋ) : ਸ਼ੁੱਕਰਵਾਰ ਨੂੰ ਆਪਣੇ ਮੋਬਾਈਲ ਹੋਮ ਵਿੱਚ ਮ੍ਰਿਤਕ ਪਾਏ ਗਏ ਬਜ਼ੁਰਗ ਕੈਨੇਡੀਅਨ ਜੋੜੇ ਦੇ ਮਾਮਲੇ ਦੀ ਜਾਂਚ ਫਲੋਰਿਡਾ ਪੁਲਿਸ ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਇਸ ਨੂੰ ਦੂਹਰਾ ਕਤਲ ਕੇਸ ਮੰਨ ਕੇ ਜਾਂਚ ਕਰ ਰਹੀ ਹੈ।

ਬ੍ਰੋਵਾਰਡ ਕਾਊਂਟੀ ਸ਼ੈਰਿਫ ਆਫਿਸ ਦਾ ਕਹਿਣਾ ਹੈ ਕਿ ਮਾਰਕ ਤੇ ਰੀਟਾ ਗੈਗਨੇ ਦੇ ਗੁਆਂਢੀਆਂ ਵੱਲੋਂ ਇਨ੍ਹਾਂ ਦੋਵਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਪੌਂਪੈਨੋ ਬੀਚ ਸਥਿਤ ਘਰ ਵਿੱਚ ਪਾਈਆਂ ਗਈਆਂ। ਕੁੱਝ ਦਿਨਾਂ ਤੱਕ ਇਸ ਜੋੜੇ ਨੂੰ ਨਾ ਵੇਖਣ ਕਾਰਨ ਪਰੇਸ਼ਾਨ ਹੋਏ ਗੁਆਂਢੀ ਜਦੋਂ ਇਸ ਜੋੜੇ ਦੇ ਘਰ ਵਿੱਚ ਦਾਖਲ ਹੋਏ ਤਾਂ ਉਨ੍ਹਾਂ ਨੂੰ ਦੋਵਾਂ ਦੀਆਂ ਲਾਸ਼ਾਂ ਨਜ਼ਰ ਆਈਆਂ। ਗੁਆਂਢੀਆਂ ਨੇ ਇਹ ਵੀ ਦੱਸਿਆ ਕਿ ਜਦੋਂ ਉਹ ਘਰ ਵਿੱਚ ਦਾਖਲ ਹੋਏ ਤਾਂ ਘਰ ਦਾ ਦਰਵਾਜ਼ਾ ਖੁੱਲ੍ਹਾ ਹੀ ਸੀ।



ਗਲੋਬਲ ਅਫੇਅਰਜ਼ ਕੈਨੇਡਾ ਦਾ ਕਹਿਣਾ ਹੈ ਕਿ ਮਾਇਆਮੀ ਕਾਉਂਸਲਰ ਆਫਿਸ ਦੇ ਅਧਿਕਾਰੀ ਸਥਾਨਕ ਅਧਿਕਾਰੀਆਂ ਨਾਲ ਰਲ ਕੇ ਹੋਰ ਵੇਰਵੇ ਇੱਕਠੇ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਫੈਡਰਲ ਵਿਭਾਗ ਵੱਲੋਂ ਮ੍ਰਿਤਕਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਇਹ ਜੋੜਾ ਕਿਊਬਿਕ ਸ਼ਹਿਰ ਤੋਂ 120 ਕਿਲੋਮੀਟਰ ਦੱਖਣਪੂਰਬ ਵੱਲ ਸਥਿਤ ਸੇਂਟ ਕਮ ਲਿਨਿਏਰੇ, ਕਿਊਬਿਕ ਤੋਂ ਸੀ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਹਨੀ ਟ੍ਰੈਪ ਵਿੱਚ ਫਸਾ ਕੇ ਚਾਰ ਕਰੋੜ ਮੰਗਣ ਵਾਲੇ ਪੱਤਰਕਾਰ ਫਸੇ

ਗੁਰੂਗ੍ਰਾਮ, 24 ਮਾਰਚ (ਪੋਸਟ ਬਿਊਰੋ)- ਪੁਲਸ ਨੂੰ ਮਿਲੀ ਸ਼ਿਕਾਇਤ ਮੁਤਾਬਕ ਨੀਲਮ ਸਿੰਘ ਨਾਂਅ ਦੀ ਔਰਤ ਨੇ ਤਿੰਨ ਫਰਵਰੀ ਨੂੰ ਗੈਸਟ ਹਾਊਸ ਦਾ ਕਮਰਾ ਬੁੱਕ ਕੀਤਾ ਅਤੇ 28 ਫਰਵਰੀ ਤੱਕ ਲਈ ਕਮਰਾ ਨੰਬਰ 207 ਉਸ ਨੂੰ ਦਿੱਤਾ ਗਿਆ। ਬਾਅਦ ਵਿੱਚ ਨੀਲਮ ਨੇ ਕਮਰਾ ਛੱਡਣ ਤੋਂ ਨਾਂਹ ਕਰ ਦਿੱਤੀ। 19 ਮਾਰਚ ਨੂੰ ਨੀਲਮ ਨਾਲ ਪੱਤਰਕਾਰ ਰਾਮਪਾਲ ਅਤੇ ਖੁਦ ਨੂੰ ਵਕੀਲ ਦੱਸਣ ਵਾਲਾ ਉਸ ਦਾ ਸਾਥੀ ਮੁਕੇਸ਼ ਵੀ ਆ ਗਿਆ। ਦੋਸ਼ ਇਹ ਲਾਇਆ ਗਿਆ ਹੈ ਕਿ ਇਨ੍ਹਾਂ ਤਿੰਨਾਂ ਨੇ ਗੈਸਟ ਹਾਊਸ ਵਾਲੀ ਦੇ ਪਤੀ ਨੂੰ ਰੇਪ ਕੇਸ ਵਿੱਚ ਫਸਾਉਣ ਦੀ ਧਮਕੀ ਦੇ ਕੇ ਤਿੰਨ-ਚਾਰ ਕਰੋੜ 'ਚ ਫੈਸਲਾ ਕਰਨ ਦੀ ਗੱਲ ਕਹੀ। ਉਦੋਂ ਵਕੀਲ ਨੇ ਚਾਲੀ-ਪੰਜਾਹ ਲੱਖ ਰੁਪਏ ਵਿੱਚ ਫੈਸਲਾ ਕਰਾਉਣ ਦਾ ਭਰੋਸਾ ਦਿੱਤਾ। ਏਡੀ ਵੱਡੀ ਮੰਗ ਨਾਲ ਗੈਸਟ ਹਾਊਸ ਵਾਲੀ ਪਰੇਸ਼ਾਨ ਹੋ ਗਈ ਤੇ ਉਸ ਨੇ ਕਮਰਾ ਨੰਬਰ 102 ਵਿੱਚ ਫਾਂਸੀ ਲਾ ਕੇ ਜਾਨ ਦੇਣ ਦੀ ਕੋਸ਼ਿਸ਼ ਕੀਤੀ। ਕਿਸੇ ਤਰ੍ਹਾਂ ਪੁਲਸ ਨੇ ਬਚਾ ਕੇ ਉਸ ਨੂੰ ਹਸਪਤਾਲ ਪੁਚਾਇਆ ਤਾਂ ਬਲੈਕ ਮੇਲਿੰਗ ਦਾ ਭੇਦ ਖੁੱਲ੍ਹਾ।

ਜਾਂਚ ਦੌਰਾਨ ਪੁਲਸ ਨੂੰ ਪਤਾ ਲੱਗਾ ਕਿ ਦੋਸ਼ੀ ਔਰਤ ਨੀਲਮ ਦੇ ਦਿੱਲੀ ਦੇ ਰਜਿੰਦਰ ਨਗਰ ਤੇ ਗੁਰੂਗ੍ਰਾਮ ਵਿੱਚ ਡੀ ਐੱਲ ਐੱਫ ਫੇਜ਼-2 ਵਿੱਚ ਮਕਾਨ ਹਨ। ਸ਼ਿਕਾਇਤ ਮਿਲਦੇ ਸਾਰ ਪੁਲਸ ਨੇ ਨੀਲਮ ਤੇ ਰਸ਼ਪਾਲ ਨੂੰ ਗ੍ਰਿਫਤਾਰ ਕਰ ਲਿਆ। ਨੀਲਮ ਨੂੰ ਪੁਲਸ ਨੇ ਉਸੇ ਰਾਤ ਭੋਂਡਸੀ ਜੇਲ੍ਹ ਭੇਜ ਦਿੱਤਾ ਅਤੇ ਵੀਰਵਾਰ ਨੂੰ ਰਸ਼ਪਾਲ ਨੂੰ ਜੇਲ੍ਹ ਭੇਜਿਆ ਗਿਆ। ਰਸ਼ਪਾਲ ਹਿਮਾਚਲ ਦੇ ਕਾਂਗੜਾ ਦਾ ਵਾਸੀ ਹੈ। ਉਹ ਇੱਕ ਅੰਗਰੇਜ਼ੀ ਅਖਬਾਰ ਲਈ ਗੁਰੂਗ੍ਰਾਮ ਦਾ ਬਿਊਰੋ ਚੀਫ ਸੀ।

# ਆਪਣੀ ਮਿਹਨਤ 'ਤੇ ਪੂਰਾ ਭਰੋਸਾ ਹੈ : ਹਰਦੀਪ ਗਰੇਵਾਲ

...ਪੰਨਾ 1 ਦਾ ਬਾਕੀ

ਹਰਦੀਪ ਗਰੇਵਾਲ ਨੇ ਇਸ ਪ੍ਰਤੀ ਆਪਣਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਜਿਸ ਤਰ੍ਹਾਂ ਮੈਂਬਰਸ਼ਿਪ ਸਾਈਨ ਕਰਨ ਵਿਚ ਭਾਈਚਾਰੇ ਵਿਚੋਂ ਵੱਡਾ ਹੁੰਗਾਰਾ ਸਾਨੂੰ ਮਿਲਿਆ ਹੈ ਤੇ ਸਾਡੀ ਮਿਹਨਤ ਨੂੰ ਫਲ ਲੱਗਿਆ ਹੈ, ਇਸੇ ਤਰ੍ਹਾਂ ਹੀ ਭਾਈਚਾਰਾ ਬਰੈਂਪਟਨ ਸਾਊਥ ਤੋਂ ਹੁਣ ਸਾਡੇ ਵਲੋਂ ਕੀਤੀ ਜਾ ਰਹੀ ਮਿਹਨਤ ਨੂੰ ਸਫਲ ਕਰੇਗਾ ਤੇ ਵੱਡੀ ਗਿਣਤੀ ਵਿਚ ਨਿੱਕਲ ਕੇ



ਵੋਟ ਪਾਵੇਗਾ। ਹਰਦੀਪ ਗਰੇਵਾਲ ਨੇ ਦੱਸਿਆ ਕਿ ਬੈਲੇਟ ਪੇਪਰ ਉਪਰ ਮੇਰਾ ਨਾਮ ਚੌਥੇ ਨੰਬਰ ਉਤੇ ਹੋਵੇਗਾ ਅਤੇ ਗਰੇਵਾਲ ਹਰਦੀਪ ਦੇ ਨਾਲ ਬਣੇ ਖਾਨੇ ਵਿਚ 1 ਨੰਬਰ ਲਿਖ ਕੇ ਤੁਸੀਂ ਉਨ੍ਹਾਂ ਨੂੰ ਆਪਣਾ ਕੀਮਤੀ ਵੋਟ ਪਾ ਸਕਦੇ ਹੋ। ਵੋਟ ਪਾਉਣ ਲਈ ਡਰਾਇਵਿੰਗ ਲਾਈਸੰਸ, ਓਂਟਾਰੀਓ ਆਈਡੀ, ਕੈਨੇਡੀਅਨ ਪਾਸਪੋਰਟ, ਪੀਆਰ ਕਾਰਡ, ਹੈਲਥ ਕਾਰਡ ਜਾਂ ਫੇਰ ਲੈਟਰ, ਸੀਆਰਏ ਜਾਂ ਫੇਰ ਬੈਂਕ ਸਟੇਟਮੈਟ ਜਾਂ ਬਿਲ ਕੋਈ ਵੀ ਜਿਸ ਉਪਰ ਤੁਹਾਡੇ ਘਰ ਦਾ ਪਤਾ ਹੋਵੇ ਫੋਟੋ ਆਈਡੀ ਦੇ ਨਾਲ ਹੋਣਾ ਜਰੂਰੀ ਹੈ।

## ਟੈਂਕਰ ਵਿੱਚ ਵੈਲਡਿੰਗ ਕਰਦੇ ਵਕਤ ਧਮਾਕੇ ਨਾਲ ਦੋ ਦੀ ਮੌਤ

ਘਰੌਂਡਾ, 23 ਮਾਰਚ (ਪੋਸਟ ਬਿਊਰੋ)- ਹਰਿਆਣਾ ਦੇ ਇਸ ਕਸਬੇ ਦੇ ਪਿੰਡ ਕੁਤਾਨਾ ਚੌਕ ਉਤੇ ਟੈਂਕਰ ਵਿੱਚ ਵੈਲਡਿੰਗ ਕਰਦੇ ਸਮੇਂ ਭਿਆਨਕ ਧਮਾਕਾ ਹੋਣ ਨਾਲ ਦੁਕਾਨ ਵਿੱਚ ਅੱਗ ਲੱਗ ਕੇ ਪਿਤਾ ਪੁੱਤਰ ਦੀ ਮੌਤ ਹੋ ਗਈ ਤੇ ਦੋ ਜਣੇ ਝੁਲਸ ਗਏ। ਫਾਇਰ ਬ੍ਰਿਗੇਡ ਦੇ ਗੱਡੀਆਂ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ।ਪਤਾ ਲੱਗਾ ਹੈ ਕਿ ਕੱਲ੍ਹ ਦੁਪਹਿਰ ਬਾਅਦ ਕੁਤਾਨਾ ਚੌਕ ਵਿੱਚ ਸੁਰਜੀਤ ਇੰਜੀਨੀਅਰਿੰਗ ਦੀ ਦੁਕਾਨ 'ਤੇ ਮਾਲਕ ਸੁਰਜੀਤ ਤੇ ਉਸ ਦਾ ਪੁੱਤਰ ਸੋਨੂੰ ਇੰਡੀਅਨ ਆਇਲ ਰਿਫਾਇਨਰੀ ਦੇ ਇਕ ਆਇਲ ਟੈਂਕਰ ਦੀ ਰਿਪੇਅਰ ਕਰਨ ਲਈ ਵੈਲਡਿੰਗ ਕਰ ਰਹੇ ਸਨ ਤਾਂ ਟੈਂਕਰ ਨੂੰ ਲੱਗੀ ਅੱਗ ਨਾਲ ਧਮਾਕਾ ਹੋ ਕੇ ਟੈਂਕਰ ਦਾ ਪਿਛਲਾ ਹਿੱਸਾ ਫਟ ਕੇ ਕਈ ਮੀਟਰ ਦੂਰ ਜਾ ਡਿੱਗਾ। ਇਸ ਨਾਲ ਮਿਸਤਰੀ ਦੀ ਦੁਕਾਨ ਵਿੱਚ ਅੱਗ ਲੱਗ ਗਈ ਅਤੇ ਦੁਕਾਨ ਮਾਲਕ ਸੁਰਜੀਤ ਅਤੇ ਉਸ ਦੇ ਪੁੱਤਰ ਸੋਨੂੰ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਦੋ ਜਣੇ ਜ਼ਖਮੀ ਹੋ ਗਏ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-208-7011 437-219-1502

ukttc UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes Sat-Sun 8am to 4pm
Counterbalance
Kuldip Singh Grewal 647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਿਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੁਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

# ਤਿੰਨ ਵਾਰੀਆਂ ਦਾ ਮੁੱਖ ਮੰਤਰੀ ਰਮਨ ਸਿੰਘ ਭਾਜਪਾ ਨੇ ਚੋਣ-ਦੌੜ ਵਿੱਚੋਂ ਬਾਹਰ ਕੱਢਿਆ

## * ਪੁੱਤਰ ਦੀ ਟਿਕਟ ਉੱਤੇ ਵੀ ਕਾਟਾ ਮਾਰ ਦਿੱਤਾ ਗਿਆ



ਨਵੀਂ ਦਿੱਲੀ, 24 ਮਾਰਚ, (ਪੋਸਟ ਬਿਊਰੋ)- ਭਾਜਪਾ ਨੇ ਛੱਤੀਸਗੜ੍ਹ ਰਾਜ ਵਿੱਚੋਂ ਆਪਣੇ ਸਾਰੇ ਪਾਰਲੀਮੈਂਟ ਮੈਂਬਰਾਂ ਦੀ ਟਿਕਟ ਕੱਟ ਦਿੱਤੀ ਹੈ। ਇਸ ਰਾਜ ਦੇ ਤਿੰਨ ਵਾਰੀ ਦੇ ਸਾਬਕਾ ਮੁੱਖ ਮੰਤਰੀ ਰਮਨ ਸਿੰਘ ਨੂੰ ਵੀ ਚੋਣ-ਦੌੜ ਵਿੱਚੋਂ ਬਾਹਰ ਕਰ ਦਿੱਤਾ ਗਿਆ ਤੇ ਉਨ੍ਹਾਂ ਦੇ ਬੇਟੇ ਤੇ ਰਾਜਨਾਂਦਗਾਂਵ ਹਲਕੇ ਦੇ ਪਾਰਲੀਮੈਂਟ ਮੈਂਬਰ ਅਭਿਸ਼ੇਕ ਸਿੰਘ ਨੂੰ ਵੀ ਦੂਸਰੀ ਵਾਰੀ ਟਿਕਟ ਨਹੀਂ ਦਿੱਤੀ ਗਈ। ਅਭਿਸ਼ੇਕ ਦਾ ਨਾਂ ਬਹੁ-ਚਰਚਿਤ ਪਨਾਮਾ ਪੇਪਰਜ਼ ਕੇਸ ਵਿਚ ਆਇਆ ਸੀ।

ਇਸ ਤੋਂ ਪਹਿਲਾਂ ਚਰਚਾ ਸੀ ਕਿ ਭਾਜਪਾ ਸਾਬਕਾ ਮੁੱਖ ਮੰਤਰੀ ਰਮਨ ਸਿੰਘ ਨੂੰ ਲੋਕ ਸਭਾ ਚੋਣ ਟਿਕਟ ਦੇ ਸਕਦੀ ਹੈ, ਪਰ ਉਮੀਦਵਾਰਾਂ ਦੀ ਪੂਰੀ ਲਿਸਟ ਆਈ ਤਾਂ ਚਰਚਾ ਉੱਤੇ ਰੋਕ ਲੱਗ ਗਈ। ਭਾਜਪਾ ਦੀ ਨਵੀਂ ਸੂਚੀ ਵਿਚ ਕਿਸੇ ਵੀ ਪੁਰਾਣੇ ਪਾਰਲੀਮੈਂਟ ਮੈਂਬਰ ਦਾ ਨਾਂਅ ਨਹੀਂ ਹੈ। ਭਾਜਪਾ ਨੇ ਛੱਤੀਸਗੜ੍ਹ ਦੀਆਂ 6 ਲੋਕ ਸਭਾ ਸੀਟਾਂ ਕੋਰਬਾ, ਬਿਲਾਸਪੁਰ, ਰਾਜਨਾਂਦਗਾਂਵ, ਦੁਰਗ, ਰਾਏਪੁਰ ਅਤੇ ਮਹਾਸਮੁੰਦ ਲਈ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਇਸ ਦੌਰਾਨ ਕੋਰਬਾ ਤੋਂ ਮੌਜੂਦਾ ਪਾਰਲੀਮੈਂਟ ਮੈਂਬਰ ਡਾ. ਵੰਸ਼ੀ ਲਾਲ ਮਹਿਤੋ ਦੀ ਥਾਂ ਜੋਤੀਨੰਦ ਦੂਬੇ ਨੂੰ, ਬਿਲਾਸਪੁਰ ਤੋਂ ਲਖਨ ਲਾਲ ਸਾਹੂ ਦੀ ਥਾਂ ਅਰੁਣ ਸਾਬ ਨੂੰ, ਰਾਜਨਾਂਦਗਾਂਵ ਤੋਂ ਅਭਿਸ਼ੇਕ ਸਿੰਘ ਦੀ ਜਗ੍ਹਾ ਸੰਤੋਸ਼ ਪਾਂਡੇ, ਰਾਏਪੁਰ ਸੀਟ ਤੋਂ ਰਮੇਸ਼ ਵੈਸ਼ਯਾ ਦੀ ਜਗ੍ਹਾ ਸੁਨੀਲ ਸੋਨੀ ਨੂੰ, ਮਹਾਸਮੁੰਦ ਤੋਂ ਚੰਦੂ ਲਾਲ ਦੀ ਥਾਂ ਚੁੰਨੀ ਲਾਲ ਸਾਹੂ ਤੇ ਦੁਰਗ ਤੋਂ ਵਿਜੇ ਬਘੇਲ ਨੂੰ ਟਿਕਟ ਦਿੱਤੀ ਹੈ।

ਦੂਸਰੇ ਪਾਸੇ ਕਾਂਗਰਸ ਪਾਰਟੀ ਨੇ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਨਵੀਂ ਸੂਚੀ ਜਾਰੀ ਕੀਤੀ ਤਾਂ ਇਸ ਵਿਚ 10 ਉਮੀਦਵਾਰਾਂ ਦੇ ਨਾਂਪਾਏ ਹਨ, ਪਰ ਹੈਰਾਨ ਕਰਨ ਵਾਲਾ ਨਾਂ ਤਾਮਿਲ ਨਾਡੂ ਦੇ ਸ਼ਿਵਗੰਗਾ ਹਲਕੇ ਤੋਂ ਸਾਬਕਾ ਕੇਂਦਰੀ ਮੰਤਰੀ ਪੀ ਚਿਦੰਬਰਮ ਦੇ ਪੁੱਤਰ ਕਾਰਤੀ ਚਿਦਾਂਬਰਮ ਦਾ ਹੈ। ਕਾਂਗਰਸ ਦੇ ਪ੍ਰਮੁੱਖ ਨੇਤਾ ਪੀ. ਚਿਦਾਂਬਰਮ ਦੇ ਬੇਟੇ ਕਾਰਤੀ ਚਿਦਾਂਬਰਮ ਆਈ ਐੱਨ ਐਕਸ ਮੀਡੀਆ ਮਨੀ ਲਾਂਡਰਿੰਗ ਕੇਸ ਸਮੇਤ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਅਦਾਲਤ ਨੂੰ ਭੁਗਤਦੇ ਪਏ ਹਨ। ਓਧਰ ਬਿਹਾਰ ਵਿੱਚ ਕਟੀਹਾਰ ਸੀਟ ਤੋਂ ਤਾਰਿਕ ਅਨਵਰ, ਬੈਂਗਲੂਰ ਦੱਖਣੀ ਸੀਟ ਤੋਂ ਬੀ ਕੇ ਹਰੀ ਪ੍ਰਸਾਦ, ਮਹਾਰਾਸ਼ਟਰ ਦੀ ਚੰਦਰਪੁਰ ਸੀਟ ਤੋਂ ਸੁਰੇਸ਼ ਘਨੋਰਕਰ ਨੂੰ ਟਿਕਟ ਮਿਲੀ ਹੈ।


# ਚੀਫ ਖਾਲਸਾ ਦੀਵਾਨ ਵਿੱਚੋਂ ਚਰਨਜੀਤ ਚੱਢਾ ਦੀਆਂ ਫੋਟੋ ਲਾਹੁਣ ਦਾ ਫੈਸਲਾ

ਅੰਮ੍ਰਿਤਸਰ, 24 ਮਾਰਚ, (ਪੋਸਟ ਬਿਊਰੋ)- ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਹੇਠਲੇ ਸਾਰੇ ਸਕੂਲਾਂ, ਕਾਲਜਾਂ ਤੇ ਹੋਰ ਅਦਾਰਿਆਂ ਵਿੱਚੋਂ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੀਆਂ ਤਸਵੀਰਾਂ ਲਾਹੁਣ ਦਾ ਫ਼ੈਸਲਾ ਜਨਰਲ ਹਾਊਸ ਵਿਚ ਸੁਰਜੀਤ ਸਿੰਘ ਸੀ ਏ ਵੱਲੋਂ ਪੇਸ਼ ਕੀਤੇ ਸੁਝਾਅ ਉੱਤੇ ਸਰਬਸੰਮਤੀ ਨਾਲ ਕਰ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਦਸੰਬਰ 2017 ਵਿਚ ਚੀਫ ਖਾਲਸਾ ਦੀਵਾਨ ਦੇ ਇੱਕ ਵਿਦਿਅਕ ਅਦਾਰੇ ਦੀ ਪ੍ਰਿੰਸੀਪਲ ਦੇ ਨਾਲ ਇਤਰਾਜ਼ਯੋਗ ਵੀਡੀਓ ਵਾਇਰਲ ਹੋਣ ਪਿੱਛੋਂ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਨੂੰ ਪ੍ਰਧਾਨਗੀ ਅਤੇ ਮੁੱਢਲੀ ਮੈਂਬਰਸ਼ਿਪ ਤੋਂਭਾਵੇਂ ਕੱਢ ਦਿੱਤਾ ਗਿਆ ਸੀ, ਪਰ ਇਸ ਘਟਨਾ ਨੂੰ ਸ਼ਰਮਨਾਕ ਕਰਾਰ ਦਿੰਦੇ ਹੋਏ ਦੀਵਾਨ ਵਿਚ ਚਰਚਾ ਦਾ ਵਿਸ਼ਾ ਅਜੇ ਤੱਕ ਮੰਨਿਆ ਜਾਂਦਾ ਹੈ। ਇਸ ਘਟਨਾ ਬਾਰੇ ਬਜਟ ਇਜਲਾਸ ਵਿਚ ਜਨਰਲ ਹਾਊਸ ਸਾਹਮਣੇ ਦੀਵਾਨ ਦੇ ਮੈਂਬਰ ਸੁਰਜੀਤ ਸਿੰਘ ਸੀਏ ਨੇ ਦੀਵਾਨ ਦੇ ਅਕਸ ਨੂੰ ਢਾਹ ਲਾਉਣ ਵਾਲੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੀਆਂ ਦੀਵਾਨ ਦੇ ਸਭ ਅਦਾਰਿਆਂ ਵਿੱਚੋਂ ਤਸਵੀਰਾਂ ਲਾਹੁਣ ਦਾ ਸੁਝਾਅ ਪੇਸ਼ ਕੀਤਾ, ਜਿਸ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਇਸ ਦੇ ਨਾਲ ਇਸਤਰੀ ਮੁਲਾਜ਼ਮਾਂ ਲਈ ਕਮੇਟੀ ਬਣਾਉਣਨੂੰ ਕਿਹਾ ਗਿਆ ਤਾਂ ਜੋ ਕਿਸੇ ਔਰਤ ਮੁਲਾਜ਼ਮ ਨੇ ਸ਼ਿਕਾਇਤ ਕਰਨੀ ਹੋਵੇ ਤਾਂ ਗੁਪਤ ਢੰਗ ਨਾਲ ਹੋ ਸਕੇ। ਪ੍ਰਧਾਨ ਨਿਰਮਲ ਸਿੰਘ ਨੇ ਕਿਹਾ ਕਿ ਕਮੇਟੀ ਪਹਿਲਾਂ ਹੀ ਇਸ ਪਾਸੇ ਕੰਮ ਕਰ ਰਹੀ ਹੈ, ਜਿਸ ਦਾ ਹੋਰ ਵਿਸਥਾਰ ਕੀਤਾ ਜਾਵੇਗਾ।

# ਫ਼ਤਹਿਗੜ੍ਹ ਸਾਹਿਬ, ਜਲੰਧਰ ਤੇ ਗੁਰਦਾਸਪੁਰ ਵਾਸਤੇ ਆਪ ਪਾਰਟੀ ਨੇ ਉਮੀਦਵਾਰ ਐਲਾਨੇ





ਚੰਡੀਗੜ੍ਹ, 24 ਮਾਰਚ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਪੰਜਾਬ ਦੀ ਸੂਬਾ ਕੋਰ ਕਮੇਟੀ ਦੇ ਮੁਖੀ ਪ੍ਰਿੰਸੀਪਲ ਬੁੱਧ ਰਾਮ ਤੇ ਸੂਬਾ ਪ੍ਰਧਾਨ ਭਗਵੰਤ ਮਾਨ ਦੀ ਅਗਵਾਈ ਹੇਠ ਕੋਰ ਕਮੇਟੀ ਮੀਟਿੰਗ ਦੌਰਾਨ ਲੋਕ ਸਭਾ ਚੋਣਾਂ ਦੇ ਉਮੀਦਵਾਰਾਂ ਬਾਰੇ ਵਿਚਾਰ ਕਰਨ ਪਿੱਛੋਂ ਤਿੰਨ ਹਲਕਿਆਂ ਤੋਂ ਉਮੀਦਵਾਰ ਐਲਾਨ ਕੀਤੇ ਗਏ ਹਨ।

ਪ੍ਰਿੰਸੀਪਲ ਬੁੱਧ ਰਾਮ ਨੇ ਦੱਸਿਆ ਕਿ ਕੋਰ ਕਮੇਟੀ ਮੀਟਿੰਗ ਵਿਚ ਫ਼ਤਿਹਗੜ੍ਹ ਸਾਹਿਬ, ਜਲੰਧਰ ਤੇ ਗੁਰਦਾਸਪੁਰ ਲਈ ਉਮੀਦਵਾਰਾਂ ਦੀ ਚੋਣ ਕੀਤੀ ਗਈ ਹੈ।ਫ਼ਤਿਹਗੜ੍ਹ ਸਾਹਿਬ ਤੋਂ ਬਲਜਿੰਦਰ ਸਿੰਘ ਚੌਂਦਾ, ਜਲੰਧਰ ਲਈ ਜਸਟਿਸ ਜ਼ੋਰਾ ਸਿੰਘ ਤੇ ਗੁਰਦਾਸਪੁਰ ਤੋਂ ਪੀਟਰ ਮਸੀਹ ਚੀਦਾ ਆਮ ਆਦਮੀ ਪਾਰਟੀ ਵੱਲੋਂ ਚੋਣ ਲੜਨਗੇ। ਫ਼ਤਿਹਗੜ੍ਹ ਸਾਹਿਬ ਤੋਂ ਐਲਾਨੇ ਉਮੀਦਵਾਰ ਬਲਜਿੰਦਰ ਸਿੰਘ ਚੌਂਦਾ 2014 ਤੋਂਆਮ ਆਦਮੀ ਪਾਰਟੀ ਲਈ ਵਲੰਟੀਅਰ ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਦੇ ਦਾਦਾ ਜੀ ਨੇ ਧਰਮ ਸੁਧਾਰ ਅੰਦੋਲਨ ਵੇਲੇ ਜੈਤੋ ਮੋਰਚੇ ਵਿਚ ਸਾਥੀਆਂ ਸਮੇਤ ਜੇਲ੍ਹ ਕੱਟੀ ਸੀ। ਚੌਂਦਾ ਇਸ ਸਮੇਂ ਖੰਨਾ, ਸਾਹਨੇਵਾਲ ਤੇ ਸਮਰਾਲਾ ਹਲਕਿਆਂ ਦੇ ਅਬਜ਼ਰਵਰ ਦਾ ਕੰਮ ਕਰਨ ਦੇ ਨਾਲ ਖੰਨਾ, ਸਮਰਾਲਾ ਤੇ ਸਾਹਨੇਵਾਲ ਦੇ ਐਸ ਸੀ ਵਿੰਗ ਦੇ ਇੰਚਾਰਜ ਵੀ ਹਨ।

ਜਲੰਧਰ ਤੋਂ ਉਮੀਦਵਾਰ ਬਣਾਏ ਗਏ ਜਸਟਿਸ ਜ਼ੋਰਾ ਸਿੰਘ ਪਿਛਲੇ ਸਮੇਂ ਦੌਰਾਨ ਨਿਆਂ ਪਾਲਿਕਾ ਵਿਚ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰ ਚੁੱਕੇ ਹਨ।ਉਹ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਜੱਜ ਵਜੋਂ ਸੇਵਾ ਦੇ ਚੁੱਕੇ ਹਨ ਅਤੇ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਲਈ ਬਣਾਈ ਗਈ ਕਮੇਟੀ ਦੇ ਚੇਅਰਮੈਨ ਸਨ। ਉਨ੍ਹਾਂ ਨੇ ਇਸ ਕੇਸ ਵਿਚ ਤੱਥਾਂ ਦੇ ਆਧਾਰ ਉੱਤੇ ਰਿਪੋਰਟ ਪੇਸ਼ ਕੀਤੀ ਸੀ, ਜਿਹੜੀ ਅਕਾਲੀ-ਭਾਜਪਾ ਸਰਕਾਰ ਨੂੰ ਰਾਸ ਨਹੀਂ ਸੀ ਆਈ।

ਗੁਰਦਾਸਪੁਰ ਤੋਂ ਉਮੀਦਵਾਰ ਬਣਾਏ ਗਏ ਪੀਟਰ ਮਸੀਹ ਚੀਦਾ ਇਸ ਸਮੇਂ ਹਲਕਾ ਫ਼ਤਿਹਗੜ ਚੂੜੀਆਂ ਦੇ ਆਮ ਆਦਮੀ ਪਾਰਟੀ ਦੇ ਇੰਚਾਰਜ ਹਨ।ਉਹ ਗੁਰਦਾਸਪੁਰ ਖੇਤਰ ਵਿਚ ਸਿੱਖਿਆ ਖੇਤਰ ਵਿਚ ਲੰਬੇ ਸਮੇਂ ਤੋਂ ਕੰਮ ਕਰਦੇ ਆ ਰਹੇ ਹਨ। ਇਨ੍ਹਾਂ ਤਿੰਨਾਂਤੋਂ ਪਹਿਲਾਂ ਆਮ ਆਦਮੀ ਪਾਰਟੀ ਸੰਗਰੂਰ ਤੋਂ ਭਗਵੰਤ ਮਾਨ, ਫਰੀਦਕੋਟ ਤੋਂ ਪ੍ਰੋ. ਸਾਧੂ ਸਿੰਘ, ਅੰਮ੍ਰਿਤਸਰ ਤੋਂ ਕੁਲਦੀਪ ਸਿੰਘ ਧਾਲੀਵਾਲ, ਹੁਸ਼ਿਆਰਪੁਰ ਤੋਂ ਡਾ. ਰਵਜੋਤ ਸਿੰਘ ਅਤੇ ਆਨੰਦਪੁਰ ਸਾਹਿਬ ਤੋਂ ਨਰਿੰਦਰ ਸਿੰਘ ਸ਼ੇਰਗਿੱਲ ਨੂੰ ਅਪਣੇ ਉਮੀਦਵਾਰ ਐਲਾਨ ਕਰ ਚੁੱਕੀ ਹੈ।

## ਸ਼ੋਕ ਸਮਾਚਾਰ

### ਸ਼੍ਰੀਮਤੀ ਸਵਰਨਜੀਤ ਕੌਰ ਬਸਰਾ ਸਵਰਗਵਾਸ



ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਜਾਂਦਾ ਹੈ ਕਿ ਸ੍ਰੀਮਤੀ ਸਵਰਨਜੀਤ ਕੌਰ ਬਸਰਾ 24 ਮਾਰਚ ਦਿਨ ਐਤਵਾਰ ਦੀ ਸਵੇਰ ਨੂੰ ਅਚਾਨਕ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਅੰਤਮ ਸੰਸਕਾਰ 26 ਮਾਰਚ, ਦਿਨ ਮੰਗਲਵਾਰ ਨੂੰ 30 Bramwin Court, Brampton, Ontario, L6T 5G2 ਵਿਖੇ ਦੁਪਹਿਰ 12 ਵਜੇ ਤੋ 2 ਵਜੇ ਤੱਕ ਅਤੇ ਅੰਤਮ ਅਰਦਾਸ ਦੁਪਹਿਰ 2 ਵਜੇ ਕੀਤੇ ਜਾ ਰਹੇ ਹਨ। ਵਧੇਰੇ ਜਾਣਕਾਰੀ ਲਈ ਜਸਬੀਰ ਸਿੰਘ ਬਸਰਾ ਨਾਲ 647-853-2294 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਮੇਸ਼ ਸਿੰਘ ਆਸਟ੍ਰੇਲੀਆ ਦੇ ਪਹਿਲੇ ਸਿੱਖ ਪਾਰਲੀਮੈਂਟ ਮੈਂਬਰ ਬਣੇ



ਸਿਡਨੀ, 24 ਮਾਰਚ, (ਪੋਸਟ ਬਿਊਰੋ)- ਆਸਟ੍ਰੇਲੀਆ ਵਿੱਚ ਪੰਜਾਬੀਆਂ ਦੀ ਚੌਥੀ ਪੀੜ੍ਹੀ ਨੂੰ ਪਹਿਲਾ ਸਿੱਖ ਪਾਰਲੀਮੈਂਟ ਮੈਂਬਰ ਮਿਲ ਗਿਆ ਹੈ। ਏਥੋਂ ਦੀਆਂ ਪਾਰਲੀਮੈਂਟ ਚੋਣਾਂ ਵਿਚ ਨਿਊ ਸਾਊਥ ਵੇਲਜ਼ਤੋਂ ਗੁਰਮੇਸ਼ ਸਿੰਘ ਦੀ ਸ਼ਾਨਦਾਰ ਜਿੱਤ ਹੋਈ ਹੈ। ਗੁਰਮੇਸ਼ ਸਿੰਘ ਪਿੱਛੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੇ ਪਿੰਡ ਭੰਗਲਾਂ ਦੇ ਵਸਨੀਕ ਹਨ।


ਮਿਲੀ ਸੂਚਨਾ ਅਨੁਸਾਰ ਆਸਟ੍ਰੇਲੀਆ ਦੀ ਨੈਸ਼ਨਲ ਪਾਰਟੀ ਨੇ 28 ਸਾਲ ਪਾਰਲੀਮੈਂਟ ਮੈਂਬਰ ਰਹਿ ਚੁੱਕੇ ਐਂਡਰੀਊ ਫ੍ਰੇਜ਼ਰ ਤੋਂ ਬਾਅਦ ਗੁਰਮੇਸ਼ ਸਿੰਘ ਨੂੰ ਸਾਊਥ ਵੇਲਜ਼ ਸੀਟ ਤੋਂਚੋਣ ਲਈ ਖੜਾ ਕੀਤਾ ਸੀ। ਇਸ ਦੌਰਾਨ ਕੁੱਲ 41,581 ਵੋਟਾਂ ਪਈਆਂ, ਜਿਨ੍ਹਾਂ ਵਿੱਚੋਂ ਗੁਰਮੇਸ਼ ਸਿੰਘ 18,172 ਵੋਟਾਂ ਪਈਆਂ, ਬਾਕੀ ਵੋਟਾਂ ਸੱਤ ਹੋਰ ਉਮੀਦਵਾਰਾਂ ਵਿਚ ਵੰਡੀਆਂ ਗਈਆਂ। ਐਂਡਰੀਊ ਦੇ ਰਾਜਨੀਤੀ ਤੋਂ ਸੰਨਿਆਸ ਲੈਣ ਤੋਂ ਬਾਅਦ ਇਸ ਸੀਟ ਤੋਂ ਗੁਰਮੇਸ਼ ਸਿੰਘ ਨੂੰ ਚੋਣ ਲੜਾਈ ਗਈ ਸੀ, ਜਿਸ ਵਿੱਚ ਉਹ ਕਾਮਯਾਬ ਰਹੇ ਹਨ।

ਇਸ ਮੌਕੇ ਗੁਰਮੇਸ਼ ਸਿੰਘ ਨੇ ਕਿਹਾ ਕਿ ਉਹ ਆਪਣੇ ਤੋਂ ਪਹਿਲਾਂ ਵਾਲੇ ਆਪਣੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਐਂਡਰੀਊ ਦੇ ਨਕਸ਼ੇ ਕਦਮ ਉੱਤੇ ਚੱਲ ਕੇ ਇਲਾਕੇ ਦਾ ਵਿਕਾਸ ਕਰਾਉਣਗੇ। ਗੁਰਮੇਸ਼ ਸਿੰਘ ਓਜ਼ ਕੋਆਪਰੇਟਿਵ ਗਰੁੱਪ ਦੇ ਪ੍ਰਧਾਨ ਹਨ। ਇਹ ਗਰੁੱਪ ਆਸਟ੍ਰੇਲੀਆ ਵਿੱਚ ਬਲੂਬੇਰੀ ਉਗਾਉਣ ਵਾਲੇ ਸਿੱਖ ਕਿਸਾਨਾਂ ਦਾ ਸੰਗਠਨ ਹੈ ਤੇ ਆਸਟ੍ਰੇਲੀਆ 'ਚ ਬਲੂਬੇਰੀ ਦੇ ਸਭ ਤੋਂ ਵੱਡੇ ਸਪਲਾਈਕਰਤਾਵਾਂ ਵਿੱਚੋਂ ਹੈ।

ਗੁਰਮੇਸ਼ ਸਿੰਘ ਦਾ ਪਿਛੋਕੜ ਪੰਜਾਬ ਦੇ ਜ਼ਿਲ੍ਹਾ ਨਵਾਂਸ਼ਹਿਰ ਨਾਲ ਸਬੰਧਤ ਹੈ। ਉਨ੍ਹਾਂ ਦੀ ਚੌਥੀ ਪੀੜ੍ਹੀ ਆਸਟ੍ਰੇਲੀਆ ਵਿੱਚ ਨਾਗਰਿਕ ਵਜੋਂ ਰਹਿੰਦੀ ਹੈ। ਸਭ ਤੋਂ ਪਹਿਲਾਂ ਉਨ੍ਹਾਂ ਦੇ ਦਾਦਾ ਬੇਲਾ ਸਿੰਘ 1890 ਦੇ ਦਹਾਕੇ ਵਿੱਚ ਆਸਟ੍ਰੇਲੀਆ ਆਏ ਅਤੇ 1940 ਤੋਂ ਉਨ੍ਹਾਂ ਦਾ ਪਰਿਵਾਰ ਕੌਫਸ ਹਾਰਬਰ ਵਿਖੇ ਰਹਿ ਰਿਹਾ ਹੈ।

# ਵਾਹਨਾਂ ਦੀਆਂ ਪ੍ਰਾਈਵੇਟ ਨੰਬਰ ਪਲੇਟਾਂ ਉਤੇ ਲਿਖੇ ਸ਼ਬਦਾਂ ਦੀ ਪੜਚੋਲ ਕਰਨ ਦਾ ਸਮਾਂ- ਪੰਜਾਬੀ ਅਨੁਵਾਦ ਬਣ ਸਕਦੈ ਵਿਵਾਦ

-ਹਰਜਿੰਦਰ ਸਿੰਘ ਬਸਿਆਲਾ-




ਔਕਲੈਂਡ, 24 ਮਾਰਚ-ਬਾਹਰਲੇ ਮੁਲਕਾਂ ਦੀ ਆਜ਼ਾਦੀ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਜੋ ਮਰਜ਼ੀ ਕਰੀ ਜਾਓ ਅਤੇ ਆਪਣੀ ਭਾਸ਼ਾ ਦਾ ਇਨ-ਬਿਨ ਪ੍ਰਯੋਗ ਕਰਕੇ ਦੂਜਿਆਂ ਨੂੰ ਸ਼ਬਦਾਂ ਦਾ ਭੁਲੇਖਾ ਪਾਓ। ਅੱਜਕਲ੍ਹ ਸੜਕਾਂ ਦੇ ਉਤੇ ਚਲਦੇ ਬਹੁਤ ਸਾਰੇ ਵਾਹਨਾਂ ਦੀਆਂ ਨੰਬਰ ਪਲੇਟਾਂ ਅਜਿਹੀਆਂ ਵੇਖਣ ਨੂੰ ਮਿਲਦੀਆਂ ਹਨ ਜਿਨ੍ਹਾਂ ਬਾਰੇ ਪਹਿਲੀ ਗੱਲ ਦਿਮਾਗ ਦੇ ਵਿਚ ਇਹ ਆਉਂਦੀ ਹੈ ਕਿ ਜੇਕਰ ਇਸ ਨੰਬਰ ਪਲੇਟ ਦਾ ਤਰਜ਼ਮਾ ਅੰਗਰੇਜੀ ਦੇ ਵਿਚ ਕਰਕੇ ਕਿਸੇ ਨੇ ਪੁਲਿਸ ਜਾਂ ਸਬੰਧਿਤ ਮਹਿਕਮੇ ਨੂੰ ਦੱਸ ਦਿੱਤਾ ਤਾਂ ਉਸਦਾ ਕੀ ਪੂਰੀ ਕਮਿਊਨਿਟੀ ਉਤੇ ਕੀ ਅਸਰ ਪਵੇਗਾ। ਕਈ ਨੰਬਰ ਪਲੇਟਾਂ ਤਾਂ ਅਜਿਹੀਆਂ ਹਨ ਉਹ ਮਾਲਕ ਆਪਣੇ ਆਪ ਨੂੰ ਇਹ ਦੱਸਦੇ ਹਨ ਕਿ ਉਹ ਤਾਂ ਬਹੁਤ ਬੇਡਰ, ਬਹਾਦਰ, ਸੂਰਮੇ ਅਤੇ ਖੂੰਖਾਰ ਕਿਸਮ ਦੇ ਹਨ। ਦੇਸ਼ ਅੱਤਵਾਦ ਦੇ ਨਾਲ ਲੜ ਰਿਹਾ ਹੈ ਪਰ ਸਾਡੇ ਪੰਜਾਬੀਆਂ ਦੀਆਂ ਕਈ ਨੰਬਰ ਪਲੇਟਾਂ ਇਸ ਦਾ ਤਰਜ਼ਮਾ ਕਰਦੀਆਂ ਹਨ ਉਹ ਇਸ ਕਾਰ ਦੇ ਵਿਚ ਜਾ ਰਹੇ ਹਨ। ਕਈ ਨੰਬਰ ਪਲੇਟਾਂ ਤਾਂ ਅਜਿਹੀਆਂ ਹਨ ਜਿਹੜੀ ਦਸਦੀਆਂ ਹਨ ਕਿ ਉਸ ਨਾਲ ਪੰਗਾ ਨਾ ਲਿਓ ਨਹੀਂ ਤਾਂ.... ਕਈ ਨੰਬਰ ਪਲੇਟਾਂ ਤਾਂ ਐਨੀ ਚਿੜ ਦਿੰਦੀਆਂ ਹਨ ਕਿ ਲਗਦਾ ਹੈ ਕਿ ਇਕ ਦਿਨ ਇਹੀ ਨੰਬਰ ਪਲੇਟ ਪੂਰੇ ਭਾਰਤੀ ਭਾਈਚਾਰੇ ਨੂੰ ਸ਼ਰਮਸ਼ਾਰ ਕਰੇਗੀ ਜਦੋਂ ਇਸਦਾ ਤਰਜ਼ਮਾ ਕਰਕੇ ਵਿਭਾਗ ਕੋਲ ਪਹੁੰਚਿਆ। ਕਈ ਆਸ਼ਕੀ ਨੁਮਾ ਪਲੇਟਾਂ ਵੀ ਵੇਖਣ ਨੂੰ ਮਿਲਦੀਆਂ ਹਨ। ਕਈ ਗੱਡੀਆਂ ਦੇ ਉਤੇ ਹਥਿਆਰਾਂ ਅਤੇ ਤਲਵਾਰਾਂ ਦੀ ਤਸਵੀਰ ਵੀ ਵੇਖਣ ਨੂੰ ਮਿਲਦੀ ਹੈ ਅਤੇ ਕਈ ਲੋਕ ਆਪਣੇ ਆਪ ਨੂੰ ਵੱਡੇ ਲੜਾਕੂ ਵੀ ਸਾਬਿਤ ਕਰਨ 'ਤੇ ਲੱਗੇ ਹੋਏ ਹਨ। ਮੈਂ ਅੱਜ ਬਹੁਤ ਸਾਰੀਆਂ ਨੰਬਰ ਪਲੇਟਾਂ ਬਾਰੇ ਜਦੋਂ ਸਰਚ ਕੀਤੀ ਤਾਂ ਸਾਰੀਆਂ ਪਲੇਟਾਂ ਪਹਿਲਾਂ ਹੀ ਵਿਕੀਆਂ ਹੋਈਆਂ ਹਨ। ਮੈਂ ਇਥੇ ਕਿਸੇ ਵੀ ਨੰਬਰ ਪਲੇਟ ਦਾ ਨਾਂਅ ਨਹੀਂ ਲਿਖ ਰਿਹਾ ਹੋ ਸਕਦਾ ਹੈ ਪ੍ਰਾਈਵੇਸੀ ਦਾ ਮਸਲਾ ਪੈਦਾ ਹੋ ਜਾਵੇ ਪਰ ਲੋਕਾਂ ਨੂੰ ਸਭ ਪਤਾ ਹੈ ਕਿ ਕਿਸ-ਕਿਸ ਤਰ੍ਹਾਂ ਦੀਆਂ ਨੰਬਰ ਪਲੇਟਾਂ ਇਥੇ ਲੱਗੀਆਂ ਮਿਲਦੀਆਂ ਹਨ। ਕੀਵੀ ਪਲੇਟਸ ਦੀ ਵੈਬਸਾਈਟ ਉਤੇ ਜਾਂ ਕਾਰ ਜਾਮ ਵੈਬਸਾਈਟ ਉਤੇ ਸਾਰਾ ਕੁਝ ਚੈਕ ਕੀਤਾ ਜਾ ਸਕਦਾ ਹੈ। ਕਈ ਲੋਕਾਂ ਨੇ ਤਾਂ ਇਹ ਵੀ ਕਿਹਾ ਹੈ ਕਿ ਸਿੱਖ ਭਾਈਚਾਰੇ ਨੂੰ ਨਗਰ ਕੀਰਤਨ ਦੌਰਾਨ ਨੰਗੀਆਂ ਕਿਰਪਾਨਾਂ ਲੈ ਕੇ ਗਤਕੇ ਦੇ ਜੌਹਰ ਵਿਖਾਉਣ ਉਤੇ ਵੀ ਵਿਚਾਰ ਕਰਨੀ ਚਾਹੀਦੀ ਹੈ।

ਦੇਸ਼ ਹਥਿਆਰਾਂ ਦੀ ਰੋਕਥਾਮ ਉਤੇ ਕੰਮ ਕਰ ਰਿਹਾ ਹੈ, ਅੱਤਵਾਦ ਦੇ ਨਾਲ ਦੋ ਹੱਥ ਹੋ ਰਿਹਾ ਹੈ, ਹਰ ਇਕ ਨੂੰ ਬਰਾਬਰਤਾ ਦੇ ਰਿਹਾ ਹੈ, ਹਰ ਧਰਮ ਦਾ ਸਤਿਕਾਰ ਕਰ ਰਿਹਾ ਹੈ ਪਰ ਅਸੀਂ ਕਿਤੇ ਨਾ ਕਿਤੇ ਆਪਣੇ ਆਪ ਲਈ ਫੋਕੀ ਵਾਹ-ਵਾਹ ਪਿੱਛੇ ਪਏ ਲਗਦੇ ਹਾਂ। ਚੰਗਾ ਹੋਵੇ ਜੇਕਰ ਇਸ ਸੁੰਦਰ ਦੇਸ਼ ਦੇ ਵਿਚ ਲੋਕਾਂ ਦੀ ਖਿੜੀ ਫੁੱਲਵਾੜੀ ਦੇ ਵਿਚ ਚਮੇਲੀ ਜਾਂ ਕਮਲ ਦਾ ਫੁੱਲ ਬਣ ਕੇ ਰਹੀਏ।

ਸੱਚ ਜਾਣਿਓ ਜਦੋਂ ਤੁਸੀਂ ਇਥੇ ਪੱਕੇ ਹੁੰਦੇ ਹੋ ਤਾਂ ਦੇਸ਼ ਤੁਹਾਨੂੰ ਗੋਦ ਲੈਂਦਾ ਹੈ ਅਤੇ ਜਦੋਂ ਨਾਗਰਿਕਤਾ ਲੈਂਦੇ ਹੋ ਤਾਂ ਦੇਸ਼ ਤੁਹਾਡੀ ਗੋਦ ਵਿਚ ਹੁੰਦਾ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

"Quality is our strength."

SKYDOME GROUP OF COMPANIES

MINISTRY APPROVED SALVAGE INSPECTION STATION

WE DEAL WITH ALL INSURANCE COMPANIES

Body Centre

Daljit Singh

308 Rutherford Road Brampton

905-874-9878

Skydome Emission & Allignment Centre Inc.

210 Rutherford Rd., Brampton

905-450-9878

WE SELL QUALITY USED CARS

STAFFORD TRUCK CENTRE

30 Stafford Dr., Brampton, Tel: 905-460-1414

HEAD OFFICE: 905-874-9878

Toll Free: 1-877-799-9878, www.skydomeauto.ca

Paramjit Deol Broker CELL: 416-993-7378

7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

Your neighborhood broker, Call Paramjit Deol Today

TORONTO $6.99/Sq Ft — 22 Arrow Rd 1: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

Chatham-Kent $85,000 — 2 Chittim Rd 408 : Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

TORONTO $140,000 — 45 Four Winds Dr : Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

BRAMPTON $169,900 — Photo Not Available — 537 Van Kirk Dr 110 : Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

BRAMPTON $195,900 — Photo Not Available — 2070 Steeles Ave 18: Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.

BRAMPTON $199,900 — Photo Not Available — 8770 The Gore Rd 6 : Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.

BRAMPTON $199,000 — 25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

BRAMPTON $369,000 — 15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

TORONTO $309,000 — 320 Dixon Rd 1715: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

BRAMPTON $349,000 — SUBWAY eat fresh. — 3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

BRAMPTON $449,000 — 315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

MISSISSAUGA $469,000 — Photo Not Available — 349 Rathburn Rd W 1601: First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

BRAMPTON $469,000 — Photo Not Available — 537 Van Kirk Dr 110: For sale Please call 905-405-8484

BRANTFORD $525,000 — 118&120 Morrell St: Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.

MISSISSAUGA $629,000 — Photo Not Available — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $779,000 — 9 Loftsmoor Dr: Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See

*Canadian punjabi post assumes no responsibility for the accuracy of any information shown. Copyright Ppost 2019

## ਬ੍ਰਿਟੇਨ ਦੇ ਏਸ਼ੀਆਈ ਧਨ ਕੁਬੇਰਾਂ ਵਿਚਾਲੇ ਹਿੰਦੂਜਾ ਪਰਿਵਾਰ ਫਿਰ ਨੰਬਰ ਵੰਨ



ਲੰਡਨ, 24 ਮਾਰਚ (ਪੋਸਟ ਬਿਊਰੋ)- ਲੰਡਨ ਦੇ ਦਿੱਗਜ ਐੱਨ ਆਰ ਆਈ ਕਾਰੋਬਾਰੀਆਂ ਵਿੱਚੋਂ ਹਿੰਦੂਜਾ ਪਰਵਾਰ ਨੇ ਏਸ਼ੀਅਨ ਰਿਚ ਲਿਸਟ 2019 ਵਿੱਚ ਆਪਣੀ ਪਹਿਲਾ ਥਾਂ ਲਗਾਤਾਰ ਛੇਵੇਂ ਸਾਲ ਕਾਇਮ ਰੱਖਿਆ ਹੈ। ਹਿੰਦੂਜਾ ਪਰਵਾਰ ਦੀ ਜਾਇਦਾਦ ਇਸ ਸਾਲ 25.2 ਅਰਬ ਪੌਂਡ (ਨੱਬੇ ਰੁਪਏ ਪ੍ਰਤੀ ਪੌਂਡ ਦੇ ਹਿਸਾਬ ਲਗਭਗ 2.26 ਲੱਖ ਕਰੋੜ ਰੁਪਏ) ਬਣੀ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਇਸ ਜਾਇਦਾਦ ਵਿੱਚ ਕਰੀਬ ਤਿੰਨ ਅਰਬ ਪੌਂਡ (27,000 ਕਰੋੜ ਰੁਪਏ) ਦਾ ਵਾਧਾ ਹੋਇਆ ਦੱਸਿਆ ਗਿਆ ਹੈ।

ਏਸ਼ੀਅਨ ਬਿਜ਼ਨਸ ਐਵਾਰਡਾਂ ਦੌਰਾਨ ਸ਼ੁੱਕਰਵਾਰ ਸ਼ਾਮ ਬ੍ਰਿਟੇਨ ਵਿਚਲੇ 101 ਸਭ ਤੋਂ ਵੱਡੇ ਏਸ਼ੀਆਈ ਅਮੀਰਾਂ ਦੀ ਇਹ ਸੂਚੀ ਬ੍ਰਿਟੇਨ ਵਿੱਚ ਭਾਰਤ ਦੀ ਹਾਈ ਕਮਿਸ਼ਨ ਰੂਚੀ ਘਨਸ਼ਾਮ ਨੇ ਜਾਰੀ ਕੀਤੀ। ਇਸ ਮੁਤਾਬਕ ਇਸ ਸਾਲ ਦੇ ਮੁਲੰਕਣ ਮੁਤਾਬਕ ਸੂਚੀ ਦੇ ਸਾਰੇ 101 ਏਸ਼ੀਆਈ ਧਨ ਕੁਬੇਰਾਂ ਦੀ ਸਾਂਝੀ ਜਾਇਦਾਦ 85.2 ਅਰਬ ਪੌਂਡ ਉੱਤੇ ਪਹੁੰਚ ਗਈ ਹੈ। ਸੂਚੀ ਦੇ ਬਾਰੇ ਏਸ਼ੀਅਨ ਮਾਰਕੀਟਿੰਗ ਗਰੁੱਪ (ਏ ਐੱਮ ਜੀ) ਦੇ ਕਾਰਜਕਾਰੀ ਸੰਪਾਦਕ ਸ਼ੈਲੇਸ਼ ਸੋਲੰਕੀ ਨੇ ਕਿਹਾ ਕਿ ਮਾਹਰਾਂ ਦੀ ਟੀਮ ਨੇ ਇਹ ਸੂਚੀ ਬਣਾਈ ਹੈ। ਇਹ ਬ੍ਰਿਟੇਨ ਵਿੱਚ ਏਸ਼ੀਆਈ ਜਾਇਦਾਦ ਦੇ ਬਾਰੇ ਸਟੀਕ ਜਾਣਕਾਰੀ ਦਿੰਦੀ ਹੈ। ਇਸ ਸੂਚੀ ਵਿੱਚ ਸ਼ਾਮਲ ਸਾਰੇ 101 ਧਨ ਕੁਬੇਰਾਂ ਦੀ ਜਾਇਦਾਦ ਵਿੱਚ ਪਿਛਲੇ 12 ਮਹੀਨਿਆਂ ਦੇ ਦੌਰਾਨ ਪੰਜ ਅਰਬ ਪੌਂਡ ਤੋਂ ਵੱਧ ਦਾ ਵਾਧਾ ਹੋਇਆ ਹੈ। ਇਸ ਸਾਲ ਦੀ ਸੂਚੀ ਵਿੱਚ ਸੱਤ ਨਵੇਂ ਲੋਕਾਂ ਨੇ ਥਾਂ ਬਣਾਉਣ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਇਨ੍ਹਾਂ ਵਿੱਚ ਹੋਟਲ ਕਾਰੋਬਾਰੀ ਜੋਗਿੰਦਰ ਸੇਂਗਰ ਅਤੇ ਉਨ੍ਹਾਂ ਦੇ ਪੁੱਤਰ ਗਿਰੀਸ਼ ਸੇਂਗਰ ਦਾ ਨਾਂਅ ਹੈ, ਜਿਨ੍ਹਾਂ ਨੇ ਸਾਂਝੇ ਤੌਰ 'ਤੇ 30 ਕਰੋੜ ਪੌਂਡ ਜਾਇਦਾਦ ਨਾਲ ਸੂਚੀ ਵਿੱਚ ਚਾਲੀਵਾਂ ਥਾ ਲਿਆ ਹੈ।

ਸਟੀਲ ਕਾਰੋਬਾਰੀ ਲਕਸ਼ਮੀ ਨਿਵਾਸ ਮਿੱਤਲ ਅਤੇ ਉਨ੍ਹਾਂ ਦੇ ਪੁੱਤਰ ਆਦਿੱਤਯ ਮਿੱਲ ਦੂਸਰੇ ਥਾਂ 'ਤੇ ਬਣੇ ਰਹੇ ਹਨ। ਪਿਛਲੇ ਸਾਲ ਨਾਲੋਂ ਉਨ੍ਹਾਂ ਦੀ ਜਾਇਦਾਦ 2.8 ਅਰਬ ਪੌਂਡ ਘਟ ਕੇ 11.2 ਅਰਬ ਪੌਂਡ ਰਹਿ ਗਈ ਹੈ। ਪੈਟਰੋ ਕੈਮੀਕਲਜ਼ ਦਾ ਕਾਰੋਬਾਰ ਕਰਦੇ ਐਸ ਪੀ ਲੋਹੀਆ ਨੇ 5.8 ਅਰਬ ਪੌਂਡ ਜਾਇਦਾਦ ਨਾਲ ਤੀਸਰਾ ਥਾਂ ਹਾਸਲ ਕੀਤਾ ਹੈ। ਐਨ ਆਰ ਆਈ ਕਾਰੋਬਾਰੀ ਲਾਰਡ ਸਵਰਾਜ ਪਾਲ ਨੱਬੇ ਕਰੋੜ ਪੌਂਡ ਦੀ ਜਾਇਦਾਦ ਨਾਲ 17ਵੇਂ ਸਥਾਨ 'ਤੇ ਰਹੇ ਹਨ। ਪਿਛਲੇ 12 ਮਹੀਨਿਆਂ ਵਿੱਚ ਉਨ੍ਹਾਂ ਦੀ ਜਾਇਦਾਦ ਵਿੱਚ ਲਗਭਗ 10 ਕਰੋੜ ਪੌਂਡ ਦਾ ਵਾਧਾਂ ਹੋਇਆ ਹੈ। ਇਸ ਮੌਕੇ ਹਿੰਦੂਜਾ ਗਰੁੱਪ ਦੇ ਕੋ-ਚੇਅਰਮੈਨ ਗੋਪੀ ਚੰਦ ਹਿੰਦੂਜਾ ਨੇ ਕਿਹਾ ਕਿ ਸਾਰਾ ਕਾਰੋਬਾਰ ਇਸ ਸਮੇਂ ਉਭਰਦੇ ਖੇਤਰਾਂ ਵਿੱਚ ਹੈ। ਸਾਡਾ ਫੋਕਸ ਬੈਂਕਿੰਗ ਅਤੇ ਫਾਈਨੈਂਸ਼ੀਅਲ ਸੇਵਾਵਾਂ, ਹੈਲਥਕੇਅਰ ਅਤੇ ਜਨ-ਸਰੋਕਾਰ 'ਤੇ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਵਿੱਚ ਗਰੁੱਪ ਨੇ ਆਪਣੀ ਕਾਰ ਅਤੇ ਬਸ ਨਿਰਮਾਤਾ ਕੰਪਨੀ ਅਸ਼ੋਕ ਲੇਲੈਂਡ ਵਿੱਚ 1000 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਵਰਨਣ ਯੋਗ ਹੈ ਕਿ ਗੋਪੀ ਚੰਦ ਹਿੰਦੂਜਾ ਦੇ ਛੋਟੇ ਪੁੱਤਰ ਧੀਰਜ ਹਿੰਦੂਜਾ ਅਸ਼ੋਕ ਲੇਲੈਂਡ ਦੇ ਚੇਅਰਮੈਨ ਹਨ। ਕੰਪਨੀ ਨੇ ਪਿੱਛੇ ਜਿਹੇ ਚੇਨਈ ਦੇ ਐਨੋਰ ਵਾਲੇ ਪਲਾਂਟ ਵਿੱਚ ਆਧੁਨਿਕ ਇਲੈਕਟ੍ਰਿਕ ਵਾਹਨ ਫੈਸਿਲਿਟੀ ਸ਼ੁਰੂ ਕੀਤੀ ਹੈ ਅਤੇ ਬਸਾਂ ਵਿੱਚ ਬੈਟਰੀ ਨਾਲ ਚੱਲਣ ਵਾਲੀ ਟੈਕਨਾਲੋਜੀ ਪੇਸ਼ ਕਰ ਰਹੀ ਹੈ।

# ਪ੍ਰਧਾਨ ਮੰਤਰੀ ਮੋਦੀ ਉਤੇ ਬਣ ਰਹੀ ਫਿਲਮ ਬਾਰੇ ਹੋਇਆ ਹੰਗਾਮਾ

### * ਰਾਜ ਠਾਕਰੇ ਦੀ ਪਾਰਟੀ ਨੇ ਰਿਲੀਜ਼ ਨੂੰ ਰੋਕਣ ਦੀ ਮੰਗ ਕੀਤੀ

ਮੁੰਬਈ, 24 ਮਾਰਚ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜੀਵਨ 'ਤੇ ਬਣੀ ਫਿਲਮ ਬਾਰੇ ਹੰਗਾਮਾ ਖੜ੍ਹਾ ਹੋ ਗਿਆ ਹੈ। ਮਹਾਰਾਸ਼ਟਰ ਨਵਨਿਰਮਾਣ ਸੈਨਾ (ਮਨਸੇ) ਨੇ ਫਿਲਮ ਦੀ ਰਿਲੀਜ਼ ਰੋਕਣ ਦੀ ਧਮਕੀ ਦਿੰਦੇ ਹੋਏ ਕੱਲ੍ਹ ਇਹ ਦਾਅਵਾ ਕੀਤਾ ਕਿ ਇਸ ਨਾਲ ਲੋਕ ਸਭਾ ਚੋਣਾਂ ਦਾ ਆਦਰਸ਼ ਜ਼ਾਬਤੇ ਦੀ ਉਲੰਘਣਾ ਹੁੰਦੀ ਹੈ। ਇਸ ਦੌਰਾਨ ਕਾਂਗਰਸ ਦੀ ਕਰਨਾਟਕ ਇਕਾਈ ਨੇ ਚੋਣ ਕਮਿਸ਼ਨ ਨੂੰ ਕਿਹਾ ਹੈ ਕਿ ਉਹ ਪੰਜ ਅਪ੍ਰੈਲ ਨੂੰ ਰਿਲੀਜ਼ ਹੋਣ ਜਾ ਰਹੀ 'ਪੀ ਐੱਮ ਨਰਿੰਦਰ ਮੋਦੀ' ਫਿਲਮ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਕੀਤੇ ਜਾਣ ਤੋਂ ਪਹਿਲਾਂ ਇੱਕ ਵਾਰ ਦੇਖੇ ਅਤੇ ਇਹ ਪਤਾ ਲਗਾਏ ਕਿ ਇਸ ਨਾਲ ਚੋਣ ਜ਼ਾਬਤੇ ਦੀ ਉਲੰਘਣਾ ਹੁੰਦੀ ਹੈ ਜਾਂ ਨਹੀਂ।



ਉਮੰਗ ਕੁਮਾਰ ਦੇ ਨਿਰਦੇਸ਼ਨ ਵਿੱਚ ਬਣਾਈ ਇਸ ਫਿਲਮ 'ਪੀ ਐੱਮ ਨਰਿੰਦਰ ਮੋਦੀ' ਵਿੱਚ ਅਭਿਨੇਤਾ ਵਿਵੇਕ ਓਬਰਾਏ ਮੁੱਖ ਭੂਮਿਕਾ ਨਿਭਾ ਰਹੇ ਹਨ। ਇਹ ਫਿਲਮ ਪੰਜ ਅਪ੍ਰੈਲ ਨੂੰ ਰਿਲੀਜ਼ ਹੋਣੀ ਹੈ। ਬੋਮਨ ਈਰਾਨੀ, ਮਨੋਜ ਜੋਸ਼ੀ, ਜ਼ਰੀਨਾ ਵਹਾਬ ਤੇ ਪ੍ਰਸ਼ਾਂਤ ਨਾਰਾਇਣਨ ਵੀ ਇਸ ਵਿੱਚ ਅਹਿਮ ਕਿਰਦਾਰ ਨਿਭਾ ਰਹੇ ਹਨ। ਮਨਸੇ ਦੀ ਜਨਰਲ ਸੈਕਟਰੀ ਸ਼ਾਲਿਨੀ ਠਾਕਰੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਪਾਰਟੀ ਦੇ ਮੁਖੀ ਰਾਜ ਠਾਕਰੇ ਨੇ ਪਿਛਲੇ ਸਾਲ ਕਿਹਾ ਸੀ ਕਿ ਭਾਜਪਾ ਆਪਣੀ ਸਰਕਾਰ ਦੀਆਂ ਯੋਜਨਾਵਾਂ ਦੇ ਪ੍ਰਚਾਰ ਲਈ 'ਟਾਇਲੈਟ : ਏਕ ਪ੍ਰੇਮ ਕਥਾ' ਅਤੇ 'ਪੈਡਮੈਨ' ਵਰਗੀਆਂ ਫਿਲਮਾਂ ਨੂੰ ਵਰਤ ਰਹੀ ਹੈ। ਸ਼ਾਲਿਨੀ ਨੇ ਕਿਹਾ, ਇੱਕ ਸਾਲ ਵੀ ਨਹੀਂ ਬੀਤਿਆ ਅਤੇ ਭਾਜਪਾ ਨੇ ਇੱਕ ਹੋਰ ਚੀਜ਼ ਜੋੜ ਲਈ ਹੈ। ਉਨ੍ਹਾਂ ਕਿਹਾ ਕਿ ਇਸ ਫਿਲਮ ਦੇ ਰਿਲੀਜ਼ ਦੀ ਮਨਜ਼ੂਰੀ ਨਹੀਂ ਦੇਣੀ ਚਾਹੀਦੀ। ਉਨ੍ਹਾਂ ਨੇ ਇਸ ਫਿਲਮ ਦੇ ਲਈ ਗੀਤ ਲਿਖਣ ਦਾ ਕਰੈਡਿਟ ਜਾਵੇਦ ਅਖਤਰ ਤੇ ਸਮੀਰ ਨੂੰ ਦੇਣ ਦੀ ਵੀ ਆਲੋਚਨਾ ਕੀਤੀ। ਦੋਵਾਂ ਗੀਤਕਾਰਾਂ ਨੇ ਜਨਤਕ ਤੌਰ ਉੱਤੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਮੋਦੀ ਦੇ ਜੀਵਨ 'ਤੇ ਬਣ ਰਹੀ ਫਿਲਮ ਵਿੱਚ ਕਿਸੇ ਤਰ੍ਹਾਂ ਨਾਲ ਯੋਗਦਾਨ ਨਹੀਂ ਦਿੱਤਾ।

ਦੂਸਰੇ ਪਾਸੇ ਕਾਂਗਰਸ ਦੀ ਕਰਨਾਟਕ ਇਕਾਈ ਨੇ ਚੋਣ ਕਮਿਸ਼ਨ ਨੂੰ ਕਿਹਾ ਹੈ ਕਿ ਉਹ 'ਪੀ ਐੱਮ ਨਰਿੰਦਰ ਮੋਦੀ' ਫਿਲਮ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਕਰਨ ਤੋਂ ਪਹਿਲਾਂ ਇੱਕ ਵਾਰ ਦੇਖਣ ਅਤੇ ਇਹ ਪਤਾ ਲਾਉਣ ਕਿ ਇਸ ਨਾਲ ਚੋਣ ਜ਼ਾਬਤੇ ਦੀ ਉਲੰਘਣਾ ਹੁੰਦੀ ਹੈ ਜਾਂ ਨਹੀਂ ਅਤੇ ਕੀ ਇਸ ਨਾਲ ਸੁਤੰਤਰ ਅਤੇ ਨਿਰਪੱਖ ਚੋਣਾਂ ਪ੍ਰਭਾਵਤ ਹੋਣ ਦਾ ਸ਼ੱਕ ਹੈ। ਫਿਲਮ ਦੇ ਟ੍ਰੇਲਰ ਦਾ ਜ਼ਿਕਰ ਕਰਦੇ ਹੋਏ ਸੂਬਾ ਕਾਂਗਰਸ ਨੇ ਦਾਅਵਾ ਕੀਤਾ ਕਿ ਇਸ ਦੇ ਦ੍ਰਿਸ਼ਾਂ ਵਿੱਚ ਹਥਿਆਰਾਂ ਤੇ ਹਿੰਸਾ ਦਾ ਗੁਣਗਾਨ ਕੀਤਾ ਗਿਆ ਹੈ। ਪਾਰਟੀ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਰਾਜਨੀਤਕ ਪਾਰਟੀਆਂ ਨੂੰ ਰਿਲੀਜ਼ ਤੋਂ ਪਹਿਲਾਂ ਇਹ ਫਿਲਮ ਦੇਖਣ ਅਤੇ ਆਪਣੇ ਇਤਰਾਜ਼, ਜੇ ਕੋਈ ਹੋਵੇ ਤਾਂ ਜਾਹਿਰ ਕਰਨ ਦੀ ਆਗਿਆ ਦੇਣ। ਕਰਨਾਟਕ ਕਾਂਗਰਸ ਦੇ ਸੈਕਟਰੀ ਏ ਐੱਨ ਨਟਰਾਜ ਗੌਂਡਾ, ਸੂਬਾ ਉਪ ਪ੍ਰਧਾਨ ਐੱਸ ਏ ਅਹਿਮਦ ਅਤੇ ਪਾਰਟੀ ਦੇ ਸੈਕਟਰੀ ਸੂਰਿਆ ਮੁਕੰਦਰਾਜ ਨੇ ਕਰਨਾਟਕ ਦੇ ਮੁੱਖ ਚੋਣ ਅਧਿਕਾਰੀ ਸੰਜੀਵ ਕੁਮਾਰ ਦੇ ਰਾਹੀਂ ਚੋਣ ਕਮਿਸ਼ਨ ਨੂੰ ਮੰਗ ਪੱਤਰ ਸੌਂਪਿਆ ਅਤੇ ਕਿਹਾ ਹੈ ਕਿ ਫਿਲਮ 11 ਅਪ੍ਰੈਲ ਨੂੰ ਸ਼ੁਰੂ ਹੋ ਰਹੀ ਹੈ ਚੋਣ ਤੋਂ ਕੁਝ ਦਿਨ ਪਹਿਲਾਂ ਪੰਜ ਅਪ੍ਰੈਲ ਨੂੰ ਰਿਲੀਜ਼ ਹੋਵੇਗੀ।

## ਸਰਕਾਰੀ ਨੌਕਰੀ ਤੋਂ ਪੰਜਾਬ ਦੇ ਨੌਜਵਾਨਾਂ ਨੂੰ ਵਾਂਝਾ ਕਿਉਂ ਰੱਖਿਆ ਜਾ ਰਿਹੈ: ਹਾਈ ਕੋਰਟ

ਚੰਡੀਗੜ੍ਹ, 24 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਦੀ ਸੇਵਾਮੁਕਤੀ ਪਿੱਛੋਂ ਉਨ੍ਹਾਂ ਨੂੰ ਅੱਗੇ ਕੰਮ 'ਤੇ ਰੱਖਣ ਦੀ ਨੀਤੀ ਬਾਰੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਸਵਾਲ ਉਠਾਏ ਅਤੇ ਇਸ ਦੇ ਮੂਲ ਕਾਰਨਾਂ ਬਾਰੇ ਸਰਕਾਰ ਨੂੰ ਇੱਕ ਹਫਤੇ ਦੇ ਅੰਦਰ ਸਫਾਈ ਦੇਣ ਲਈ ਕਿਹਾ ਹੈ।

ਜਸਟਿਸ ਰਾਜਨ ਗੁਪਤਾ ਨੇ ਮੁਲਾਜ਼ਮ ਸ਼ਰਨਜੀਤ ਕੌਰ ਅਤੇ ਹੋਰਨਾਂ ਵੱਲੋਂ ਦਾਖਲ ਪਟੀਸ਼ਨ 'ਤੇ ਸੁਣਵਾਈ ਦੌਰਾਨ ਇਹ ਸਵਾਲ ਉਠਾਇਆ ਹੈ ਕਿ ਕੀ ਪੰਜਾਬ ਸਿਵਲ ਸਰਵਿਸਿਜ਼ ਰੂਲਜ਼ 2012 ਵਿੱਚ ਕੀਤੀ ਸੋਧ ਨਾਲ ਪੰਜਾਬ ਰਾਜ ਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ। ਅਗਲੀ 30 ਅਪ੍ਰੈਲ ਨੂੰ ਸੇਵਾਮੁਕਤ ਹੋ ਰਹੀ ਸ਼ਰਨਜੀਤ ਕੌਰ ਨੇ ਅੱਠ ਅਕਤੂਬਰ 2018 ਦੀਆਂ ਹਦਾਇਤਾਂ ਦੇ ਆਧਾਰ 'ਤੇ ਸੇਵਾ ਵਿੱਚ ਵਾਧੇ ਦੀ ਮੰਗ ਕੀਤੀ ਹੈ। ਸੇਵਾਮੁਕਤੀ 'ਤੇ ਮੁਲਾਜ਼ਮ ਜਾਂ ਅਫਸਰ ਨੂੰ ਔਸਤਨ 30 ਲੱਖ ਰੁਪਏ ਗਰੈਚੁਟੀ ਅਤੇ ਹੋਰ ਲਾਭ ਮਿਲਦੇ ਹਨ। ਇੱਕ ਅੰਦਾਜ਼ੇ ਮੁਤਾਬਕ ਜੇ ਨੌਕਰੀ ਵਿੱਚ ਵਾਧੇ ਦੀ ਦੋ ਸਾਲ ਦੀ ਨੀਤੀ ਨੂੰ ਰੱਦ ਕੀਤਾ ਜਾਵੇ ਤਾਂ ਮੁਲਾਜ਼ਮਾਂ ਨੂੰ ਸੇਵਾਮੁਕਤੀ ਦੇ ਲਾਭ ਦੇਣ ਲਈ ਕਰੀਬ 4500 ਕਰੋੜ ਰੁਪਏ ਦੀ ਲੋੜ ਪਵੇਗਾ। ਸ਼ਰਨਜੀਤ ਕੌਰ ਦੇ ਵਕੀਲ ਨੇ ਅਦਾਲਤ ਨੂੰ ਕਿਹਾ ਕਿ ਉਨ੍ਹਾਂ ਦੀ ਸੇਵਾ 'ਚ ਵਾਧੇ ਲਈ ਅਰਜ਼ੀ ਉੱਤੇ ਕੋਈ ਫੈਸਲਾ ਨਹੀਂ ਲਿਆ ਗਿਆ। ਇਸ 'ਤੇ ਜਸਟਿਸ ਗੁਪਤਾ ਨੇ ਕਿਹਾ ਕਿ ਅਦਾਲਤ ਕੋਲ ਇਸ ਤਰ੍ਹਾਂ ਦੀਆਂ ਕਈ ਅਰਜ਼ੀਆਂ ਆਈਆਂ ਹਨ, ਜਿਨ੍ਹਾਂ ਉਤੇ ਧਿਆਨ ਦੇਣ ਦੀ ਲੋੜ ਹੈ। ਅਦਾਲਤ ਨੇ ਸਰਕਾਰੀ ਵਕੀਲ ਨੂੰ ਪੰਜਾਬ ਸਿਵਲ ਸੇਵਾ ਰੂਲਜ਼ 2012 ਵਿੱਚ ਸੋਧ ਦੇ ਮਕਸਦ ਅਤੇ ਕੀ ਇਸ ਨਾਲ ਸਰਕਾਰੀ ਖੇਤਰ ਵਿੱਚ ਖਾਸ ਕਰਕੇ ਨੌਜਵਾਨ ਪੀੜ੍ਹੀ ਲਈ ਰੁਜ਼ਗਾਰ ਦੇ ਮੌਕੇ ਖੁੱਸਣਗੇ, ਇਸ ਬਾਰੇ ਸਪੱਸ਼ਟ ਕਰਨ ਲਈ ਕਿਹਾ ਹੈ। ਜੱਜ ਸਾਹਬਾਨ ਨੇ ਕਿਹਾ ਕਿ ਰਾਜ ਦੀ ਸਰਕਾਰ ਵੱਲੋਂ ਅਜਿਹਾ 'ਅਲੋਕਾਰੀ ਫੈਸਲਾ' ਲੈਣ ਦੇ ਕਾਰਨਾਂ ਨੂੰ ਵੀ ਸਪੱਸ਼ਟ ਕੀਤਾ ਜਾਵੇ। ਸਰਕਾਰੀ ਵਕੀਲ ਨੇ ਕਿਹਾ ਕਿ ਉਸ ਨੂੰ ਪੰਜਾਬ ਦੇ ਮੁੱਖ ਸਕੱਤਰ ਤੋਂ ਹਦਾਇਤ ਲੈ ਕੇ ਜਵਾਬ ਦੇਣ ਲਈ ਹਫਤੇ ਦਾ ਸਮਾਂ ਚਾਹੀਦਾ ਹੈ। ਇਸ ਕੇਸ ਦੀ ਅਗਲੀ ਸੁਣਵਾਈ ਅਪ੍ਰੈਲ ਦੇ ਪਹਿਲੇ ਹਫਤੇ 'ਚ ਹੋਵੇਗੀ।

## ਪੰਜਾਬ ਸਰਕਾਰ ਵੱਲੋਂ ਸਟੈਨੋ ਟਾਈਪਿਸਟਾਂ ਦੀ ਭਰਤੀ ਉੱਤੇ ਹਾਈ ਕੋਰਟ ਦੀ ਰੋਕ

ਚੰਡੀਗੜ੍ਹ, 24 ਮਾਰਚ (ਪੋਸਟ ਬਿਊਰੋ)- ਪੰਜਾਬ ਵਿੱਚ 450 ਤੋਂ ਵੱਧ ਸਟੈਨੋ ਟਾਈਪਿਸਟ ਭਰਤੀ ਕਰਨ ਦੇ ਫੈਸਲੇ 'ਚ ਅੜਿੱਕਾ ਪੈ ਗਿਆ ਅਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਨਿਯੁਕਤੀ ਪੱਤਰ ਜੇ ਹਾਲੇ ਤੱਕ ਜਾਰੀ ਨਹੀਂ ਕੀਤੇ ਗਏ ਤਾਂ ਉਨ੍ਹਾਂ ਨੂੰ ਰੋਕ ਲਿਆ ਜਾਵੇ। ਇਸ ਸੰਬੰਧ ਵਿੱਚ ਹਾਈ ਕੋਰਟ ਦੇ ਬੈਂਚ ਨੇ ਪੰਜਾਬ ਸਰਕਾਰ ਨੂੰ ਕਿਹਾ ਹੈ ਕਿ ਜੇ ਕਿਸੇ ਵਿਭਾਗ ਜਾਂ ਸੇਵਾ ਵਿੱਚ ਭਰਤੀ ਦੌਰਾਨ ਰਾਖਵੇਂਕਰਨ ਦੀ ਹੱਦ 50 ਫੀਸਦੀ ਤੋਂ ਵੱਧ ਹੋਣ ਦੀ ਉਲੰਘਣਾ ਹੋਈ ਹੈ ਤਾਂ ਉਹ 10 ਦਿਨਾਂ ਵਿੱਚ ਇਸ ਬਾਰੇ ਸਪੱਸ਼ਟੀਕਰਨ ਦੇਣ। ਜਸਟਿਸ ਰਾਜਨ ਗੁਪਤਾ ਨੇ ਇਹ ਹੁਕਮ ਸਰਬਪ੍ਰੀਤ ਕੌਰ ਅਤੇ ਹੋਰਨਾਂ ਪਟੀਸ਼ਨਰਾਂ ਦੀ ਅਰਜ਼ੀ ਉੱਤੇ ਦਿੱਤੇ ਹਨ। ਆਪਣੇ ਆਪ ਨੂੰ ਜਨਰਲ ਕੈਟੇਗਰੀ ਦਾ ਦੱਸ ਕੇ ਇਨ੍ਹਾਂ ਲੋਕਾਂ ਨੇ ਪੰਜਾਬ ਵਿੱਚ ਸਟੈਨੋ ਟਾਈਪਿਸਟ ਲਈ ਭਰਤੀ ਨੂੰ ਚੁਣੌਤੀ ਦਿੱਤੀ ਹੈ। ਉਨ੍ਹਾਂ ਦੇ ਵਕੀਲ ਨੇ ਕਿਹਾ ਕਿ ਭਰਤੀ ਦੌਰਾਨ ਰਾਖਵਾਂਕਰਨ ਦੀ ਨੀਤੀ ਦੀ ਉਲੰਘਣਾ ਹੋਈ ਹੈ। ਪਹਿਲਾਂ 421 ਪੋਸਟਾਂ ਦਾ ਇਸ਼ਤਿਹਾਰ ਦਿੱਤਾ ਗਿਆ ਸੀ, ਜਿਸ ਵਿੱਚੋਂ ਸਿਰਫ 197 ਜਨਰਲ ਕੈਟੇਗਰੀ ਦੇ ਲਈ ਸਨ। ਬਾਕੀ ਰਿਜ਼ਰਵ ਹੋਣ ਕਾਰਨ ਇਸ ਤਰ੍ਹਾਂ ਰਾਖਵਾਂਕਰਨ 50 ਫੀਸਦੀ ਤੋਂ ਵੱਧ ਹੋਣ ਕਰਕੇ ਅਧਿਕਾਰੀਆਂ ਨੂੰ ਕੋਤਾਹੀ ਕੀਤੀ ਸੀ। ਫਿਰ ਨਤੀਜੇ ਦੇ ਐਲਾਨ ਸਮੇਂ ਕੁੱਲ ਪੋਸਟਾਂ 471 ਕਰ ਦਿੱਤੀਆਂ ਗਈਆਂ ਅਤੇ ਜਨਰਲ ਵਰਗ ਲਈ ਸਿਰਫ 218 ਪੋਸਟਾਂ ਰਹਿ ਗਈਆਂ। ਸੁਪਰੀਮ ਕੋਰਟ ਦੇ ਨਿਰਦੇਸ਼ਾਂ ਮੁਤਾਬਕ ਜਨਰਲ ਵਰਗ ਲਈ ਪੋਸਟਾਂ 235.5 ਚਾਹੀਦੀਆਂ ਸਨ। ਜਸਟਿਸ ਗੁਪਤਾ ਨੇ ਐਡਵੋਕੇਟ ਜਨਰਲ ਨੂੰ ਸਵੀਕਾਰ ਕਰਦਿਆਂ ਉਨ੍ਹਾਂ ਨੂੰ ਜਵਾਬ ਦਾਖਲ ਕਰਨ ਦਾ ਸਮਾਂ ਦੇ ਦਿੱਤਾ।

## ਨਾ ਮੈਂ ਚੋਣ ਲੜਾਂਗਾ ਤੇ ਨਾ ਪ੍ਰਚਾਰ ਕਰਾਂਗਾ: ਸਲਮਾਨ

ਭੋਪਾਲ, 24 ਮਾਰਚ (ਪੋਸਟ ਬਿਊਰੋ)- ਫਿਲਮ ਅਦਾਕਾਰ ਸਲਮਾਨ ਖਾਨ ਨੇ ਮੱਧ ਪ੍ਰਦੇਸ਼ ਵਿੱਚ ਕਾਂਗਰਸ ਦੇ ਚੋਣ ਪ੍ਰਚਾਰ ਦੀਆਂ ਖਬਰਾਂ ਨੂੰ ਸਿਰੇ ਤੋਂ ਰੱਦ ਕਰ ਕੇ ਟਵੀਟ ਕੀਤਾ ਹੈ ਕਿ ਨਾ ਮੈਂ ਚੋਣ ਲੜਾਂਗਾ ਤੇ ਨਾ ਕਿਸੇ ਸਿਆਸੀ ਪਾਰਟੀ ਦਾ ਚੋਣ ਪ੍ਰਚਾਰ ਕਰਾਂਗਾ। ਕਾਂਗਰਸ ਨੇ ਕਿਹਾ ਹੈ ਕਿ ਪਾਰਟੀ ਦੀ ਉਨ੍ਹਾਂ ਨਾਲ ਪ੍ਰਚਾਰ ਲਈ ਗੱਲ ਵੀ ਨਹੀਂ ਹੋਈ।

ਵਰਨਣ ਯੋਗ ਹੈ ਕਿ ਮੁੱਖ ਮੰਤਰੀ ਕਮਲਨਾਥ ਨੇ ਲੋਕ ਸਭਾ ਚੋਣਾਂ ਦੀਆਂ ਤਰੀਕਾਂ ਦੇ ਐਲਾਨ ਤੋਂ ਪਹਿਲਾਂ ਮੁੰਬਈ ਜਾ ਕੇ ਸਲਮਾਨ ਖਾਨ ਨਾਲ ਬੈਠਕ ਕੀਤੀ ਸੀ। ਇਸ ਬਾਰੇ ਮੁੱਖ ਮੰਤਰੀ ਨੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਸੀ ਕਿ ਸਲਮਾਨ ਖਾਨ ਨੂੰ ਉਨ੍ਹਾਂ ਦਾ ਮੱਧ ਪ੍ਰਦੇਸ਼ ਨਾਲ ਰਿਸ਼ਤਾ ਯਾਦ ਕਰਵਾਇਆ ਤੇ ਇਸ ਰਾਜ ਦੇ ਵਿਕਾਸ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਮੰਗ ਕੀਤੀ ਸੀ। ਉਨ੍ਹਾਂ ਨੂੰ ਮੱਧ ਪ੍ਰਦੇਸ਼ 'ਚ ਸੈਰ ਸਪਾਟਾ ਪ੍ਰਮੋਸ਼ਨ ਲਈ ਕੰਮ ਕਰਨ ਦਾ ਆਫਰ ਵੀ ਦਿੱਤਾ ਸੀ। ਕਮਲਨਾਥ ਨੇ ਦੱਸਿਆ ਸੀ ਕਿ ਸਲਮਾਨ ਖਾਨ ਅੱਠ ਤੋਂ 18 ਅਪ੍ਰੈਲ ਤੱਕ ਮੱਧ ਪ੍ਰਦੇਸ਼ ਵਿੱਚ ਰਹਿਣਗੇ। ਮੁੱਖ ਮੰਤਰੀ ਦੇ ਉਕਤ ਐਲਾਨ ਨੂੰ ਲੋਕ ਸਭਾ ਚੋਣਾਂ ਨਾਲ ਜੋੜਦੇ ਹੋਏ ਇਹ ਚਰਚਾ ਸ਼ੁਰੂ ਹੋ ਗਈ ਕਿ ਸਲਮਾਨ ਖਾਨ ਨੂੰ ਕਾਂਗਰਸ ਇੰਦੌਰ ਵਾਲੀ ਮੁਸ਼ਕਿਲ ਸੀਟ ਤੋਂ ਉਮੀਦਵਾਰ ਬਣਾ ਸਕਦੀ ਹੈ। ਇਸ ਦੌਰਾਨ ਸਲਮਾਨ ਖਾਨ ਦਾ ਪ੍ਰੋਗਰਾਮ ਜਾਰੀ ਹੋਇਆ ਤਾਂ ਉਨ੍ਹਾਂ ਦੇ ਕੁਝ ਦਿਨ ਮਾਂਡੂ ਵਿੱਚ ਰਹਿਣ ਦਾ ਜ਼ਿਕਰ ਸੀ, ਪਰ ਇਹ ਪ੍ਰੋਗਰਾਮ ਸਲਮਾਨ ਦੀ ਸ਼ੂਟਿੰਗ ਬਾਰੇ ਸੀ। ਇਸ ਪਿੱਛੋਂ ਪ੍ਰਚਾਰ ਹੋਣ ਲੱਗ ਪਿਆ ਕਿ ਸਲਮਾਨ ਕਾਂਗਰਸ ਦੇ ਹੱਕ 'ਚ ਚੋਣ ਪ੍ਰਚਾਰ ਕਰਨਗੇ। ਫਿਰ ਸਲਮਾਨ ਨੇ ਹੋਲੀ ਵਾਲੇ ਦਿਨ ਟਵੀਟ ਕੀਤਾ ਅਤੇ ਇਸ ਪ੍ਰਚਾਰ ਉੱਤੇ ਰੋਕ ਲਾ ਦਿੱਤੀ ਹੈ।


Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing
For Real Estate Licence

It will become a Full Time College course soon!
To Avoid going to college for 2-3 Years, Join Now

Pass each exam in just 2 weeks
○Easy to Understand Material
○Important Practice Questions
○Limited Summarized Material




Call: 647-625-7961

2250 Bovaird Dr E, Unit#407, Medical Building
Behind RBC, Sunny Meadow/Bovaird

# ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਲਿਖਤੀ ਬਿਆਨ ਤੇ ਹੋਰ ਸਬੂਤ ਪੇਸ਼ ਕਰਨਾ ਚਾਹੁੰਦੀ ਹੈ ਰੇਅਬੋਲਡ

...ਪੰਨਾ 1 ਦਾ ਬਾਕੀ

ਇੱਥੇ ਦੱਸਣਾ ਬਣਦਾ ਹੈ ਕਿ ਆਪਣੀ ਗਵਾਹੀ ਵਿੱਚ ਰੇਅਬੋਲਡ ਨੇ ਦੋਸ਼ ਲਾਇਆ ਸੀ ਕਿ ਉਸ ਨੂੰ ਧਮਕਾਇਆ ਗਿਆ ਤੇ ਐਸਐਨਸੀ-ਲਾਵਾਲਿਨ ਖਿਲਾਫ ਮਾਮਲਾ ਰਫਾ-ਦਫਾ ਕਰਨ ਲਈ ਉਸ ਉੱਤੇ ਸਿਆਸੀ ਦਬਾਅ ਪਾਇਆ ਗਿਆ। ਟਰੂਡੋ ਦੇ ਉੱਘੇ ਸਾਬਕਾ ਸਲਾਹਕਾਰ ਵੱਲੋਂ ਇਸ ਤੋਂ ਵਿਰੋਧਾਭਾਸੀ ਕਹਾਣੀ ਸੁਣਾਉਣ ਤੇ ਸੀਨੀਅਰ ਬਿਊਰੋਕ੍ਰੈਟਸ ਵੱਲੋਂ ਕਮੇਟੀ ਸਾਹਮਣੇ ਪੇਸ਼ ਹੋਣ ਮਗਰੋਂ ਹਾਊਸ ਦੀ ਨਿਆਂ ਕਮੇਟੀ ਵਿੱਚ ਸ਼ਾਮਲ ਲਿਬਰਲ ਐਮਪੀਜ਼ ਨੇ ਇਸ ਮਾਮਲੇ ਵਿੱਚ ਹੋਰ ਅਧਿਐਨ ਮੰਗਲਵਾਰ ਨੂੰ ਖਤਮ ਕਰ ਦਿੱਤਾ। ਉਨ੍ਹਾਂ ਆਖਿਆ ਕਿ ਮਾਮਲੇ ਵਿੱਚ ਜੋ ਜਾਣਕਾਰੀ ਉਨ੍ਹਾਂ ਨੂੰ ਚਾਹੀਦੀ ਸੀ ਉਹ ਹਾਸਲ ਹੋ ਚੁੱਕੀ ਹੈ ਤੇ ਕੈਨੇਡੀਅਨ ਆਪਣੇ ਆਪ ਇਹ ਫੈਸਲਾ ਕਰ ਲੈਣਗੇ ਕਿ ਇਸ ਮਾਮਲੇ ਵਿੱਚ ਕੁੱਝ ਗਲਤ ਹੋਇਆ ਹੈ ਜਾਂ ਨਹੀਂ। ਹੁਣ ਤੱਕ ਟਰੂਡੋ ਇਸ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਗੜਬੜ ਹੋਣ ਤੋਂ ਇਨਕਾਰ ਕਰਦੇ ਆਏ ਹਨ।

ਆਪਣੇ ਪੱਤਰ ਵਿੱਚ ਰੇਅਬੋਲਡ ਨੇ ਇਹ ਸਪਸ਼ਟ ਕੀਤਾ ਹੈ ਕਿ ਉਸ ਕੋਲ ਲੋੜੀਂਦੇ ਸਬੂਤ ਹਨ ਜਿਨ੍ਹਾਂ ਨਾਲ ਉਨ੍ਹਾਂ ਵੱਲੋਂ ਦਿੱਤੇ ਬਿਆਨ ਦੀ ਪੁਸ਼ਟੀ ਹੋ ਜਾਵੇਗੀ। ਇਸ ਦੌਰਾਨ ਇੱਕ ਇੰਟਰਵਿਊ ਵਿੱਚ ਕਮੇਟੀ ਦੇ ਚੇਅਰ ਤੇ ਲਿਬਰਲ ਐਮਪੀ ਐਂਥਨੀ ਹਾਊਸਫਾਦਰ ਨੇ ਆਖਿਆ ਕਿ ਰੇਅਬੋਲਡ ਕੋਲ ਕੋਈ ਨਵੀਂ ਜਾਣਕਾਰੀ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਇਸ ਅਧਿਐਨ ਨੂੰ ਦੁਬਾਰਾ ਸ਼ੁਰੂ ਕੀਤਾ ਜਾਵੇ।

# ਰਵੀਸ਼ੰਕਰ ਨੇ ਪੁੱਛਿਆ, ਰਾਹੁਲ ਗਾਂਧੀ 55 ਲੱਖ ਤੋਂ 9 ਕਰੋੜ ਦੇ ਮਾਲਕ ਕਿਵੇਂ ਬਣ ਗਏ



ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਕੇਂਦਰੀ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਤੋਂ ਉਨ੍ਹਾਂ ਦੀ ਆਮਦਨ ਬਾਰੇ ਪੁੱਛਿਆ ਹੈ ਕਿ ਪਾਰਲੀਮੈਂਟ ਮੈਂਬਰ ਵਜੋਂ ਰਾਹੁਲ ਗਾਂਧੀ ਦੀ ਤਨਖਾਹ ਹੀ ਉਨ੍ਹਾਂ ਦੀ ਆਮਦਨ ਦਾ ਸਾਧਨ ਹੈ ਤਾਂ 10 ਸਾਲ ਵਿੱਚ ਉਹ 55 ਲੱਖ ਤੋਂ ਨੌਂ ਕਰੋੜ ਦੇ ਮਾਲਕ ਕਿਵੇਂ ਹੋ ਗਏ?

ਇਸ ਸੰਬੰਧ ਵਿੱਚ ਕੇਂਦਰੀ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਰਾਹੁਲ ਗਾਂਧੀ ਦੇ ਚੋਣ ਨਾਮਜ਼ਦਗੀ ਪੱਤਰ ਵਿੱਚ ਦਿੱਤੇ ਜਾਣ ਵਾਲੇ ਐਫੀਡੇਵਿਟ ਨੂੰ ਆਧਾਰ ਬਣਾ ਕੇ ਕਿਹਾ ਕਿ ਰਾਹੁਲ ਗਾਂਧੀ ਪਾਰਲੀਮੈਂਟ ਮੈਂਬਰ ਹਨ, ਉਨ੍ਹਾਂ ਦੀ ਆਮਦਨ ਦਾ ਸਰੋਤ ਉਨ੍ਹਾਂ ਦੀ ਤਨਖਾਹ ਹੈ ਅਤੇ 2004 ਵਿੱਚ ਉਨ੍ਹਾਂ ਦੀ ਜਾਇਦਾਦ 55 ਲੱਖ 38,123 ਰੁਪਏ ਦੀ ਸੀ। ਸਾਲ 2009 ਵਿੱਚ ਉਨ੍ਹਾਂ ਦੀ ਜਾਇਦਾਦ ਦੋ ਕਰੋੜ ਅਤੇ ਸਾਲ 2014 ਵਿੱਚ ਨੌਂ ਕਰੋੜ ਕਿਵੇਂ ਹੋ ਗਈ? ਉਨ੍ਹਾਂ ਪੁੱਛਿਆ, ਲੋਕ ਜਾਨਣਾ ਚਾਹੁੰਦੇ ਹਨ ਕਿ 55 ਲੱਖ ਰੁਪਏ ਤੋਂ ਤੁਸੀਂ ਆਪਣੀ ਜਾਇਦਾਦ ਨੌਂ ਕਰੋੜ ਰੁਪਏ ਤੱਕ ਕਿਵੇਂ ਵਧਾਈ?

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਏ ਡੀ ਆਰ (ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਾਈਟਸ) ਦੀ ਰਿਪੋਰਟ ਵਿੱਚ ਯੂ ਪੀ ਏ ਚੇਅਰਪਰਸਨ ਸੋਨੀਆ ਗਾਂਧੀ, ਸਮਾਜਵਾਦੀ ਪਾਰਟੀ ਨੇਤਾ ਮੁਲਾਇਮ ਸਿੰਘ ਯਾਦਵ ਦੀ ਜਾਇਦਾਦ 13 ਸਾਲ ਵਿੱਚ 10 ਗੁਣਾ ਵਧਣ ਦਾ ਭੇਦ ਖੁੱਲ੍ਹਾ ਹੈ। ਭਾਜਪਾ ਨੇਤਰੀ ਮੇਨਕਾ ਗਾਂਧੀ ਦੀ ਜਾਇਦਾਦ ਪੰਜ ਗੁਣਾ ਵਧੀ ਹੈ।

ਪੰਜਾਬੀ ਪੋਸਟ
Canadian Punjabi Post

**Head Office**
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

# ਪੈਗਾਮ ਅਤੇ ਓਬੀਸੀ ਵੈਲਫੇਅਰ ਫਰੰਟ ਡੈਮੋਕ੍ਰੇਟਿਕ ਦੇ ਇਜਲਾਸ ’ਚ ਪਹੁੰਚੇ ਚੀਫ ਜਸਟਿਸ ਵੀ ਈਸ਼ਵਰਿਆ ਅਤੇ ਆਈ ਏ ਐਸ ਲੱਧੜ



ਲੁਧਿਆਣਾ, 24 ਮਾਰਚ (ਗਿਆਨ ਸਿੰਘ): ਪੈਗਾਮ ਅਤੇ ਓਬੀਸੀ ਵੈਲਫੇਅਰ ਫਰੰਟ ਡੈਮੋਕ੍ਰੇਟਿਕ ਵੱਲੋਂ ਸਥਾਨਕ ਸਰਕਟ ਹਾਊਸ ਵਿਖੇ ਜਿਲ੍ਹਾ ਪੱਧਰੀ ਇਜਲਾਸ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਸਾਬਕਾ ਚੀਫ ਜਸਟਿਸ ਅਤੇ ਕੌਮੀਂ ਪਿਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਸਾਬਕਾ ਚੇਅਰਮੈਨ ਵੀ ਈਸ਼ਵਰਿਆ ਜਦਕਿ ਵਿਸ਼ੇਸ ਮਹਿਮਾਨ ਦੇ ਤੌਰ ਤੇ ਸਾਬਕਾ ਰਾਸ਼ਟਰਪਤੀ ਸਵ: ਗਿਆਨੀ ਜੈਲ ਸਿੰਘ ਦੇ ਪੋਤਰੇ ਇੰਦਰਜੀਤ ਸਿੰਘ ਅਤੇ ਕੇਕੇ ਬਾਵਾ ਪਹੁੰਚੇ। ਆਏ ਹੋਏ ਮਹਿਮਾਨਾ ਨੂੰ ਫਰੰਟ ਦੇ ਪ੍ਰਧਾਨ ਆਰਕੀਟੈਕਟ ਕਰਮਜੀਤ ਸਿੰਘ ਨਾਰੰਗਵਾਲ ਨੇ ਜੀ ਆਇਆ ਨੂੰ ਕਿਹਾ। ਪ੍ਰੋਗਰਾਮ ਦੀ ਪ੍ਰਧਾਨਗੀ ਸਾਬਕਾ ਆਈ ਏ ਐਸ ਸ਼੍ਰੀ ਐਸ ਆਰ ਲੱਧੜ , ਰਟਾਇਰਡ ਪ੍ਰਿੰਸੀਪਲ ਸੈਕਟਰੀ ਪੰਜਾਬ ਸਰਕਾਰ ਨੇ ਕੀਤੀ ਅਤੇ ਮੰਚ ਦਾ ਸੰਚਾਲਨ ਜਸਵਿੰਦਰ ਸਿੰਘ ਪੈਗਾਮ ਟੀਮ ਨੇ ਕੀਤਾ। ਇਸ ਮੌਕੇ ਪਿਛੜੇ ਅਤੇ ਐਸ ਸੀ ਵਰਗ ਨੂੰ ਸੰਬੋਧਨ ਕਰਦਿਆਂ ਸਾਬਕਾ ਚੀਫ ਜਸਟਿਸ ਵੀ ਈਸ਼ਵਰਿਆ ਨੇ ਪਿਛੜੇ ਵਰਗ ਦੇ ਪਿਛੇ ਰਹਿਣ ਦੇ ਕਾਰਨਾਂ ਤੇ ਤਰਕਸੰਗਤ ਗੱਲ ਕਰਦਿਆਂ ਇਸਦਾ ਦੋਸ਼ੀ ਹੁਣ ਤੱਕ ਦੀਆਂ ਸਰਕਾਰਾਂ ਨੂੰ ਕਿਹਾ। ਉਨ੍ਹਾਂ ਕਿਹਾ ਕਿ ਇਸ ਵਰਗ ਨੂੰ ਹੁਣ ਖੁਦ ਦੀ ਨੁੰਮਾਇੰਦਗੀ ਕਰਨ ਲਈ ਲੀਡਰਸ਼ਿਪ ਤਿਆਰ ਕਰਨੀ ਹੋਵੇਗੀ ਜਿਸਦੇ ਲਈ ਉਸ ਦੇਸ਼ ਭਰ ਵਿੱਚ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਚਾਹੇ ਕਾਂਗਰਸ ਹੈ ਚਾਹੇ ਭਾਜਪਾ ਦੋਵਾਂ ਤੋਂ ਸਾਨੂੰ ਕੁਝ ਨਹੀ ਮਿਲਣ ਵਾਲਾ ਇਸ ਲਈ ਇਨ੍ਹਾਂ ਤੇ ਹੋਰ ਵਿਸ਼ਵਾਸ ਕਰਨਾ ਜਾਂ ਇਨ੍ਹਾਂ ਨੂੰ ਅਜਮਾਉਣਾ ਮੂਰਖਤਾ ਹੋਵੇਗੀ। ਉਨ੍ਹਾਂ ਕਿਹਾ ਪਿਛੜੇ ਵਰਗ ਦੇ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਹੁਣ ਇੱਕ ਮੰਚ ਤੇ ਇੱਕਠੇ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਬ੍ਰਾਹਮਣ, ਕਸ਼ੱਤਰੀਆ ਅਤੇ ਵੈਸ਼ ਤਿੰਨਾਂ ਵਰਨਾ ਨੇ ਪਿਛੜੇ ਵਰਗ ਤੇ ਬਹੁਤ ਜਿਆਦਾ ਜਿਆਦਤੀਆਂ ਕੀਤੀਆਂ ਹਨ। ਇਨ੍ਹਾਂ ਨਾਲ ਵਿਤਕਰਾ ਤਾਂ ਕੀਤਾ ਹੀ ਹੈ ਇਨ੍ਹਾਂ ਦਾ ਵਿਕਾਸ ਨਾ ਹੋਵੇ ਉਸਦੇ ਲਈ ਵੀ ਛੜਯੰਤਰ ਕੀਤੇ ਹਨ। ਉਨ੍ਹਾਂ ਕਿਹਾ ਕਿ ਅੱਜ ਸਾਰੇ ਸਿਸਟਮ ਨੂੰ ਆਰ ਐਸ ਐਸ ਚਲਾ ਰਹੀ ਹੈ। ਪਿਛੜਾ ਵਰਗ ਵੀ ਆਰ ਐਸ ਐਸ ਲਈ ਕੰਮ ਰਿਹਾ ਹੈ। ਖੁਦ ਮੈਂ ਵੀ ਦੋ ਸਾਲ ਆਰ ਐਸ ਐਸ ਦੀਆਂ ਸਾਖਾਵਾਂ ਲਗਾਉਂਦਾ ਰਿਹਾ ਹਾਂ। ਪਿਛੜੇ ਵਰਗ ਦੇ ਵਿਕਾਸ ਤੇ ਤਰੱਕੀ ਲਈ ਉਨ੍ਹਾਂ ਨੂੰ ਆਰ ਐਸ ਐਸ ਦੇ ਗਲਬੇ ਵਿੱਚੋਂ ਕੱਢਣਾ ਹੋਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਭਰ ਵਿੱਚ ਘੁੰਮ ਕੇ ਮੈਂ 50 ਨੁਕਾਤੀ ਪ੍ਰੋਗਰਾਮ ਦੇ ਰਿਹਾ ਹੈ ਜਿਹੜੀ ਵੀ ਪਾਰਟੀ ਉਸ 50 ਨੁਕਾਤੀ ਪ੍ਰੋਗਰਾਮ ਨੂੰ ਲਾਗੂ ਕਰਨ ਦਾ ਵਾਅਦਾ ਕਰਦੀ ਹੈ ਪਿਛੜਾ ਵਰਗ ਉਸੇ ਹੀ ਪਾਰਟੀ ਨੂੰ ਵੋਟ ਕਰੇ। ਸ਼੍ਰੀ ਲੱਧੜ ਨੇ ਕਿਹਾ ਕਿ ਐਸ ਸੀ ਐਸ ਟੀ, ਓਬੀਸੀ ਅਤੇ ਧਾਰਮਿਕ ਘੱਟ ਗਿਣਤੀਆਂ ਦੀਆਂ ਸਮੱਸਿਆਵਾਂ ਇੱਕ ਹਨ ਇਸ ਲਈ ਇਨ੍ਹਾਂ ਨੂੰ ਇੱਕ ਮੰਚ ਤੇ ਇੱਕਠੇ ਹੋ ਕੇ ਸਾਂਝਾ ਸੰਘਰਸ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰਨ ਅਤੇ ਇਨ੍ਹਾਂ ਵਰਗਾਂ ਨੂੰ ਸਾਂਝਾ ਮਜਬੂਤ ਮੰਚ ਦੇਣ ਲਈ ਪੈਗਾਮ ਕੰਮ ਕਰ ਰਿਹਾ ਹੈ। ਉਨ੍ਹਾਂ ਸਾਰਿਆਂ ਨੂੰ ਪੈਗਾਮ ਅਤੇ ਓਬੀਸੀ ਫਰੰਟ ਨਾਲ ਜੁੜਨ ਦਾ ਸੱਦਾ ਦਿੱਤਾ। ਇਸ ਮੌਕੇ ਸ: ਇੰਦਰਜੀਤ ਸਿੰਘ ਅਤੇ ਪੈਗਾਮ ਦੀ ਸੀਨੀਅਰ ਆਗੂ ਹਰਵਿੰਦਰ ਕੌਰ ਨੇ ਵੀ ਸੰਬੋਧਨ ਕੀਤਾ ਅਤੇ ਨਾਰੰਗਵਾਲ ਦੀ ਅਗਵਾਈ ਹੇਠ ਆਏ ਮਹਿਮਾਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਸ: ਨਾਰੰਗਵਾਲ ਨੇ ਆਏ ਹੋਏ ਮਹਿਮਾਨਾਂ ਅਤੇ ਵਰਕਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰਚਰਨ ਸਿੰਘ ਨਾਟੀ, ਪ੍ਰਗਟ ਸਿੰਘ ਰਾਜੇਆਣਾ, ਬਲਜਿੰਦਰ ਸਿੰਘ ਪਨੇਸਰ, ਮੁਖਤਿਆਰ ਸਿੰਘ ਅਰਸੀ, ਕਿਸ਼ੋਰ ਗੁਰੂ, ਸੁਰਿੰਦਰ ਕੌਰ, ਵਰਿੰਦਰ ਸਿੰਘ, ਡਾ: ਨਿਰਮਲ ਸਿੰਘ, ਜਸਪਾਲ ਸਿੰਘ, ਸੁਖਵਿੰਦਰ ਕੌਰ, ਬਲਵੀਰ ਸਿੰਘ, ਚਰਨਜੀਤ ਸਿੰਘ, ਸੋਹਣ ਸਿੰਘ, ਕੁਲਵਿੰਦਰ ਸਿੰਘ ਅਤੇ ਹੋਰ ਹਾਜਰ ਸਨ।

# ਹੁਸੈਨੀਵਾਲਾ ਕਬੱਡੀ ਕੱਪ ’ਚ ਸ਼੍ਰੋਮਣੀ ਕਮੇਟੀ ਦੇ ਗੱਭਰੂ ਰਹੇ ਜੇਤੂ, ਭਾਂਗਰ ਉਪ ਜੇਤੂ

**ਕਾਂਗੜ ਬਿਜਲੀ ਮੰਤਰੀ ਪੰਜਾਬ ਵਲੋਂ ਕੀਤਾ ਗਿਆ ਉਦਘਾਟਨ ਖੇਡ ਪ੍ਰਮੋਟਰ ਰਾਜਾ ਕੰਗ ਨੇ ਵੰਡੇ ਜੇਤੂਆਂ ਨੂੰ ਇਨਾਮ**



ਹੁਸੈਨੀਵਾਲਾ/ ਫ਼ਿਰੋਜ਼ਪੁਰ 24 ਮਾਰਚ (ਗਿਆਨ ਸਿੰਘ): ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਮੈਮੋਰੀਅਲ ਸੁਸਾਇਟੀ ਫ਼ਿਰੋਜ਼ਪੁਰ ਵਲੋਂ ਸਹਿਕਾਰੀ ਸਭਾਵਾਂ ਕਰਮਚਾਰੀ ਯੂਨੀਅਨ ਆਦਿ ਸੰਸਥਾਵਾਂ ਦੇ ਸਹਿਯੋਗ ਨਾਲ ਪ੍ਰਵਾਸੀ ਭਾਰਤੀ ਖੇਡ ਪ੍ਰਮੋਟਰ ਬਿੰਦਰ ਇੰਗਲੈਂਡ ਦੀ ਅਗਵਾਈ ਹੇਠ ਕਰਵ-ਾਇਆ ਗਿਆ ਕਬੱਡੀ ਕੱਪ ਵਿਲੱਖਣ ਯਾਦਾਂ ਛੱਡਦਾ ਸਮਾਪਤ ਹੋ ਗਿਆ, ਜਿਸ ਦਾ ਉਦਘਾਟਨ ਗੁਰਪ੍ਰੀਤ ਸਿੰਘ ਕਾਂਗੜ ਬਿਜਲੀ ਮੰਤਰੀ ਪੰਜਾਬ ਵਲੋਂ ਕੀਤਾ ਗਿਆ। ਇਸ ਮੌਕੇ ਵਿਧਾਇਕ ਪਰਮਿੰਦਰ ਸਿੰਘ ਪਿੰਕੀ, ਜਸਮੇਲ ਸਿੰਘ ਲਾਡੀ ਗਹਿਰੀ, ਮਨਵਿੰਦਰ ਸਿੰਘ ਮਨੀ ਪਟੇਲ ਨਗਰ ਆਦਿ ਵੀ ਨਾਲ ਸਨ। ਓਪਨ ਕਬੱਡੀ ਕੱਪ ਦੇ ਹੋਏ ਬਹੁਤ ਹੀ ਫਸਵੇਂ ਅਤੇ ਦਿਲਚਸਪ ਮੁਕਾਬਲਿਆਂ ’ਚ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਦਰਸ਼ਨ ਸਿੰਘ ਸ਼ੇਰਖ਼ਾਂ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਪ੍ਰੀਤਮ ਸਿੰਘ ਮਲਸੀਆਂ ਦੀ ਅਗਵਾਈ ਹੇਠ ਪਹੁੰਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਟੀਮ ਨੇ ਖੇਡ ਮੇਲੇ ’ਚ ਅਕਾਲੀ ਦਲ ਟਕਸਾਲੀ ਯੂਥ ਵਿੰਗ ਦੇ ਕੌਮੀ ਪ੍ਰਧਾਨ ਹਰਸੁਖਇੰਦਰ ਸਿੰਘ ਬੱਬੀ ਬਾਦਲ, ਕਮਲ ਸ਼ਰਮਾ ਮੈਂਬਰ ਕੌਮੀ ਕਾਰਜਕਾਰਨੀ ਭਾਜਪਾ, ਜ਼ਿਲ੍ਹਾ ਭਾਜਪਾ ਪ੍ਰਧਾਨ ਦਵਿੰਦਰ ਬਜਾਜ, ਨਗਰ ਕੌਂਸਲ ਪ੍ਰਧਾਨ ਅਸ਼ਵਨੀ ਗਰੋਵਰ, ਲਖਵਿੰਦਰ ਸਿੰਘ ਰੱਤੋਵਾਲੀਆ ਸਾਬਕਾ ਚੇਅਰਮੈਨ, ਬਲਵੰਤ ਸਿੰਘ ਰੱਖੜੀ ਸਾਬਕਾ ਚੇਅਰਮੈਨ, ਅਸ਼ੀਸ਼ਪ੍ਰੀਤ ਸਿੰਘ ਸਾਂਈਆਂਵਾਲਾ ਪ੍ਰਧਾਨ ਜ਼ਿਲ੍ਹਾ ਯੂਥ ਅਕਾਲੀ ਦਲ ਸ਼ਹਿਰੀ, ਕਮਲਜੀਤ ਸਿੰਘ ਢੋਲੇਵਾਲਾ ਉਪ ਸੀਨੀਅਰ ਮੀਤ ਪ੍ਰਧਾਨ ਯੂਥ ਅਕਾਲੀ ਦਲ ਮਾਲਵਾ ਆਦਿ ਆਗੂਆਂ ਨੇ ਪਹੁੰਚ ਖਿਡਾਰੀਆਂ ਅਤੇ ਪ੍ਰਬੰਧਕਾਂ ਨੂੰ ਅਸ਼ੀਰਵਾਦ ਦਿੱਤਾ। ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਿੰਡ ਭਾਂਗਰ ਦੇ ਗੱਭਰੂਆਂ ਨੂੰ ਹਰਾ ਕੇ ਖੇਡ ਪ੍ਰਮੋਟਰ ਬਿੰਦਰ ਇੰਗਲੈਂਡ, ਬਲਜੀਤ ਮੱਲ੍ਹੀ ਯੂ.ਕੇ, ਵਰਿੰਦਰ ਕੰਬੋਜ ਯੂ.ਕੇ. ਵਲੋਂ ਸਪਾਂਸਰ ਕੀਤਾ ਗਿਆ। ਕਬੱਡੀ ਕੱਪ ਜਿੱਤ ਲਿਆ ਜਦ ਕਿ ਪਿੰਡ ਭਾਂਗਰ ਦੀ ਟੀਮ ਉਪ ਜੇਤੂ ਰਹੀ, ਜਿਸ ਨੂੰ ਪ੍ਰਵਾਸੀ ਭਾਰਤੀ ਤਰਸੇਮ ਸਿੰਘ ਮਸਕਟ ਵਾਲੇ ਅਤੇ ਸਰਬਜੀਤ ਸਿੰਘ ਸਾਬਾ ਬਾਜੀਦਪੁਰ ਵਲੋਂ 41 ਹਜਾਰ ਰੁਪਏ ਦਾ ਨਗਦ ਇਨਾਮ ਅਤੇ ਖਿਡਾਰੀ ਨੂੰ ਵਾਸ਼ਿੰਗ ਮਸ਼ੀਨ ਦੇ ਕੇ ਸਨਮਾਨਿਤ ਕੀਤਾ ਗਿਆ। ਮੁਕਾਬਲਿਆਂ ’ਚ ਸ਼੍ਰੋਮਣੀ ਕਮੇਟੀ ਦਾ ਖਿਡਾਰੀ ਜਰਮਨਜੀਤ ਸਿੰਘ ਲੱਧੂ, ਪਿੰਡ ਭਾਂਗਰ ਦੇ ਜੀਤਾ ਜਨੇਰ ਤੇ ਰਮਨ ਜਨੇਰ ਬੈਸਟ ਰੇਡਰ ਚੁਣੇ ਅਤੇ ਹੈਪੀ ਭਾਂਗਰ ਬੈਸਟ ਜਾਫ਼ੀ ਦੇ ਖ਼ਿਤਾਬ ਜਿੱਤੇ, ਜਿਨ੍ਹਾਂ ਨੂੰ 11-11 ਹਜਾਰ ਦੇ ਨਗਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ। 60 ਸਾਲਾ ਬਜ਼ੁਰਗਾਂ ਦੇ ਕਬੱਡੀ ਮੁਕਾਬਲੇ ’ਚ ਨਕੋਦਰ ਜੇਤੂ ਅਤੇ ਮੋਗਾ ਜ਼ਿਲ੍ਹਾ ਉਪ ਜੇਤੂ ਰਹੇ। ਕਬੱਡੀ ਕੋਚ ਅਵਤਾਰ ਕੌਰ ਦੀ ਦੇਖਰੇਖ ’ਚ ਹੋਏ ਲੜਕੀਆਂ ਦੇ ਕਬੱਡੀ ਮੁਕਾਬਲੇ ’ਚ ਪੰਜਾਬ ਜੇਤੂ ਅਤੇ ਹਰਿਆਣਾ ਦੀਆਂ ਮੁਟਿਆਰਾਂ ਉਪ ਜੇਤੂ ਰਹੀਆਂ। ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਖੇਡ ਪ੍ਰਮੋਟਰ ਰਾਜਾ ਕੰਗ ਯੂ.ਕੇ. ਵਾਲੇ, ਨਿਰਮਲ ਸਿੰਘ ਸੰਧੂ ਸੰਧਵਾ ਵਾਲੇ ਯੂ.ਕੇ., ਕੁਲਵਿੰਦਰ ਸਿੰਘ ਕੰਗ ਯੂ.ਕੇ., ਬਲਵਿੰਦਰ ਸਿੰਘ ਕੰਗ, ਗੁਰਚੇਤਨ ਸਿੰਘ ਨਿਰਵਾਣ ਯੂ.ਕੇ., ਰਾਜਬੀਰ ਸਿੰਘ ਉੱਪਲ ਵਕੀਲਾਂ ਵਾਲੀ ਵਲੋਂ ਨਿਭਾਉਂਦੇ ਸਮੇਂ ਖੇਡ ਪ੍ਰਬੰਧਾਂ ਦੀ ਸ਼ਲਾਘਾ ਕਰਦਿਆਂ ਸੁਸਾਇਟੀ ਨੂੰ ਇਕ ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਣ ਕੀਤਾ। ਇਸ ਮੌਕੇ ਐਡਵੋਕੇਟ ਪਰਵਿੰਦਰ ਸਿੰਘ ਪਰੀ ਬੂਟੇ ਵਾਲਾ ਨੇ ਅਗਲੇ ਸਾਲ ਬੈਸਟ ਰੇਡਰ-ਜਾਫ਼ੀ ਲਈ 21-21 ਹਜਾਰ ਰੁਪਏ ਦੇ ਨਗਦ ਇਨਾਮ ਦੇਣ ਦਾ ਐਲਾਣ ਕੀਤਾ। ਖੇਡ ਮੇਲੇ ਦੌਰਾਨ ਕੌਰ ਸਿੰਘ ਮਚਾਕੀ ਦੀ ਅਗਵਾਈ ਹੇਠ ਰੈਫ਼ਰੀਆਂ ਦੀਆਂ ਵਿਸਲਾਂ ਅਤੇ ਕੁਮੈਂਟੇਟਰ ਨਵਦੀਪ ਦਬੜੀ ਖਾਨ ਗੁਰਚਰਨ ਸਿੰਘ ਸਨੇਰ, ਰਾਜ ਮੇਹਰ ਸਿੰਘ ਵਾਲਾ ਦੇ ਮਿੱਠੇ, ਕਰਾਰੇ ਤੇ ਦਿਲ ਖਿਚਵੇਂ ਬੋਲਾਂ ਨੇ ਦਰਸ਼ਕਾਂ ਨੂੰ ਖੇਡ ਗਰਾਊਂਡਾਂ ਵੱਲ ਖਿੱਚ ਕੇ ਜੋਸ਼ ਭਰੀ ਰੱਖਿਆ। ਖੇਡ ਮੇਲੇ ’ਚ ਬਲਦੇਵ ਸਿੰਘ ਭੁੱਲਰ ਮੈਂਬਰ ਕੰਜਿਊਮਰ ਕੋਰਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਥੇਦਾਰ ਪ੍ਰੀਤਮ ਸਿੰਘ ਮਲਸੀਆਂ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਦਰਸ਼ਨ ਸਿੰਘ ਸ਼ੇਰਖ਼ਾਂ, ਜਥੇਦਾਰ ਕਰਨੈਲ ਸਿੰਘ ਭਾਵੜਾ ਪ੍ਰਧਾਨ ਜੱਟ ਰਾਖਵਾਂ ਕਰਨ ਸੰਘਰਸ਼ ਸੰਮਤੀ, ਦਲਵਿੰਦਰ ਸਿੰਘ ਗੋਸ਼ਾ ਮਰੂੜ ਪ੍ਰਧਾਨ ਕੋਆਪਰੇਟਿਵ ਸੁਸਾਇਟੀ ਖੋਸਾ ਦਲ ਸਿੰਘ, ਮਨਦੀਪ ਮੋਟੂ ਯੂ.ਐਫ਼.ਸੀ. ਜਿੰਮ ਵਾਲੇ, ਡਾ: ਜੀ.ਐਸ. ਢਿੱਲੋਂ, ਬਲਕਾਰ ਸਿੰਘ ਗਿੱਲ ਰੱਤਾ ਖੇੜਾ ਮੈਂਬਰ ਬਲਾਕ ਸੰਮਤੀ, ਭਾਜਪਾਈ ਆਗੂ ਲਖਵੀਰ ਸਿੰਘ ਉੱਪਲ ਵਕੀਲਾਂਵਾਲੀ, ਬਲਵਿੰਦਰ ਸਿੰਘ ਪੱਪੂ ਕੋਤਵਾਲ, ਕੋਚ ਚਰਨ ਸਿੰਘ ਘਾਂਗਾ, ਕਮਲਜੀਤ ਸਿੰਘ ਢੋਲੇਵਾਲਾ ਉਪ ਪ੍ਰਧਾਨ ਯੂਥ ਅਕਾਲੀ ਦਲ ਬਾਦਲ, ਅਕਾਲੀ ਦਲ ਟਕਸਾਲੀ ਆਗੂ ਜਥੇਦਾਰ ਚਰਨ ਸਿੰਘ ਫ਼ਾਜ਼ਿਲਕਾ, ਆਪ ਆਗੂ ਬੀਬੀ ਭੁਪਿੰਦਰ ਕੌਰ ਸੰਧੂ ਬਸਤੀ ਭਾਗ ਸਿੰਘ, ਸੁਖਰਾਜ ਸਿੰਘ ਗੋਰਾ ਫ਼ਿਰੋਜ਼ਸ਼ਾਹ, ਜਸਪਾਲ ਸਿੰਘ ਕੌਮੀ ਸੀਨੀਅਰ ਮੀਤ ਪ੍ਰਧਾਨ ਫੈਡਰੇਸ਼ਨ ਮਹਿਤਾ, ਸੁਖਵਿੰਦਰ ਸਿੰਘ ਅਟਾਰੀ ਪ੍ਰਧਾਨ ਯੂਥ ਕਾਂਗਰਸ ਹਲਕਾ ਫ਼ਿਰੋਜ਼ਪੁਰ ਸ਼ਹਿਰੀ, ਬਲਬੀਰ ਸਿੰਘ ਬਾਠ ਮੈਂਬਰ ਬਲਾਕ ਸੰਮਤੀ, ਗੁਰ-ਦੇਵ ਸਿੰਘ ਮਹਿਮਾ ਪ੍ਰਧਾਨ ਜ਼ਿਲ੍ਹਾ ਸਹਿਕਾਰੀ ਸਭਾਵਾਂ ਕਰਮਚਾਰੀ ਯੂਨੀਅਨ, ਸੁਖਵਿੰਦਰ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ, ਕੌਮੀ ਪੁਰਸਕਾਰ ਪ੍ਰਾਪਤ ਡਾ: ਰਮੇਸ਼ਵਰ ਸਿੰਘ, ਗੁਰਦਿਆਲ ਸਿੰਘ ਵਿਰਕ ਰਿਟਾ: ਐਸ.ਡੀ.ਓ., ਬਲਵਿੰਦਰ ਸਿੰਘ ਪੱਪੂ ਕੋਤਵਾਲ, ਸੁਮੇਰ ਸਿੰਘ ਮੈਨੇਜਰ ਗੁਰਦੁਆਰਾ ਜ਼ਾਮਨੀ ਸਾਹਿਬ ਪ੍ਰਬੰਧਕ ਕਮੇਟੀ ਬਾਜੀਦਪੁਰ, ਰਵਿੰਦਰ ਸਿੰਘ ਭੁੱਲਰ ਐਸ.ਐੱਚ.ਓ. ਸਦਰ ਥਾਣਾ, ਕਰਨੈਲ ਸਿੰਘ ਪੁਲਿਸ ਚੌਂਕੀ ਇੰਚਾਰਜ ਬਾਰੇਕੇ ਆਦਿ ਪਹੁੰਚੇ।

# ਨਵਦੀਪ ਸਿੰਘ ਗਿੱਲ ਦੀ ਪੁਸਤਕ ‘ਨੌਂਲੱਖਾ ਬਾਗ਼’ ਲੋਕ ਅਰਪਣ



ਲੁਧਿਆਣਾ, 24 ਮਾਰਚ (ਗਿਆਨ ਸਿੰਘ): ਸ਼ਹੀਦ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਨੂੰ ਪੰਜਾਬ ਲੋਕ ਵਿਰਾਸਤ ਅਕਾਡਮੀ ਵੱਲੋਂ ਜੀ ਜੀ ਐੱਨ ਖਾਲਸਾ ਕਾਲਿਜ ਲੁਧਿਆਣਾ ਵਿਖੇ ਕਰਵਾਏ ਸਮਾਗਮ ਵਿੱਚ ਪੰਜਾਬ ਸਰਕਾਰ ਦੇ ਸੂਚਨਾ ਤੇ ਲੋਕ ਸੰਪਰਕ ਅਫਸਰ ਅਤੇ ਉੱਘੇ ਲੇਖਕ ਨਵਦੀਪ ਸਿੰਘ ਗਿੱਲ ਦੀ ਨਵੀਂ ਪੁਸਤਕ ‘ ਨੌਂਲੱਖਾ ਬਾਗ ਨੂੰ ਸਮਾਗਮ ਦੇ ਮੁੱਖ ਮਹਿਮਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਵਾਈਸ ਚਾਂਸਲਰ ਡਾ: ਐੱਸ ਪੀ ਸਿੰਘ,ਸ਼੍ਰੋਮਣੀ ਸਾਹਿਤਕਾਰ ਓਮ ਪ੍ਰਕਾਸ਼ ਗਾਸੋ, ਪ੍ਰਸਿੱਧ ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਪ੍ਰੋ. ਰਵਿੰਦਰ ਸਿੰਘ ਭੱਠਲ ਤੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਗਿੱਲ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਡਾਇਰੈਕਟਰ ਅਤੇ ਉਘੇ ਨਾਟਕਰਮੀ ਡਾ.ਨਿਰਮਲ ਜੌੜਾ ਨੇ ਲੋਕ ਅਰਪਨ ਕੀਤਾ।

ਸਮਾਰੋਹ ਦਾ ਸੰਚਾਲਨ ਕਰਦਿਆਂ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ ਗੁਰਭਜਨ ਗਿੱਲ ਨੇ ਦੱਸਿਆ ਕਿ ਨਵਦੀਪ ਸਿੰਘ ਗਿੱਲ ਦੀ ਇਹ ਚੌਥੀ ਪੁਸਤਕ ਹੈ। ਇਸ ਤੋਂ ਪਹਿਲਾ ਉਹ ਤਿੰਨ ਪੁਸਤਕਾਂ ਖੇਡਾਂ ਬਾਰੇ ਲਿਖ ਚੁਕਾ ਹੈ। ਜਿੰਨ੍ਹਾਂ ਦੇ ਨਾਮ ‘ਖੇਡ ਅੰਬਰ ਦੇ ਪੰਜਾਬੀ ਸਿਤਾਰੇ‘, ‘ਮੈਂ ਇਵੇਂ ਵੇਖੀਆਂ ਏਸ਼ਿਆਈ ਖੇਡਾਂ‘ ਤੇ ‘ਅੱਖੀਂ ਵੇਖੀਆਂ ਓਲੰਪਿਕ ਖੇਡਾਂ ਸਨ।

ਡਾ: ਐੱਸ ਪੀ ਸਿੰਘ ਨੇ ਅਦਬੀ ਜਗਤ ਵਿੱਚ ਇਸ ਨਵੀਂ ਪੁਸਤਕ ਦਾ ਸਵਾਗਤ ਕਰਦਿਆਂ ਕਿਹਾ ਕਿ ਨਵਦੀਪ ਵੱਲੋਂ ਲਿਖੀ ਇਹ ਕਿਤਾਬ ਇਕ ਤਰ੍ਹਾਂ ਨਾਲ ਜੀਵਨੀ ਮੂਲਕ ਸੰਪੂਰਨ ਦਸਤਾਵੇਜ਼ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਬਹੁਤ ਲਾਹੇਵੰਦ ਹੋਵੇਗੀ। ਉਨ੍ਹਾਂ ਕਿਹਾ ਕਿ ਲੇਖਕ ਨੇ ਸਾਹਿਤ ਤੇ ਸੱਭਿਆਚਾਰ ਦੀਆਂ ਨੌਂ ਪ੍ਰਸਿੱਧੀਆਂ ਹਸਤੀਆਂ ਦੇ ਜੀਵਨੀ ਮੂਲਕ ਵੱਡੇ ਰੇਖਾ ਚਿੱਤਰ ਲਿਖ ਕੇ ਇਤਿਹਾਸ ਨੂੰ ਸਾਂਭਣ ਦਾ ਉਪਰਾਲਾ ਕੀਤਾ ਹੈ।ਇਹ ਹਸਤੀਆਂ ਰਾਮ ਸਰੂਪ ਅਣਖੀ, ਓਮ ਪ੍ਰਕਾਸ਼ ਗਾਸੋ, ਜਗਦੇਵ ਸਿੰਘ ਜੱਸੋਵਾਲ, ਪ੍ਰੋ ਰਵਿੰਦਰ ਭੱਠਲ, ਪ੍ਰਿੰ ਸਰਵਣ ਸਿੰਘ, ਸਿੱਧੂ ਦਮਦਮੀ, ਗੁਰਭਜਨ ਗਿੱਲ, ਸ਼ਮਸ਼ੇਰ ਸਿੰਘ ਸੰਧੂ ਤੇ ਡਾ ਨਿਰਮਲ ਜੌੜਾ ਹਨ ਜਿਨ੍ਹਾਂ ਬਾਰੇ ਲੇਖਕ ਨੇ ਪੁਸਤਕ ਵਿੱਚ ਵਿਸਥਾਰ ਵਿੱਚ ਲਿਖਿਆ ਹੈ ਅਤੇ ਇਨ੍ਹਾਂ ਬਾਰ ਪਾਠਕਾਂ ਨੂੰ ਪਹਿਲੀ ਵਾਰ ਨਵੀਂ ਤੇ ਰੌਚਕ ਜਾਣਕਾਰੀ ਮਿਲਦੀ ਹੈ।ਉਨ੍ਹਾਂ ਕਿਹਾ ਕਿ ਨੌਂ ਵਿੱਚੋਂ ਤਿੰਨ ਓਮ ਪ੍ਰਕਾਸ਼ ਗਾਸੋ,ਸ਼ਮਸ਼ੇਰ ਸਿੰਘ ਸੰਧੂ ਤੇ ਗੁਰਭਜਨ ਗਿੱਲ ਮੇਰੇ ਮਾਣਮੱਤੇ ਵਿਦਿਆਰਥੀ ਰਹੇ ਹਨ।

ਬਰਨਾਲਾ ਤੋਂ ਆਏ ਨਾਵਲਕਾਰ ਓਮ ਪ੍ਰਕਾਸ਼ ਗਾਸੋ ਨੇ ਕਿਹਾ ਕਿ ਨਵੀਂ ਪੀੜ੍ਹੀ ਨੂੰ ਸ਼ਬਦ ਸੱਭਿਆਚਾਰ ਨਾਲ ਜੋੜਨ ਦੀ ਲੋੜ ਹੈ ਅਤੇ ਨੌਜਵਾਨ ਲੇਖਕਾਂ ਵੱਲੋਂ ਪੁਸਤਕਾਂ ਲਿਖਣਾ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਲੇਖਕ ਦੇ ਪਰਿਵਾਰ ਨਾਲ ਆਪਣੇ ਪੁਰਾਣੇ ਸੰਬੰਧਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਨਵਦੀਪ ਨੂੰ ਪੜ੍ਹਨ-ਲਿਖਣ ਦੀ ਗੁੜ੍ਹਤੀ ਆਪਣੇ ਪਿਤਾ ਸ: ਸੁਰਜੀਤ ਸਿੰਘ ਗਿੱਲ ਤੋਂ ਮਿਲੀ ਹੈ।

# ਧੀਰੋਆਣਾ ਸਾਹਿਬ ਸਪੋਰਟਸ ਕਲੱਬ ਦੇ ਫੁੱਟਬਾਲ ਖਿਡਾਰੀਆਂ ਨੂੰ ਵਰਦੀਆਂ ਅਤੇ ਕਿੱਟਾਂ ਦਿੱਤੀਆਂ



ਧੀਰੋਆਣਾ ਸਾਹਿਬ ਸਪੋਰਟਸ ਕਲੱਬ ਪਿੰਡ ਕੰਗਣੀਵਾਲ ਦੇ ਸਮੂਹ ਮੈਂਬਰਾਂ ਵਲੋਂ ਅੱਜ ਫੁੱਟਬਾਲ ਦੇ ਸ਼ੋ ਮੈਚ ਕਰਵਾਏ ਗਏ। ਜਿਸ ਦੌਰਾਨ ਐਨ.ਆਰ.ਆਈ ਜੇ ਸਿੰਘ, ਦੇਵ ਮੁੰਡੀ ਕੈਨੇਡਾ, ਤਰਲੋਚਨ ਸਿੰਘ ਪਿੰਡ ਕੰਗਣੀਵਾਲ ਦੀ ਗਰਾਂਉਡ ਵਿੱਖੇ ਪੁੱਜੇ ਅਤੇ ਐਨ.ਆਰ.ਆਈ ਸਭਾ ਕਬੂਲਪੁਰ ਦੇ ਵਿਸ਼ੇਸ਼ ਉਪਰਾਲੇ ਨਾਲ 19 ਖਿਡਾਰੀਆਂ ਨੂੰ ਵਰਦੀਆਂ ਅਤੇ ਸਪੋਰਟਸ ਕਿੱਟਾਂ ਭੇਟ ਕੀਤੀਆਂ। ਇਸ ਮੌਕੇ ਐਨ.ਆਰ.ਆਈ ਦੇਵ ਮੁੰਡੀ ਅਤੇ ਜੇ ਸਿੰਘ ਨੇ ਕਿਹਾ ਨੌਜਵਾਨ ਸਾਡੇ ਪੰਜਾਬ ਦਾ ਅਨਮੋਲ ਭਵਿੱਖ ਹਨ, ਜੋ ਇਹ ਫੁੱਟਬਾਲ ਦੀ ਖੇਡ ਵੱਲ ਆਪਣੀ ਰੁੱਚੀ ਦਿਖਾ ਰਹੇ ਹਨ। ਉਹ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਕਿਹਾ ਅਸੀ ਇਨ੍ਹਾਂ ਨੌਜਵਾਨਾਂ ਦੀ ਸੇਵਾ ਵਿਚ ਹਰ ਵੇਲੇ ਹਾਜ਼ਰ ਰਹਾਂਗੇ ਅਤੇ ਹਰ ਪੱਖੋਂ ਉਨ੍ਹਾਂ ਦਾ ਸਾਥ ਦੇਵਾਂਗੇ। ਇਸ ਮੌਕੇ ਉਨ੍ਹਾਂ ਕੋਚ ਅਮਰੀਕ ਸਿੰਘ ਦਾ ਵੀ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਐਡਵੋਕੇਟ ਸੁਦੇਸ਼ ਕੁਮਾਰੀ, ਦਰਸ਼ਨ ਲਾਲ, ਡਾ. ਪਵਨ ਕੁਮਾਰ, ਵਰਿੰਦਰ ਚੈਰੀ, ਗੁਰਵਿੰਦਰ ਸਿੰਘ, ਰਣਜੀਤ ਜੀਤਾ, ਹਰਜੀਤ ਸਿੰਘ, ਰਵਿੰਦਰ ਕਾਲਾ ਅਤੇ ਹੋਰ ਹਾਜ਼ਰ ਸਨ।

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ




ਕਰਤਾਰ ਫਰਨੀਚਰ

- ਅਸੀਂ ਸੌਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6

A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

# ਕਿਉਂ ਹੁੰਦਾ ਹੈ ਹਾਰਟ ਅਟੈਕ

(ਡਾ. ਸੰਦੀਪ ਚੋਪੜਾ, ਹਾਰਟ ਸਪੈਸ਼ਲਿਸਟ)



ਮਿਹਨਤ ਕਰਨ ਵਾਲਿਆਂ ਦੇ ਮੁਕਾਬਲੇ ਵੱਡੇ ਆਦਮੀ ਕਹਾਉਣ ਵਾਲਿਆਂ ਨੂੰ ਦਿਲ ਦੀਆਂ ਬਿਮਾਰੀਆਂ ਜਿਹੇ ਰੋਗ ਵਧੇਰੇ ਘੇਰਦੇ ਹਨ। ਸਰੀਰਕ ਮਿਹਨਤ ਤੋਂ ਬਚੇ ਰਹਿਣ ਦੀ ਉਨ੍ਹਾਂ ਦੀ ਆਰਾਮਤਲਬੀ ਬਹੁਤ ਮਹਿੰਗੀ ਪੈਂਦੀ ਹੈ। ਇਸੇ ਤਰ੍ਹਾਂ ਉਨ੍ਹਾਂ ਦਾ ਚਿਕਨਾਈ ਪ੍ਰਧਾਨ ਮਸਾਲੇਦਾਰ ਭੁੰਨਿਆ-ਤਲਿਆ ਕੀਮਤੀ ਖਾਣਾ ਅਮੀਰਾਂ ਦੀ ਸ਼ਾਨ ਨੂੰ ਵਧਾਉਂਦਾ ਹੈ ਪਰ ਨਤੀਜੇ ਵਜੋਂ ਉਹ ਵੀ ਦਿਲ ਦੇ ਰੋਗ ਜਿਹੀ ਮੁਸੀਬਤ ਖੜ੍ਹੀ ਕਰ ਦਿੰਦਾ ਹੈ। ਉਂਝ ਤਾਂ ਦਿਲ ਦੇ ਰੋਗੀਆਂ ਨੂੰ ਪੂਰੇ ਆਰਾਮ ਦੀ ਸਲਾਹ ਦਿੱਤੀ ਜਾਂਦੀ ਹੈ ਪਰ ਇਹ ਤੇਜ਼ ਦਰਦ ਸਮੇਂ ਹੀ ਠੀਕ ਹੈ। ਆਮ ਤੌਰ 'ਤੇ ਉਨ੍ਹਾਂ ਨੂੰ ਟਹਿਲਣ, ਮਾਲਿਸ਼ ਕਰਨ, ਹਲਕੇ ਆਸਨ ਜਿਵੇਂ ਘੱਟ ਦਬਾਅ ਪਾਉਣ ਵਾਲੀ ਸਰੀਰਕ ਮਿਹਨਤ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਖੂਨ ਦੇ ਦੌਰੇ 'ਚ ਕੋਈ ਰੁਕਾਵਟ ਪੈਦਾ ਨਾ ਹੋਵੇ। ਇਸੇ ਤਰ੍ਹਾਂ ਉਨ੍ਹਾਂ ਨੂੰ ਖਾਣ-ਪਾਣ 'ਚ ਵੀ ਫਲ, ਸਬਜ਼ੀਆਂ ਆਦਿ ਲੈਣੀਆਂ ਚਾਹੀਦੀਆਂ ਹਨ। ਚਿਕਨਾਈ ਯੁਕਤ ਵਸਤਾਂ ਘੱਟ ਤੋਂ ਘੱਟ ਲੈਣੀਆਂ ਚਾਹੀਦੀਆਂ ਹਨ। ਦੁੱਧ ਦੀ ਮਲਾਈ ਕੱਢ ਕੇ ਹੀ ਲੈਣਾ ਚੰਗਾ ਹੁੰਦਾ ਹੈ।

ਖੂਨ ਵਿਚ ਇਕ ਘੁਲਣਸ਼ੀਲ ਪ੍ਰੋਟੀਨ 'ਫਰਾਈ ਵ੍ਰਿਨੋਜਨ' ਪਾਇਆ ਜਾਂਦਾ ਹੈ। ਇਹ ਸੱਟ ਲੱਗਣ 'ਤੇ ਰੂਪ ਬਦਲਦਾ ਹੈ ਅਤੇ ਖੂਨ ਵਿਚ ਮਕੜੀ ਦੇ ਜਾਲੇ ਵਾਂਗ ਬੁਣਾਈ ਕਰ ਦਿੰਦਾ ਹੈ। ਖੂਨ ਦੇ ਕਣ ਉਸ ਵਿਚ ਆ ਕੇ ਅਟਕ ਜਾਂਦੇ ਹਨ। ਇਹੀ ਉਹ ਥੱਕਾ ਹੁੰਦਾ ਹੈ ਜੋ ਸੱਟ ਲੱਗਣ ਵਾਲੀ ਥਾਂ ਤੋਂ ਵਗਦੇ ਖੂਨ ਦਾ ਰਸਤਾ ਬੰਦ ਕਰਕੇ ਉਸ ਨੂੰ ਰੋਕਦਾ ਹੈ। ਕਦੇ-ਕਦੇ ਸਰੀਰਕ ਵਿਕਾਰਾਂ ਕਾਰਨ ਵੀ ਖੂਨ ਵਿਚ ਇਹ ਥੱਕੇ ਤੇਜ਼ ਰਫਤਾਰ ਨਾਲ ਬਣਨਾ ਸ਼ੁਰੂ ਕਰ ਦਿੰਦੇ ਹਨ। ਉਹ ਖੂਨ ਨਾੜੀਆਂ ਵਿਚ ਘੁੰਮਦੇ ਹੋਏ ਖੂਨ ਦੇ ਦੌਰੇ ਦੀ ਸੁਭਾਵਿਕ ਪ੍ਰਕਿਰਿਆ ਵਿਚ ਰੁਕਾਵਟ ਪੈਦਾ ਕਰਦੇ ਹਨ। ਇਹ ਥੱਕੇ ਜਿਥੇ ਅਟਕ ਜਾਂਦੇ ਹਨ ਉਥੇ ਬੇਚੈਨੀ ਪੈਦਾ ਕਰਦੇ ਹਨ। ਹੱਥ, ਪੈਰ ਦਿਲ ਤੋਂ ਦੂਰ ਹੁੰਦੇ ਹਨ, ਇਸ ਲਈ ਇਨ੍ਹਾਂ ਥੱਕਿਆਂ ਨੂੰ ਉਥੇ ਦੇ ਹਲਕੇ ਖੂਨ ਦੇ ਦੌਰੇ ਵਿਚ ਜ਼ਿਆਦਾ ਠਹਿਰਣ ਅਤੇ ਰੁਕਣ ਦੀ ਸਹੂਲਤ ਮਿਲ ਜਾਂਦੀ ਹੈ। ਫਲਸਰੂਪ ਜ਼ਰਾ ਜਿੰਨੀ ਗੱਲ 'ਤੇ ਹੱਥਾਂ-ਪੈਰਾਂ 'ਚ ਝਰਨਾਹਟ ਹੋਣ ਲੱਗਦੀ ਹੈ। ਇਸ ਨੂੰ ਦਬਾਉਣ ਨਾਲ ਕੁਝ ਰਾਹਤ ਮਿਲਣ ਦਾ ਇਹੀ ਕਾਰਨ ਹੈ ਕਿ ਦਬਾਉਣ ਨਾਲ ਉਹ ਥੱਕੇ ਕਿਸੇ ਤਰ੍ਹਾਂ ਕੁੱਟ-ਪੀਸ ਕੇ ਇਕ ਹੱਦ ਤਕ ਖੂਨ ਦੇ ਦੌਰੇ ਨਾਲ ਅੱਗੇ ਵਧਣ ਲਾਇਕ ਹੋ ਜਾਂਦੇ ਹਨ।

ਡਾਕਟਰੀ ਭਾਸ਼ਾ ਵਿਚ ਖੂਨ ਦੇ ਇਨ੍ਹਾਂ ਥੱਕਿਆਂ ਨੂੰ 'ਥ੍ਰਾਂਬੋਸਿਸ' ਕਿਹਾ ਜਾਂਦਾ ਹੈ। ਇਹ ਕਦੇ-ਕਦੇ ਦਿਲ ਦੀ ਨਾੜੀ 'ਚ ਜਾ ਪਹੁੰਚਦੇ ਹਨ ਅਤੇ 'ਹਾਰਟ ਅਟੈਕ' ਜਿਹਾ ਜਾਨਲੇਵਾ ਸੰਕਟ ਪੈਦਾ ਕਰ ਦਿੰਦੇ ਹਨ। ਜੇਕਰ ਉਨ੍ਹਾਂ ਦੀ ਰੁਕਾਵਟ ਕੁਝ ਮਿੰਟ ਹੀ ਖੂਨ ਦੇ ਦੌਰੇ ਨੂੰ ਰੋਕ ਦੇਵੇ ਤਾਂ ਸਮਝਣਾ ਚਾਹੀਦਾ ਹੈ ਕਿ ਦਿਲ ਦੀ ਧੜਕਨ ਬੰਦ ਹੋਈ ਅਤੇ ਜਾਨ ਨਿਕਲ ਗਈ। ਥੋੜ੍ਹੀ ਦੇਰ ਦੀ ਰੁਕਾਵਟ ਵੀ ਭਿਆਨਕ ਛਟਪਟਾਹਟ ਪੈਦਾ ਕਰ ਦਿੰਦੀ ਹੈ ਅਤੇ ਮਰੀਜ਼ ਨੂੰ ਲੱਗਦਾ ਹੈ ਕਿ ਉਹ ਹੁਣ ਗਿਆ ਤੇ ਹੁਣ ਗਿਆ। ਹਾਈ ਬਲੱਡ ਪ੍ਰੈਸ਼ਰ ਨਾਲ ਉਨੀਂਦਰਾਪਣ, ਕਮਜ਼ੋਰੀ, ਬੇਹੋਸ਼ੀ, ਦੌਰੇ ਪੈਣਾ, ਬਦਹਜ਼ਮੀ, ਬੁਰੇ ਸੁਪਨੇ, ਪਸੀਨੇ ਦਾ ਵਧਣਾ ਜਿਹੀਆਂ ਸ਼ਿਕਾਇਤਾਂ ਹੁੰਦੀਆਂ ਹਨ। ਖੂਨ ਵਿਚ ਖਟਾਈ ਦੀ ਮਾਤਰਾ ਵਧਣਾ, ਸਰੀਰ ਅਤੇ ਦਿਮਾਗ ਦਾ ਉਤੇਜਿਤ ਰਹਿਣਾ ਅਤੇ ਹਾਈ ਬਲੱਡ ਪ੍ਰੈਸ਼ਰ ਦੱਸਦਾ ਹੈ ਕਿ ਅੰਗਾਂ ਦੇ ਸੰਚਾਲਨ ਵਿਚ ਜਿੰਨੀ ਊਰਜਾ ਜੁਟਾਈ ਜਾਣੀ ਚਾਹੀਦੀ ਹੈ, ਉਹ ਜੁਟ ਨਹੀਂ ਪਾ ਰਹੀ ਹੈ। ਇਨ੍ਹਾਂ ਵਿਕਾਰਾਂ ਨੂੰ ਦਵਾਈਆਂ ਨਾਲ ਹੀ ਕੁਝ ਸਮੇਂ ਲਈ ਠੀਕ ਕੀਤਾ ਜਾ ਸਕਦਾ ਹੈ। ਸਰੀਰਕ ਅਤੇ ਮਾਨਸਿਕ ਸੰਜਮ ਨਾਲ ਹੀ ਹਾਰਟ ਅਟੈਕ ਨੂੰ ਰੋਕਿਆ ਜਾ ਸਕਦਾ ਹੈ। ਉਸ ਨੂੰ ਅਪਣਾ ਕੇ ਹਾਈ ਬਲੱਡ ਪ੍ਰੈਸ਼ਰ, ਦਿਲ ਦੇ ਰੋਗ, ਉਨੀਂਦਰਾ, ਡਾਇਬਟੀਜ਼ ਜਿਹੇ ਜਾਨਲੇਵਾ ਰੋਗਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਬਦਹਜ਼ਮੀ ਤੋਂ ਬਚੇ ਰਹਿ ਕੇ ਬਲੱਡ ਪ੍ਰੈਸ਼ਰ ਅਤੇ ਹਾਰਟ ਅਟੈਕ ਤੋਂ ਬਚਿਆ ਜਾ ਸਕਦਾ ਹੈ।

# ਹਰੇ ਪਾਣੀ ਵਾਲਾ ਟੱਬ

-ਬੀ ਐਸ ਢਿੱਲੋਂ ਐਡਵੋਕੇਟ

ਫੋਨ ਦੀ ਘੰਟੀ ਵੱਜੀ ਤੇ ਫਿਰ ਵੱਜਦੀ ਰਹੀ। ਘੇਸਲ ਮਾਰੀ ਪਏ ਨੇ ਬੈਡ ਸਵਿਚ ਦੱਬ ਕੇ ਸਾਹਮਣੀ ਕੰਧ 'ਤੇ ਸਮਾਂ ਦੇਖਿਆ। ਦੋ ਵੱਜੇ ਸਨ। ਕੌਣ ਹੋਇਆ? ਦਫਤਰ ਜਾ ਕੇ ਫੋਨ ਚੁੱਕਿਆ। ਦੂਜੇ ਪਾਸਿਉਂ ਹਲੀਮੀ ਭਰੀ ਆਵਾਜ਼ ਆਈ, 'ਢਿੱਲੋਂ ਸਾਬ੍ਹ, ਸਤ ਸ੍ਰੀ ਅਕਾਲ ਜੀ। ਇੰਗਲੈਂਡ ਤੋਂ ਐਚ ਐਸ ਥਿਆੜਾ ਬੋਲਦਾਂ ਜੀ। ਤੁਹਾਡਾ ਪੁਰਾਣਾ ਪਾਠਕ।' ਅਕਸਰ ਇੱਦਾਂ ਹੀ ਹੁੰਦਾ ਸੀ। 15-16 ਸਾਲ ਪਹਿਲਾਂ ਅੱਜ ਵਾਲੇ ਸਾਧਨ ਨਹੀਂ ਸਨ। ਮੈਂ ਕੁਝ ਕੁ ਵਿਦੇਸ਼ੀ ਅਖਬਾਰਾਂ ਦੇ ਈਮੇਲ ਪਤਿਆਂ ਉਤੇ ਆਪਣੇ ਲੇਖ ਬਾਹਰਲੇ ਪਰਚਿਆਂ ਨੂੰ ਭੇਜਣ ਲੱਗ ਪਿਆ ਸੀ।

ਅੱਜ ਵੀ ਯਾਦ ਹੈ, ਜਦੋਂ 2003 ਵਿੱਚ ਇੰਗਲੈਂਡ ਤੋਂ ਛਪਦੇ 'ਲਿਖਾਰੀ ਡਾਟ ਕਾਮ' ਨੇ ਮੇਰਾ ਪਹਿਲਾ ਲੇਖ ਛਾਪਿਆ ਸੀ, ਪਹਿਲਾ ਫੋਨ ਸਿਡਨੀ ਤੋਂ ਗਿਆਨੀ ਸੰਤੋਖ ਸਿੰਘ ਦਾ ਆਇਆ ਸੀ। ਫਿਰ ਵਿਦੇਸ਼ੀ ਪਾਠਕ ਇਕ-ਇਕ ਕਰਕੇ ਮੇਰੇ ਮਿੱਤਰਾਂ ਦੀ ਮਾਲਾ ਦੇ ਮਣਕੇ ਬਣਦੇ ਗਏ। 'ਸਤ ਸ੍ਰੀ ਅਕਾਲ ਜੀ।' ਮੈਂ ਉਬਾਸੀ ਲੈਂਦੇ ਨੇ ਫਤਿਹ ਦਾ ਜਵਾਬ ਦਿੱਤਾ। ਅਸੀਂ ਦੋ ਕੁ ਮਿੰਟ ਗੱਲ ਕੀਤੀ। ਫਿਰ ਜਾਣ ਪਛਾਣ ਦੋਸਤੀ ਵਿੱਚ ਬਦਲਣ ਲੱਗੀ। ਉਨ੍ਹਾਂ ਦਾ ਇਕ ਸਾਢੂ ਨੇਵੀ ਵਿੱਚੋਂ ਕਰਨਲ ਰਿਟਾਇਰ ਹੋ ਕੇ 32 ਸੈਕਟਰ (ਚੰਡੀਗੜ੍ਹ) ਰਹਿੰਦਾ ਸੀ। ਸ਼ਾਮ ਨੂੰ ਉਹਦੇ ਘਰ ਨੇਵੀ ਵਾਲੇ ਅਫਸਰਾਂ ਦੀਆਂ ਮਹਿਫਲਾਂ 'ਚ ਅਸੀਂ ਇਕੱਠੇ ਹੁੰਦੇ ਤੇ ਕਦੀ ਮੈਂ ਉਸ ਨੂੰ ਚੰਡੀਗੜ੍ਹ ਕਲੱਬ ਵਿੱਚ ਬੁਲਾ ਲੈਂਦਾ।

ਥਿਆੜਾ ਸਾਬ੍ਹ ਜਲੰਧਰ ਕੋਲ ਆਪਣੇ ਪਿੰਡ ਨਵੀਂ ਕੋਠੀ ਬਣਾਉਣ ਲੱਗੇ। ਜੰਡੂ ਸਿੰਘਾ ਕੋਲ ਉਨ੍ਹਾ ਦਾ ਛੋਟਾ ਜਿਹਾ ਪਿੰਡ ਹੈ। ਜੰਡੂ ਸਿੰਘਾ ਹੁਸ਼ਿਆਰਪੁਰ ਰੋਡ 'ਤੇ ਰਹਿ ਜਾਂਦਾ ਹੈ ਤੇ ਉਨ੍ਹਾਂ ਦਾ ਪਿੰਡ ਸੜਕ ਤੋਂ ਦੋ ਕੁ ਕਿਲੋਮੀਟਰ ਹਟਵਾਂ ਹੈ। ਫਿਰ ਉਸ ਦੀ ਇਕ ਲੱਤ ਇੰਗਲੈਂਡ ਤੇ ਦੂਜੀ ਪੰਜਾਬ ਹੁੰਦੀ। ਸਾਲ ਕੁ ਬਾਅਦ ਉਹਨੇ ਬੜਾ ਖੁਸ਼ ਹੋ ਕੇ ਮੈਨੂੰ ਕੋਠੀ ਦੀ ਚੱਠ 'ਤੇ ਸੱਦਿਆ। ਮੈਂ ਐਤਵਾਰ ਨੂੰ ਠੀਕ ਵਕਤ ਸਿਰ ਵਾਲਵੋ ਰਾਹੀਂ ਜਲੰਧਰ ਪੁੱਜਣ ਦਾ ਵਾਅਦਾ ਕੀਤਾ। ਉਹਦੇ ਪਿੰਡੋਂ ਇਕ ਮੁੰਡਾ ਟੈਕਸੀ ਚਲਾਉਂਦਾ ਹੈ। ਮੈਂ ਉਹਨੂੰ ਦੱਸਿਆ ਕਿ ਮੇਰੇ ਚੈਕ ਦਾ ਕੋਟ, ਉਨਾਭੀ ਰੰਗ ਦੀ ਪੱਗ ਤੇ ਟਾਈ ਲੱਗੀ ਹੋਵੇਗੀ। ਜਲੰਧਰ ਬੱਸ ਤੋਂ ਉਤਰਦਿਆਂ ਹੀ ਮੈਂ ਬੱਸ ਅੱਡੇ ਦੇ ਪਿਛਲੇ ਪਾਸੇ ਬਾਹਰ ਨਿਕਲਿਆ। ਦੂਰੋਂ ਮੈਨੂੰ ਪਛਾਣ ਕੇ ਟੈਕਸੀ ਵਾਲਾ ਮੁੰਡਾ ਮੇਰੇ ਵੱਲ ਆਇਆ ਅਤੇ ਮੇਰਾ ਬੈਗ ਫੜ ਕੇ ਚੱਲ ਪਿਆ। ਸ਼ਹਿਰੋਂ ਨਿਕਲਦਿਆਂ ਟੈਕਸੀ ਹਵਾ ਨੂੰ ਗੰਢਾ ਦੇਣ ਲੱਗੀ। ਟੇਪ 'ਤੇ ਸਦੀਕ ਦਾ ਗੀਤ ਲਲਕਾਰਾ ਮਾਰਨ ਲੱਗਾ।

ਅਖੰਡ ਪਾਠ ਦੇ ਭੋਗ ਪਿੱਛੋਂ ਜਦੋਂ ਲੋਕ ਚਲੇ ਗਏ ਤਾਂ ਕੋਠੇ ਉਤੇ ਮਹਿਫਲ ਸਜ ਗਈ। ਉਹਦੇ ਸਾਰੇ ਪਰਵਾਰ ਪੁੱਤਰ ਤੇ ਨੂੰਹ, ਵੱਡੀ ਬੇਟੀ ਤੇ ਉਹਦਾ ਗੋਰਾ ਪਤੀ, ਛੋਟੀ ਬੇਟੀ, ਜੋ ਬਰਮਿੰਘਮ ਆਪਣੇ ਬੁਆਏ ਫਰੈਂਡ ਨਾਲ ਰਹਿੰਦੀ ਸੀ ਅਤੇ 5-6 ਇੰਗਲੈਂਡੀਏ ਦੋਸਤ ਵੀ ਆਏ ਸਨ। ਵਿਆਹ ਵਰਗਾ ਮਾਹੌਲ ਸੀ। ਦਿਨ ਯਾਦਗਾਰੀ ਹੋ ਨਿੱਬੜਿਆ। ਅਗਲੀ ਸਵੇਰ ਉਹੀ ਟੈਕਸੀ ਵਾਲਾ ਮੁੰਡਾ ਮੈਨੂੰ ਜਲੰਧਰ ਬੱਸ ਅੱਡੇ ਛੱਡ ਗਿਆ।

ਵਕਤ ਲੰਘਦਾ ਰਿਹਾ। ਉਹ ਬਹੁਤਾ ਸਮਾਂ ਪਿੰਡ ਰਹਿਣ ਲੱਗਾ। ਇਕ ਵਾਰ ਉਹ ਚੰਡੀਗੜ੍ਹ ਆਇਆ ਤੇ ਵਾਪਸੀ 'ਤੇ ਮੈਨੂੰ ਅਤੇ ਆਪਣੇ ਨੇਵੀ ਵਾਲੇ ਸਾਢੂ ਤੇ ਉਹਦੇ ਦੋਸਤ ਨੂੰ ਟੈਕਸੀ ਵਿੱਚ ਨਾਲ ਲੈ ਗਿਆ, ਕਹਿੰਦਾ- ਪੋਤੇ ਦਾ ਜਨਮ ਦਿਨ ਹੈ, ਪਾਰਟੀ ਸ਼ਾਰਟੀ ਕਰਾਂਗੇ। ਰਾਤ ਖਾ ਪੀ ਕੇ ਸੌਂ ਗਏ। ਅਗਲੀ ਦੁਪਹਿਰ ਪੋਤੇ ਦਾ ਜਨਮ ਦਿਨ ਮਨਾਉਣਾ ਸੀ। ਫੱਗਣ ਦਾ ਮਹੀਨਾ ਤੇ ਕੋਸੀ-ਕੋਸੀ ਧੁੱਪ ਸੀ। ਛੱਤ ਉਤੇ ਮੇਜ਼ ਕੁਰਸੀਆਂ ਸਜ ਗਈਆਂ। ਥਿਆੜੇ ਨੇ ਛੱਤ ਉਪਰ ਬਾਥ ਟੱਬ ਬਣਾਇਆ ਹੋਇਆ ਸੀ, ਜਿਸ ਵਿੱਚ ਹਰੇ ਰੰਗ ਦੀਆਂ ਟਾਇਲਾਂ ਲੱਗੀਆਂ ਹੋਈਆਂ ਸਨ। ਟੱਬ ਵਿਚਲਾ ਪਾਣੀ ਹਰਾ-ਹਰਾ ਦਿਸਦਾ ਸੀ। ਪਾਣੀ ਗਰਮ ਕਰਨ ਲਈ ਨਾਲ ਹੀ ਦੋ ਵੱਡੇ ਗੀਜਰ ਲੱਗੇ ਹੋਏ ਸਨ।

ਮੈਂ ਸਾਰਿਆਂ ਤੋਂ ਛੋਟਾ ਸੀ। ਤਿੰਨਾਂ ਨੇ ਚੱਕਾ ਚਕਾ ਕੇ ਮੈਨੂੰ ਟੱਬ ਵਿੱਚ ਵਾੜ ਦਿੱਤਾ। ਖਾਣ ਪੀਣ ਦਾ ਦੌਰ ਚੱਲ ਰਿਹਾ ਸੀ। ਮੈਂ ਟੱਬ ਵਾਲੇ ਅਜਿਹੇ ਸੀਨ ਰਾਜੇਸ਼ ਖੰਨਾ ਦੀਆਂ ਫਿਲਮਾਂ ਵਿੱਚ ਦੇਖੇ ਸਨ। ਕੋਸੇ ਪਾਣੀ ਵਿੱਚ ਲੇਟੇ ਪਏ ਨੂੰ ਮੈਨੂੰ ਉਤੇ ਨੀਲੇ ਆਸਮਾਨ ਵਿੱਚ ਰੇਖਾ ਦੇ ਮੁਜਰੇ ਅਤੇ ਹੈਲਨ ਦੇ ਕੈਬਰੇ ਡਾਂਸ ਦੇ ਝੌਲੇ ਪੈਣ ਲੱਗੇ। ਦੋ ਵਾਰ ਉਹਦਾ ਭਤੀਜਾ ਉਪਰ ਆਇਆ, ਪਰ ਉਹਨੇ ਲਿਆ ਕੁਝ ਨਹੀਂ। ਸਾਨੂੰ ਠਹਾਕੇ ਲਾ ਕੇ ਹੱਸਦਿਆਂ ਦੇਖ ਕੇ ਉਹ ਚੁੱਪ ਰਿਹਾ। ਮੈਨੂੰ ਉਹਦੇ ਮੱਥੇ 'ਤੇ ਨਿੱਕੀ ਜਿਹੀ ਤਿਊੜੀ ਦਿਸੀ। ਨਾਲੇ ਮੇਰੇ ਮੱਥੇ ਦੀ ਨਾੜ ਫੜੱਕ-ਫੜੱਕ ਵੱਜੀ। ਮਹਿਸੂਸ ਹੋਇਆ ਕਿ ਖੁਸ਼ੀਆਂ ਤੇ ਹਾਸਿਆਂ ਪਿੱਛੋਂ ਇਕ ਦੌਰ ਉਦਾਸੀ ਦਾ ਆਉਂਦਾ ਹੈ। ਅਗਲੇ ਦਿਨ ਉਹਨੇ ਉਸੇ ਟੈਕਸੀ 'ਤੇ ਸਾਨੂੰ ਤਿੰਨਾਂ ਨੂੰ ਚੰਡੀਗੜ੍ਹ ਭੇਜ ਦਿੱਤਾ।

ਦੋ ਕੁ ਸਾਲ ਬਾਅਦ ਉਹਦਾ ਫੋਨ ਆਇਆ, 'ਢਿੱਲੋਂ ਸਾਬ੍ਹ ਮੈਂ ਜਲੰਧਰ ਕਚਹਿਰੀ ਵਿੱਚੋਂ ਬੋਲਦਾ। ਆਪਣਾ ਕੋਈ ਵਾਕਫ ਵਕੀਲ ਜੇ ਕੋਈ ਹੋਵੇ ਤਾਂ ਉਹਦਾ ਨਾਮ ਦੱਸਿਉ। ਥੋੜ੍ਹਾ ਚੱਕਰ ਪੈ ਗਿਆ।' ਮੈਂ ਉਹਨੂੰ ਦੋ ਨਾਮ ਦੱਸ ਕੇ ਕਿਹਾ ਕਿ ਇਨ੍ਹਾਂ ਨਾਲ ਗੱਲ ਕਰੋ, ਲੋੜ ਪਈ ਤਾਂ ਮੇਰੀ ਗੱਲ ਕਰਾ ਦਿਉ, ਪਰ ਹੋਇਆ ਕੀ? 'ਮੈਂ ਜਿਸ ਪੁਰਾਣੇ ਢੱਠੇ ਹੋਏ ਘਰ ਵਾਲੀ ਥਾਂ ਕੋਠੀ ਪਾਈ ਹੈ, ਤੁਸੀਂ ਦੇਖਿਆ ਸੀ, ਦੋਵੇਂ ਪਾਸੇ ਮੇਰੇ ਭਰਾਵਾਂ ਦੇ ਸੋਹਣੇ ਮਕਾਨ ਬਣੇ ਹੋਏ ਹਨ। ਵੱਡਾ ਭਰਾ ਅਮਰੀਕਾ ਅਤੇ ਛੋਟਾ ਕੈਨੇਡਾ ਰਹਿੰਦਾ ਸੀ। ਵੱਡੇ ਦਾ ਮੁੰਡਾ ਤੇ ਨੂੰਹ ਪਿੰਡ ਹਨ। ਛੋਟੇ ਦਾ ਇਕ ਮੁੰਡਾ ਪਿੰਡ ਰਹਿੰਦਾ ਹੈ। ਉਹ ਆਪ ਮਰ ਗਿਆ ਸੀ। ਭਤੀਜਿਆਂ ਨੇ ਰੌਲਾ ਪਾ ਲਿਆ ਕਿ ਕੋਠੀ ਸਾਂਝੀ ਥਾਂ ਵਿੱਚ ਪਾਈ ਹੈ, ਇਸ ਲਈ ਸਭ ਦਾ ਹਿੱਸਾ ਹੈ।' ਵਿਚਾਰਾ ਨਮਾਜ ਬਖਸ਼ਾਉਣ ਆਇਆ ਸੀ ਤੇ ਰੋਜ਼ੇ ਗਲ ਪੁਆ ਬੈਠਾ। ਇਸ ਦਿਨ ਤੋਂ ਪਿੱਛੋਂ ਸਾਡਾ ਸੰਪਰਕ ਟੁੱਟ ਗਿਆ।

ਇਕ ਦਿਨ ਜਲੰਧਰ ਜਾਣ ਦਾ ਸਬੱਬ ਬਣਿਆ, ਥਿਆੜੇ ਨੂੰ ਯਾਦ ਕੀਤਾ ਕਿ ਉਸ ਕੋਲ ਰਹਾਂਗੇ। ਇੰਗਲੈਂਡ ਵਾਲੇ ਨੰਬਰ 'ਤੇ ਮਸ਼ੀਨ ਬੋਲਦੀ ਸੀ। ਦੂਜੇ ਦਿਨ ਉਹਨੇ ਫੋਨ ਮਿਲਾ ਲਿਆ। ਇਸ ਵਾਰ ਕੋਈ ਓਪਰਾ ਬੰਦਾ ਬੋਲਦਾ ਲੱਗਿਆ। ਰਸਮੀ ਹਾਲ ਚਾਲ ਤੋਂ ਬਾਅਦ ਉਹ ਭਰਿਆ ਪੀਤਾ ਬੋਲਿਆ, 'ਇਸ ਮੁਲਕ ਵਿੱਚ ਕੋਈ ਕਿਸੇ ਦਾ ਸਕਾ ਨਹੀਂ। ਲੁੱਟ ਮੱਚੀ ਪਈ ਹੈ। ਹਰ ਪਾਸੇ ਭ੍ਰਿਸ਼ਟਾਚਾਰ,' ਮੈਂ ਸੁਣਦਾ ਰਿਹਾ। 'ਹੋਇਆ ਇਹ ਹੈ ਜੀ ਕਿ ਮੇਰੇ ਭਰਾਵਾਂ ਭਤੀਜਿਆਂ ਨਾਲ ਦੋ ਤਿੰਨ ਕੇਸ ਚੱਲ ਪਏ। ਮੇਰੇ ਬੱਚੇ ਕਹਿੰਦੇ, ਡੈਡ ਤੁਸੀਂ ਪੰਗਾ ਕਿਉਂ ਲਿਆ? 40 ਸਾਲ ਬਾਅਦ ਉਥੇ ਜਾ ਕੇ ਰਹਿਣ ਦੀ ਕੀ ਤੁਕ ਸੀ? ਸਾਨੂੰ ਕੋਈ ਦਿਲਚਸਪੀ ਨਹੀਂ। ਅਸੀਂ ਨਹੀਂ ਜਾਣਾ। ਮੇਰੀ ਵਾਈਫ ਕਹਿੰਦੀ, ਸਾਨੂੰ ਕੋਠੀ ਨਾਲੋਂ ਤੁਹਾਡੀ ਸਿਹਤ ਦਾ ਫਿਕਰ ਹੈ। ਦਫਾ ਕਰੋ। ਮੇਰਾ 35 ਲੱਖ ਲੱਗਾ ਸੀ। 15 ਦੋਵਾਂ ਭਤੀਜਿਆਂ ਨੂੰ ਦੇ ਕੇ 20 ਮੇਰੇ ਹਿੱਸੇ ਆਇਆ। ਕੋਠੀ ਵੇਚ ਕੇ ਮੁੜ ਲੈਸਟਰ ਆ ਗਿਆ ਹਾਂ। ਫਿਰ ਨਹੀਂ ਕਦੀ ਵੀ ਜਾਣਾ।'

'ਮਾੜਾ ਹੋਇਆ' ਕਹਿ ਕੇ ਮੈਂ ਹੁੰਗਾਰਾ ਭਰਿਆ। 'ਅੱਛਾ ਇੱਦਾਂ ਢਿੱਲੋਂ ਸਾਹਿਬ! ਕਦੀ ਇੰਗਲੈਂਡ ਆਏ ਤਾਂ ਮੇਰੇ ਕੋਲ ਰਹਿਣਾ ਤੇ ਮਿਲ ਕੇ ਜਾਣਾ।' ਮੈਂ ਕਿਹਾ, 'ਥਿਆੜਾ ਸਾਬ੍ਹ ਇਹ ਕਲਮ ਦੀ ਹੀ ਕਰਾਮਾਤ ਹੈ ਕਿ ਮੇਰੀ ਜ਼ਿੰਦਗੀ ਵਿੱਚ ਤੁਹਾਡੇ ਵਰਗੇ ਨਿੱਘੇ ਮਿੱਤਰ ਹਨੇਰੀ ਵਾਂਗ ਆਉਂਦੇ ਅਤੇ ਤੂਫਾਨ ਵਾਂਗ ਚਲੇ ਜਾਂਦੇ ਹਨ। ਮੈਂ ਚੁਰਾਹੇ ਵਿੱਚ ਖੜੇ ਬਿਜਲੀ ਦੇ ਖੰਭੇ ਵਾਂਗ, ਦੂਰ ਦਿਸਹੱਦੇ ਤੱਕ ਆਉਂਦੇ ਜਾਂਦੇ ਸੋਹਣੇ ਚਿਹਰੇ ਦੇਖਦਾ ਰਹਿੰਦਾ ਹਾਂ। ਜ਼ਰੂਰ ਮਿਲਾਂਗੇ। ਜੇ ਨਾ ਵੀ ਮਿਲੇ, ਮੈਨੂੰ ਤੁਹਾਡਾ ਹਰੇ ਪਾਣੀ ਵਾਲਾ ਟੱਬ ਹਮੇਸ਼ਾ ਯਾਦ ਰਹੇਗਾ।'

## ਮਿੰਨੀ ਕਹਾਣੀ

### ਵੇਖਲੀ ਵੰਨਗੀ

-ਸਰਵਨ ਸਿੰਘ ਪਤੰਗ

ਮਾਸਟਰ ਚੇਤ ਸਿੰਘ ਸਕੂਲ ਤੋਂ ਛੁੱਟੀ ਹੋਣ ਸਾਰ ਅੱਖ ਜਿਹੀ ਬਚਾ ਕੇ ਬਰਾੜ ਹੋਟਲ 'ਚ ਛਿਟ ਲਾਉਣ ਲਈ ਚਲਾ ਗਿਆ। ਮਨਮਰਜ਼ੀ ਦਾ ਖਾ-ਪੀ ਕੇ ਜਦੋਂ ਮੋਟਰ ਸਾਈਕਲ ਸਟਾਰਟ ਕਰਨ ਲੱਗਾ ਤਾਂ ਉਸ ਦੀ ਨਜ਼ਰ ਸਾਹਮਣੇ ਜੂਸ ਵਾਲੀ ਰੇਹੜੀ 'ਤੇ ਉਸ ਦੇ ਜਾਣਕਾਰ ਬਿਜਲੀ ਮਹਿਕਮੇ ਦੇ ਮੁਲਾਜ਼ਮਾਂ ਵਿਸਾਖਾ ਸਿੰਘ, ਸਾਉਣ ਸਿੰਘ ਅਤੇ ਮੱਘਰ ਸਿੰਘ ਉਤੇ ਪਈ, ਜਿਹੜੇ ਜੱਗ 'ਚ ਜੂਸ 'ਚ ਵ੍ਹਿਸਕੀ ਮਿਲਾ ਕੇ ਪੀ ਰਹੇ ਸਨ।

ਚੇਤ ਸਿੰਘ ਕੁਝ ਕਿਰਸੀ ਜਿਹਾ ਸੀ, ਬੱਸ ਠੰਢੇ ਪਾਣੀ ਨਾਲ ਮੋਟਾ ਸੰਤਰਾ ਪੀਣਾ ਜਾਣਦਾ ਸੀ। ਜੂਸ ਵਿੱਚ ਵ੍ਹਿਸਕੀ ਪੀਣ ਦਾ ਵੱਖਰਾ ਹੀ ਸਵਾਦ ਹੁੰਦਾ ਹੈ। ਉਸ ਦੇ ਦਿਲ ਵਿੱਚ ਲਾਲਚ ਆ ਗਿਆ ਕਿ ਅੱਜ ਇਨ੍ਹਾਂ ਮੁਲਾਜ਼ਮਾਂ ਦੇ ਹੱਥ ਕੋਈ ਮੁਰਗੀ ਚੜ੍ਹੀ ਹੋਵੇਗੀ। ਇਨ੍ਹਾਂ ਤੋਂ ਇੱਕ ਅੱਧਾ ਪੈਗ ਲਾ ਕੇ ਵੰਨਗੀ ਵੇਖ ਹੀ ਲਈਏ।

ਉਸ ਨੇ ਰੇਹੜੀ ਕੋਲ ਜਾ ਕੇ ਖੰਘੂਰੀ ਜਿਹੀ ਮਾਰ ਕੇ ਫਤਹਿ ਬੁਲਾਈ ਤੇ ਉਨ੍ਹਾਂ ਨੇ ਛੇਤੀ ਹੀ ਇੱਕ ਡਬਲ ਪੈੱਗ ਜੱਗ 'ਚੋਂ ਆਫਰ ਕਰ ਦਿੱਤਾ। ਜੂਸ ਵਾਲੀ ਹੰਡਰਡ ਪਾਈਪਰ ਵ੍ਹਿਸਕੀ ਦੇ ਸਵਾਦ ਨੇ ਉਸ ਨੂੰ ਹੋਰ ਰੁਕਣ ਲਈ ਮਜਬੂਰ ਕਰ ਦਿੱਤਾ, ਜਦ ਬਿਜਲੀ ਮੁਲਾਜ਼ਮਾਂ ਨੂੰ ਪਤਾ ਲੱਗਾ ਕਿ ਸਾਡਾ ਦੋਸਤ ਕੁਝ ਲਾਲਚ ਕਰ ਗਿਆ ਹੈ, ਉਨ੍ਹਾਂ ਨੇ ਕਿਹਾ, "ਮਾਸਟਰ ਜੀ, ਤੁਸੀਂ ਇਉਂ ਕਰੋ, ਅਹੁ ਸਾਹਮਣੇ ਠੇਕੇ ਤੋਂ ਇੱਕ ਹੰਡਰਡ ਪਾਈਪਰ ਹੋਰ ਫੜ ਲਿਆਓ।"

ਜਦ ਸ਼ਰਮੋ-ਸ਼ਰਮੀ ਚੇਤ ਸਿੰਘ ਮਾਘ ਸਿੰਘ ਦੇ ਠੇਕੇ ਤੋਂ ਬੋਤਲ ਲੈਣ ਗਿਆ ਤਾਂ ਬਿਜਲੀ ਮੁਲਾਜ਼ਮ ਰੇਹੜੀ ਵਾਲੇ ਨੂੰ ਇਹ ਕਹਿ ਕਿ 'ਜੂਸ ਦੀ ਪੇਮੈਂਟ ਉਹ ਮਾਸਟਰ ਜੀ ਕਰਨਗੇ, ਨੇੜੇ ਖੜ੍ਹੀ ਆਪਣੀ ਜੀਪ ਵਿੱਚ ਵਿੱਚ ਸਵਾਰ ਹੋ ਕੇ ਪੱਤਰਾ ਵਾਚ ਗਏ।' ਜਦ ਚੇਤ ਸਿੰਘ ਬੋਤਲ ਲੈ ਕੇ ਆਇਆ ਤਾਂ ਰੇਹੜੀ ਵਾਲੇ ਨੇ ਜੂਸ ਦੇ ਤਿਨ ਸੌ ਰੁਪਏ ਮੰਗੇ ਕਿ ਤੇਰੇ ਨਾਲ ਦੇ ਦੋਸਤਾਂ ਨੇ ਤੁਹਾਨੂੰ ਦੇਣ ਲਈ ਕਿਹਾ। ਹੁਣ ਚੇਤ ਸਿੰਘ ਨੇ ਸੋਚਿਆ ਕਿ ਫਸ ਗਈ ਤਾਂ ਫਟਕਣ ਕਿਹਾ, ਜੇ ਰੇਹੜੀ ਵਾਲੇ ਨਾਲ ਰੌਲਾ ਪਾਇਆ ਤਾਂ ਬੇਇੱਜ਼ਤੀ ਹੋਵੇਗੀ, ਉਸ ਨੇ ਚੁੱਪ ਕਰ ਕੇ ਤਿੰਨ ਸੌ ਰੁਪਏ ਦੇ ਦਿੱਤੇ। ਹੁਣ ਉਸ ਦਾ ਦੋ ਥਾਈਂ ਪੀਤੀ ਦਾ ਨਸ਼ਾ ਕਫੂਰ ਹੋ ਚੁੱਕਾ ਸੀ।




Dr. Randhawa Dentistry

Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111





## ਹਲਕਾ ਫੁਲਕਾ

ਦੁਕਾਨਦਾਰ, "ਮੈਂ ਤੁਹਾਨੂੰ ਦੁਕਾਨ ਦੀਆਂ ਸਾਰੀਆਂ ਚੱਪਲ ਦਿਖਾ ਦਿੱਤੀਆਂ, ਇੱਕ ਵੀ ਬਾਕੀ ਨਹੀਂ ਰਹੀ।"
ਔਰਤ, "ਓਹ ਸਾਹਮਣੇ ਵਾਲੇ ਡੱਬੇ ਵਿੱਚ ਕੀ ਹੈ?"
ਦੁਕਾਨਦਾਰ, "ਭੈਣ ਰਹਿਮ ਕਰ, ਉਸ ਵਿੱਚ ਮੇਰਾ ਲੰਚ ਹੈ।"

*********

ਚਿੰਟੂ ਇੱਕ ਕਿਲੋ ਜਲੇਬੀਆਂ ਖਾਣ ਤੋਂ ਬਾਅਦ ਹਲਵਾਈ ਨੂੰ ਬੋਲਿਆ, "ਭਾਅ ਜੀ, ਥੋੜ੍ਹੀ ਚੀਨੀ ਦੇਣਾ।"
ਹਲਵਾਈ, "ਕਿਉਂ ਬਈ?"
ਚਿੰਟੂ, "ਸੋਚ ਰਿਹਾ ਹਾਂ ਕਿ ਖਾਣੇ ਤੋਂ ਬਾਅਦ ਥੋੜ੍ਹਾ ਮਿੱਠਾ ਹੋ ਜਾਏ।"

*********

ਇੱਕ ਆਦਮੀ ਦੀ ਪਤਨੀ ਪੇਕੇ ਗਈ ਸੀ। ਪਤਨੀ ਨੇ ਰਾਤ ਨੂੰ ਫੋਨ ਕੀਤਾ ਅਤੇ ਬੋਲੀ, "ਸੁਣੋ ਜੀ, ਮੈਂ ਕਮਰੇ ਵਿੱਚ ਇਕੱਲੀ ਹਾਂ। ਬਹੁਤ ਇਕੱਲਾਪਨ ਮਹਿਸੂਸ ਹੋ ਰਿਹਾ ਹੈ।"
ਪਤੀ, "ਕਮਰੇ ਵਿੱਚ ਟੀ ਵੀ ਹੈ?"
ਪਤਨੀ, "ਹਾਂ ਹੈ।"
ਪਤੀ, "ਕੋਈ ਡਰਾਉਣੀ ਫਿਲਮ ਲਾ ਲੈ, ਬਿਲਕੁਲ ਵੀ ਇਕੱਲਾਪਨ ਮਹਿਸੂਸ ਨਹੀਂ ਹੋਵੇਗਾ। ਹਰ ਪਲ ਅਜਿਹਾ ਲੱਗੇਗਾ ਜਿਵੇਂ ਕੋਈ ਪਿੱਛੇ ਖੜ੍ਹਾ ਹੈ।"

********

ਪਤਨੀ ਪੇਕਿਓਂ ਮੁੜੀ ਤਾਂ ਪਤੀ ਦਰਵਾਜ਼ਾ ਖੋਲ੍ਹਦਾ ਹੋਇਆ ਜ਼ੋਰ-ਜ਼ੋਰ ਨਾਲ ਹੱਸਣ ਲੱਗਾ।
ਪਤਨੀ, "ਇੰਝ ਕਿਉਂ ਹੱਸ ਰਹੇ ਹੋ ਜੀ?"
ਪਤੀ, "ਗੁਰੂ ਜੀ ਨੇ ਕਿਹਾ ਸੀ ਕਿ ਜਦੋਂ ਵੀ ਮੁਸੀਬਤ ਸਾਹਮਣੇ ਆਵੇ, ਉਸ ਦਾ ਸਾਹਮਣਾ ਹੱਸਦੇ ਹੋਏ ਕਰੋ।"


Tax & Accounting

ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?

•TAX •HST REBATE •CORPORATION SET UP
•ACCOUNTING •BUSINESS LOAN

CA CPA
info@cagrover.com




ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193

148-2960 Drew Road, Mississauga ON L4T 0A5 | Harcharan S. Grover



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for
Visitors, Canadian Travellers and International Students since 1992

Join and Represent Us


- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥





- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

# ਸੱਤਾ ਤੱਕ ਪਹੁੰਚ ਲਈ ਧਰਮ ਦੀ ਵਰਤੋਂ ਭਵਿੱਖ ਵਿੱਚ ਮਹਿੰਗੀ ਵੀ ਪੈ ਸਕਦੀ ਹੈ



ਜਤਿੰਦਰ ਪੰਨੂ

ਦੇਸ਼ਾਂ ਦਰਮਿਆਨ ਲੜਾਈ ਹੋਵੇ ਜਾਂ ਇੱਕੋ ਦੇਸ਼ ਵਿੱਚ ਕੁਝ ਸਿਆਸੀ ਧਿਰਾਂ ਵਿੱਚ ਕੁਰਸੀਆਂ ਉੱਤੇ ਕਬਜ਼ਾ ਕਰਨ ਦੀ ਜੰਗ ਹੋਵੇ, ਆਦਿ ਕਾਲ ਤੋਂ ਲੈ ਕੇ ਅਜੋਕੇ ਦੌਰ ਤੱਕ ਮੋਹਰੇ ਭਾਵੇਂ ਬਦਲਦੇ ਰਹੇ ਤੇ ਜੰਗ ਦਾ ਰੰਗ ਵੀ ਬਦਲਦਾ ਰਿਹਾ, ਪਰ ਧਰਮ ਦੀ ਦੁਰਵਰਤੋਂ ਹਰ ਦੌਰ ਦੌਰਾਨ ਹੋਈ ਹੈ ਤੇ ਇਹ ਦੁਰਵਰਤੋਂ ਅੱਜ ਵੀ ਹੁੰਦੀ ਹੈ। ਜੰਮੂ-ਕਸ਼ਮੀਰ ਸੂਬੇ ਉੱਤੇ ਕਬਜ਼ਾ ਕਰਨ ਲਈ ਪਾਕਿਸਤਾਨ ਦੀ ਸਰਕਾਰ ਭਾਰਤ ਵਿਰੁੱਧ ਖਾਸ ਧਰਮ ਨੂੰ ਨਾਅਰਾ ਬਣਾ ਕੇ ਇਸ ਜੰਗ ਨੂੰ ਉਸ ਧਰਮ ਦਾ ਜਹਾਦ ਕਹਿੰਦੀ ਹੈ, ਜਿਸ ਉੱਤੇ ਉਸ ਦੇਸ਼ ਦੀ ਆਪਣੀ ਬੁਨਿਆਦ ਖੜੀ ਹੈ। ਇਹੋ ਜਿਹੀ ਲੜਾਈ ਅਫਗਾਨਿਸਤਾਨ ਦੇ ਪਾਸੇ ਵੀ ਪਾਕਿਸਤਾਨ ਛੇੜੀ ਬੈਠਾ ਹੈ, ਪਰ ਉਸ ਨੂੰ ਜਹਾਦ ਕਹਿਣਾ ਔਖਾ ਹੋਣ ਕਾਰਨ 'ਅਮਰੀਕੀਆਂ ਤੇ ਹਿੰਦੁਸਤਾਨ ਦੇ ਏਜੰਟਾਂ' ਵਿਰੁੱਧ ਜੰਗ ਦਾ ਨਾਂਅ ਦੇਂਦਾ ਹੈ। ਖੁਦ ਪਾਕਿਸਤਾਨ ਸਰਕਾਰ ਦਹਾਕਿਆਂ ਬੱਧੀ ਅਮਰੀਕਾ ਦੀ ਏਜੰਟ ਰਹੀ ਸੀ ਤੇ ਅੱਜ ਕੱਲ੍ਹ ਉਹ ਚੀਨ ਦੇ ਕਾਰਿੰਦੇ ਵਾਂਗ ਕੰਮ ਕਰ ਰਹੀ ਹੈ। ਇਸ ਹਕੀਕਤ ਨੂੰ ਕੋਈ ਬਦਲ ਨਹੀਂ ਸਕਦਾ।

ਕਿਉਂਕਿ ਦੇਸ਼ਾਂ ਵਿਚਾਲੇ ਵੀ ਅਤੇ ਸਿਆਸੀ ਧਿਰਾਂ ਵਿਚਾਲੇ ਵੀ ਜੰਗ ਵਿੱਚ ਧਰਮ ਦੀ ਦੁਰਵਰਤੋਂ ਹੁੰਦੀ ਹੈ, ਇਸ ਲਈ ਇਸ ਜੰਗ ਵਿੱਚ ਮੋਹਰੇ ਉਹ ਲੋਕ ਬਣਾਏ ਜਾਂਦੇ ਹਨ, ਜਿਹੜੇ ਆਪਣੇ ਧਰਮ ਖਾਤਰ ਕਿਸੇ ਨੂੰ ਮਾਰਨ ਲਈ ਤਿਆਰ ਹੋ ਸਕਦੇ ਹਨ ਤੇ ਖੁਦ ਮਰਨੋਂ ਵੀ ਝਿਜਕਦੇ ਨਹੀਂ। ਇਹ ਮੋਹਰੇ ਇਸ ਖਾਸ ਮਕਸਦ ਲਈ ਖਾਸ ਤੌਰ ਉੱਤੇ ਸਿਰਜੇ ਜਾਂਦੇ ਹਨ। ਨਤੀਜਾ ਉਨ੍ਹਾਂ ਦੀ ਆਪਣੀ ਮੌਤ ਦਾ ਹੋਵੇ ਜਾਂ ਉਨ੍ਹਾਂ ਹੱਥੋਂ ਹੋਰ ਲੋਕਾਂ ਦੀ ਮੌਤ ਦਾ, ਜਿਹੜੇ ਧਰਮ ਦੇ ਨਾਂਅ ਉੱਤੇ ਇਹ ਕੁਝ ਕੀਤਾ ਜਾਵੇ, ਉਸ ਧਰਮ ਦੇ ਆਗੂ ਆਮ ਤੌਰ ਉੱਤੇ ਇਸ ਬਾਰੇ ਬੋਲਦੇ ਨਹੀਂ, ਪਰ ਜਦੋਂ ਕਦੇ ਉਨ੍ਹਾਂ ਦੇ ਭਾਈਚਾਰੇ ਨੂੰ ਆਪਣੇ ਅੰਦਰ ਕਿਸੇ ਮੋੜਵੀਂ ਕਾਰਵਾਈ ਦੀ ਚਿੰਤਾ ਤੇ ਅਸੁਰੱਖਿਆ ਵਰਗੀ ਭਾਵਨਾ ਮਹਿਸੂਸ ਹੋਵੇ ਤਾਂ ਓਦੋਂ ਚੁੱਪ ਤੋੜਦੇ ਹਨ। ਹਕੀਕੀ ਧਰਮ ਏਦਾਂ ਦੇ ਮਤਲਬੀ ਪੈਂਤੜੇ ਲੈਣੇ ਨਹੀਂ ਸਿਖਾਉਂਦਾ ਕਿ ਦੂਜੇ ਮਰਨ ਤਾਂ ਚੁੱਪ ਕੀਤੇ ਰਹਿਣਾ ਹੈ ਤੇ ਜਦੋਂ ਅੱਗ ਆਪਣੇ ਘਰ ਵੱਲ ਵਧਦੀ ਹੋਵੇ ਤਾਂ ਮਨੁੱਖਤਾ ਦੇ ਸਾਂਝੇ ਭਲੇ ਦੀ ਮੁਹਾਰਨੀ ਓਦੋਂ ਹੀ ਪੜ੍ਹਨੀ ਚਾਹੀਦੀ ਹੈ।

ਨਿਊਜ਼ੀਲੈਂਡ ਦੀਆਂ ਘਟਨਾਵਾਂ ਤੋਂ ਬਾਅਦ ਸੰਸਾਰ ਦੇ ਭਲੇ ਲੋਕਾਂ ਨੇ ਇਹ ਪੈਂਤੜਾ ਲਿਆ ਹੈ ਕਿ ਕਿਸੇ ਸੂਰਤ ਵਿੱਚ ਵੀ ਕਿਸੇ ਇੱਕ ਵਿਅਕਤੀ ਦੇ ਕਾਰਨ ਕਿਸੇ ਧਾਰਮਿਕ ਭਾਈਚਾਰੇ ਖਿਲਾਫ ਜਨੂੰਨੀ ਪੱਖੋਂ ਸੋਚਣਾ ਗਲਤ ਹੈ ਤੇ ਇਸ ਗਲਤ ਸੋਚ ਤੋਂ ਬਚਣਾ ਚਾਹੀਦਾ ਹੈ। ਇਸ ਤੋਂ ਬਾਅਦ ਮੁਸਲਿਮ ਭਾਈਚਾਰੇ ਨਾਲ ਇੱਕਮੁਠਤਾ ਦੇ ਇਹੋ ਜਿਹੇ ਪ੍ਰਗਟਾਵੇ ਹੋਏ ਹਨ ਕਿ ਕੋਈ ਵੀ ਜਜ਼ਬਾਤੀ ਹੋ ਸਕਦਾ ਹੈ। ਨਿਊਜ਼ੀਲੈਂਡ ਵਿੱਚ ਸਕੂਲੀ ਬੱਚੀਆਂ ਨੇ ਸਿਰਾਂ ਉੱਤੇ ਸਕਾਰਫ ਬੰਨ੍ਹ ਕੇ ਮੁਸਲਿਮ ਸਮਾਜ ਨਾਲ ਆਪਣੀ ਹਮਾਇਤ ਪ੍ਰਗਟ ਕੀਤੀ ਹੈ। ਬ੍ਰਿਟੇਨ ਦਾ ਇੱਕ ਈਸਾਈ ਗੋਰਾ ਆਪਣੇ ਘਰ ਨੇੜਲੀ ਮਸਜਿਦ ਮੂਹਰੇ ਵਾਲੰਟੀਅਰ ਗਾਰਡ ਬਣ ਕੇ ਜਾ ਖੜੋਤਾ ਤੇ ਨਾਲ ਲਿਖ ਕੇ ਫੱਟੀ ਲਾ ਦਿੱਤੀ ਕਿ ਤੁਸੀਂ ਮਸਜਿਦ ਦੇ ਅੰਦਰ ਇਬਾਦਤ ਕਰੋ, ਰਾਖੀ ਤੁਹਾਡੀ ਮੈਂ ਕਰਾਂਗਾ। ਸਿਰਫ ਇੱਕ ਜਣੇ ਨੇ ਇਹ ਸਵਾਲ ਪੁੱਛਿਆ ਹੈ ਕਿ ਏਦੂੰ ਪਹਿਲਾਂ ਇਸਲਾਮੀ ਅੱਤਵਾਦੀਆਂ ਨੇ ਜਦੋਂ ਹਮਲੇ ਕੀਤੇ ਸਨ, ਉਸ ਵੇਲੇ ਮੁਸਲਿਮ ਭਾਈਚਾਰੇ ਦੇ ਧਾਰਮਿਕ ਆਗੂਆਂ ਨੇ ਮਨੁੱਖੀ ਭਾਵਨਾਵਾਂ ਦੇ ਇਹੋ ਪ੍ਰਗਟਾਵੇ ਆਮ ਤੌਰ ਉੱਤੇ ਕਿਉਂ ਨਹੀਂ ਸੀ ਕੀਤੇ। ਨਾਲ ਉਸ ਨੇ ਸੁਝਾਅ ਦਿੱਤਾ ਹੈ ਕਿ ਜੇ ਸੰਸਾਰ ਦੀ ਸਲਾਮਤੀ ਚਾਹੀਦੀ ਹੈ ਤਾਂ ਇਹ ਪ੍ਰਗਟਾਵੇ ਹਰ ਪਾਸਿਓਂ ਹਮੇਸ਼ਾ ਹੋਣੇ ਚਾਹੀਦੇ ਹਨ। ਉਸ ਵੱਲੋਂ ਪੇਸ਼ ਕੀਤੇ ਸਵਾਲ ਨੂੰ ਵੱਖ-ਵੱਖ ਲੋਕ ਵੱਖ-ਵੱਖ ਤਰ੍ਹਾਂ ਸੋਚ ਸਕਦੇ ਹਨ, ਪਰ ਬਾਅਦ ਵਿੱਚ ਉਸ ਦਾ ਦਿੱਤਾ ਗਿਆ ਸੁਝਾਅ ਇਹੋ ਜਿਹਾ ਹੈ ਕਿ ਉਸ ਸਵਾਲ ਬਾਰੇ ਕਿਸੇ ਨੂੰ ਆਮ ਕਰ ਕੇ ਮੱਤਭੇਦ ਨਹੀਂ ਹੋਣਾ ਚਾਹੀਦਾ, ਕਿਉਂਕਿ ਇਸ ਵਿੱਚ ਸਮੁੱਚੇ ਸੰਸਾਰ ਦੀ ਸਲਾਮਤੀ ਦੀ ਸੋਚ ਹੈ।

ਮੈਂ ਇਸ ਚੌਖਟੇ ਵਿੱਚ ਆਪਣੇ ਦੇਸ਼ ਭਾਰਤ ਦੇ ਅੰਦਰੂਨੀ ਹਾਲਾਤ ਨੂੰ ਵੇਖਣ ਦਾ ਯਤਨ ਕਰਦਾ ਹਾਂ ਤਾਂ ਇਹ ਸੋਚਾਂ ਉੱਭਰ ਪੈਂਦੀਆਂ ਹਨ ਕਿ ਸਾਡੇ ਲੋਕਾਂ ਨੂੰ ਇਸਲਾਮ ਵਿਚਲੇ ਸੂਫੀ ਸੰਤਾਂ ਤੇ ਹਿੰਦੂ ਧਰਮ ਵਿੱਚੋਂ ਮੱਧ ਯੁੱਗ ਵਿੱਚ ਉੱਭਰੇ ਤੇ ਖਾਸ ਸਤਿਕਾਰਤ ਥਾਂ ਬਣਾਉਣ ਵਾਲੀ ਭਗਤੀ ਲਹਿਰ ਦੇ ਸੰਤਾਂ ਦੀ ਸੋਚ ਕਿਉਂ ਭੁੱਲ ਜਾਂਦੀ ਹੈ? ਜੰਗਾਂ ਤੇ ਉਹ ਸਾਕੇ ਸਾਨੂੰ ਵੱਧ ਯਾਦ ਰਹਿੰਦੇ ਹਨ, ਜਿਨ੍ਹਾਂ ਦੌਰਾਨ ਸਾਡੇ ਵੱਡਿਆਂ ਨੇ ਧਰਮ ਦੇ ਨਾਂਅ ਉੱਤੇ ਜੰਗਾਂ ਅਤੇ ਯੁੱਧ ਲੜੇ ਸਨ ਤੇ ਉਹ ਹਵਾਲੇ ਚੇਤੇ ਨਹੀਂ ਰਹਿੰਦੇ, ਜਿਹੜੇ ਦੋਵਾਂ ਧਿਰਾਂ ਦੀ ਸਾਂਝ ਬਾਰੇ ਇਤਿਹਾਸ ਵਿੱਚ ਮਿਲਦੇ ਹਨ। ਸਮੇਂ-ਸਮੇਂ ਦੀਆਂ ਗੱਲਾਂ ਹੋਣ ਕਰ ਕੇ ਇੱਕ ਸਮੇਂ ਸਮਰਾਟ ਅਸ਼ੋਕ ਨੇ ਇੱਕ ਜੰਗ ਲੜ ਲਈ, ਪਰ ਜੰਗਾਂ ਦੀ ਤਬਾਹੀ ਵੇਖਣ ਮਗਰੋਂ ਇਸ ਤਰ੍ਹਾਂ ਦਾ ਸ਼ਾਂਤੀ ਦਾ ਦੂਤ ਬਣਿਆ ਕਿ ਫਿਰ ਉਸ ਨੇ ਕਦੇ ਕੋਈ ਜੰਗ ਨਹੀਂ ਲੜੀ। ਏਹੋ ਸੋਚ ਜੰਗਾਂ ਲੜੇ ਬਿਨਾਂ ਉਪਜਣੀ ਚਾਹੀਦੀ ਹੈ। ਅੱਜ ਦੇ ਸਮੇਂ ਵਿੱਚ ਵੀ ਕਈ ਲੋਕ ਕਹਿੰਦੇ ਹਨ ਕਿ ਸ਼ਾਂਤੀ ਲਈ ਸਮਰਾਟ ਅਸ਼ੋਕ ਵਾਂਗ ਇੱਕ ਵਾਰ ਜੰਗ ਲੜ ਲੈਣੀ ਚਾਹੀਦੀ ਹੈ, ਪਰ ਏਦਾਂ ਦੀਆਂ ਗੱਲਾਂ ਉਹ ਲੋਕ ਹੀ ਕਰਦੇ ਹਨ, ਜਿਹੜੇ ਕਦੀ ਜੰਗ ਵਿੱਚ ਨਹੀਂ ਜਾਂਦੇ, ਸਿਰਫ ਪੰਜ-ਸੱਤ ਹਜ਼ਾਰ ਰੁਪਏ 'ਵਾਰ-ਫੰਡ' ਦੇ ਕੇ ਆਪਣੇ ਗਲ਼ 'ਭਾਰਤ ਮਾਤਾ ਕੇ ਸਪੂਤ' ਦੀ ਫੱਟੀ ਤਮਗੇ ਵਾਂਗ ਲਟਕਾਉਣੀ ਲੋਚਦੇ ਹਨ।




ਗੱਲ ਫਿਰ ਓਸੇ ਪਾਸੇ ਮੁੜ ਜਾਂਦੀ ਹੈ, ਜਿੱਥੋਂ ਸ਼ੁਰੂ ਕੀਤੀ ਗਈ ਸੀ। ਦੇਸ਼ਾਂ ਦੇ ਵਿਚਾਲੇ ਲੜਾਈ ਹੋਵੇ ਜਾਂ ਇੱਕੋ ਦੇਸ਼ ਦੀਆਂ ਕੁਝ ਧਿਰਾਂ ਵਿਚਾਲੇ ਕੁਰਸੀਆਂ ਉੱਤੇ ਕਬਜ਼ੇ ਦਾ ਭੇੜ ਹੋਵੇ, ਧਰਮ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਭਾਰਤ ਦੇ ਲੋਕ ਅੱਜ ਜਦੋਂ ਇੱਕ ਹੋਰ ਲੋਕਤੰਤਰੀ ਜੰਗ ਦੇ ਗਵਾਹ ਬਣਨ ਵਾਲੇ ਹਨ, ਉਸ ਵੇਲੇ ਧਰਮ ਦੀ ਦੁਰਵਰਤੋਂ ਫਿਰ ਸਿਖਰ ਛੋਹਣ ਲੱਗ ਪਈ ਹੈ। ਦੇਸ਼ ਉੱਤੇ ਰਾਜ ਕਰ ਰਹੀ ਪਾਰਟੀ ਇੱਕ ਖਾਸ ਧਰਮ ਦੀ ਛਤਰੀ ਤਾਣ ਕੇ ਇਸ ਪੜਾਅ ਤੱਕ ਪੁੱਜਣ ਪਿੱਛੋਂ ਇਸ ਫਾਰਮੂਲੇ ਨੂੰ ਲੁਕਮਾਨ ਹਕੀਮ ਦਾ ਨੁਸਖਾ ਮੰਨ ਬੈਠੀ ਹੈ। ਮੰਦਰਾਂ ਦੇ ਟੱਲ ਉਹ ਸਿਰਫ ਆਪਣੇ ਲਈ ਖੜਕਦੇ ਸੁਣਨ ਦੀ ਇਹੋ ਜਿਹੀ ਇੱਛਾ ਪਾਲ ਬੈਠੀ ਹੈ ਕਿ ਉਸ ਦਾ ਕੋਈ ਵਿਰੋਧੀ ਆਗੂ ਕਿਸੇ ਮੰਦਰ ਆਦਿ ਵੱਲ ਜਾਂਦਾ ਦਿੱਸੇ ਤਾਂ ਉਸ ਦੇ ਵਰਕਰ ਓਥੇ ਵੀ ਬੇਹੂਦਗੀ ਕਰਨ ਜਾ ਪਹੁੰਚਦੇ ਹਨ। ਦੂਸਰੀਆਂ ਧਿਰਾਂ ਵੀ ਧਰਮ ਦੀ ਵਰਤੋਂ ਦੀ ਹੱਦ ਤੱਕ ਰੁਕੀਆਂ ਨਹੀਂ, ਇਸ ਦੀ ਦੁਰਵਰਤੋਂ ਦੇ ਪੜਾਅ ਪਾਰ ਕਰਨ ਲੱਗੀਆਂ ਹਨ ਤੇ ਇਹ ਗੱਲ ਭੁਲਾਈ ਪਈ ਹੈ ਕਿ ਇਹੋ ਜਿਹੇ ਮੁਕਾਬਲੇ ਵਿੱਚ ਸ਼ਾਮਲ ਭਾਵੇਂ ਕਦੇ ਵੀ ਹੋਇਆ ਜਾ ਸਕਦਾ ਹੈ, ਇਸ ਤੋਂ ਨਿਕਲਣਾ ਆਪਣੀ ਮਰਜ਼ੀ ਉੱਤੇ ਨਿਰਭਰ ਨਹੀਂ ਹੋਇਆ ਕਰਦਾ। ਕਾਂਗਰਸ ਪਾਰਟੀ ਤੇ ਕੁਝ ਹੋਰ ਧਿਰਾਂ ਇਸ ਕੁਰਾਹੇ ਚੱਲ ਰਹੀਆਂ ਹਨ। ਲੋਹਾ ਭਾਵੇਂ ਲੋਹੇ ਨਾਲ ਕੱਟਿਆ ਜਾ ਸਕਦਾ ਹੈ, ਫਿਰਕਪ੍ਰਸਤੀ ਨੂੰ ਫਿਰਕਾਪ੍ਰਸਤੀ ਨਾਲ ਕੱਟਿਆ ਨਹੀਂ ਜਾ ਸਕਦਾ। ਇੱਕ ਤਰ੍ਹਾਂ ਫਿਰਕੂ ਸੋਚ ਦਾ ਪ੍ਰਗਟਾਵਾ ਵੀ ਦੂਸਰੀ ਤਰ੍ਹਾਂ ਦੀ ਫਿਰਕਾਪ੍ਰਸਤੀ ਨੂੰ ਉਬਾਲੇ ਖਾਣ ਲਈ ਸੁਖਾਵਾਂ ਮੌਕਾ ਦਿੱਤਾ ਕਰਦਾ ਹੈ।

ਭਾਰਤੀ ਜਨਤਾ ਪਾਰਟੀ ਰਾਜਸੀ ਲਾਭ ਲਈ ਧਰਮ ਦੀ ਦੁਰਵਰਤੋਂ ਕਰਨ ਨਾਲ ਤੁਰੀ ਤਾਂ ਉਸ ਦੇ ਵਿਰੋਧ ਵਾਲੀਆਂ ਧਿਰਾਂ ਵਿੱਚ ਅਕਾਲੀ ਦਲ ਵੀ ਹੁੰਦਾ ਸੀ, ਜਿਸ ਨੇ 'ਸਿੱਖ ਇੱਕ ਵੱਖਰੀ ਕੌਮ' ਦਾ ਨਾਅਰਾ ਦਿੱਤਾ ਤਾਂ ਜਨਤਾ ਪਾਰਟੀ ਵਿੱਚੋਂ ਨਿਕਲ ਕੇ ਨਵੀਂ ਬਣੀ ਭਾਰਤੀ ਜਨਤਾ ਪਾਰਟੀ ਵਾਲਿਆਂ ਨੂੰ ਹਜ਼ਮ ਨਹੀਂ ਸੀ ਹੁੰਦਾ। ਅਜੋਕੇ ਦੌਰ ਵਿੱਚ ਰਾਜਸੀ ਲਾਭ ਲਈ ਦੋਵਾਂ ਧਿਰਾਂ ਦਾ ਇਸ ਹੱਦ ਤੱਕ ਗੰਢ-ਚਿਤਰਾਵਾ ਹੋ ਚੁੱਕਾ ਹੈ ਕਿ ਭਾਜਪਾ ਦੇ ਹਿੰਦੁਤੱਵ ਤੋਂ ਅਕਾਲੀ ਆਗੂਆਂ ਨੂੰ ਕਿਸੇ ਵੀ ਤਰ੍ਹਾਂ ਦਾ ਖਤਰਾ ਨਹੀਂ ਭਾਸਦਾ ਤੇ ਕਈ ਵਾਰ ਭਾਜਪਾ ਆਗੂਆਂ ਦੇ ਭਾਸ਼ਣਾਂ ਦੌਰਾਨ ਓਸੇ 'ਸਿੱਖ ਕੌਮ' ਨਾਲ ਹਮਦਰਦੀ ਦਾ ਪ੍ਰਗਟਾਵਾ ਏਦਾਂ ਨਿਕਲਦਾ ਹੈ, ਜਿਵੇਂ ਉਹ ਅਕਾਲੀਆਂ ਤੋਂ ਵੱਡੇ ਸਿੱਖ ਹੋ ਗਏ ਹੋਣ। ਅਕਾਲੀਆਂ ਦੇ ਅਜੋਕੇ ਆਗੂ ਆਪਣੇ ਕਾਰੋਬਾਰ ਤੇ ਸਿਆਸੀ ਲਾਭਾਂ ਲਈ ਭਾਜਪਾ ਤੋਂ ਵੱਡੀ ਹਿੰਦੂਤੱਵੀ ਧਿਰ ਬਣਨ ਤੱਕ ਚਲੇ ਜਾਂਦੇ ਹਨ, ਪਰ ਜਦੋਂ ਕੁਝ ਗੱਲਾਂ ਵਿੱਚ ਹਿੱਤਾਂ ਦਾ ਟਕਰਾਅ ਹੁੰਦਾ ਹੈ, ਓਦੋਂ ਥੋੜ੍ਹੀ ਜਿਹੀ ਖਿਝ ਕੱਢ ਲੈਂਦੇ ਹਨ। ਤਖਤ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਧਾਨ ਦੀ ਨਿਯੁਕਤੀ ਬਾਰੇ ਅਕਾਲੀ ਦਲ ਨੇ ਓਸੇ ਮਨਜਿੰਦਰ ਸਿੰਘ ਸਿਰਸਾ ਤੋਂ ਭਾਜਪਾ ਨਾਲ ਗੱਠਜੋੜ ਤੋੜਨ ਵਾਲਾ ਬਿਆਨ ਦਿਵਾਇਆ ਸੀ, ਜਿਹੜਾ ਖੁਦ ਭਾਜਪਾ ਦੇ ਚੋਣ ਨਿਸ਼ਾਨ ਉੱਤੇ ਜਿੱਤਿਆ ਵਿਧਾਇਕ ਹੈ। ਕੁਝ ਦਿਨ ਲੰਘਣ ਦੇ ਬਾਅਦ ਓਸੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਓਸੇ ਤਖਤ ਦਾ ਪ੍ਰਧਾਨ ਯੋਗੀ ਬਾਬਾ ਰਾਮਦੇਵ ਦਾ ਇੱਕ ਚੇਲਾ ਨਿਯੁਕਤ ਕਰ ਦਿੱਤਾ ਤਾਂ ਅਕਾਲੀ 'ਓਸੇ ਤਨਖਾਹ' ਉੱਤੇ ਭਾਂਡੇ ਮਾਂਜਦੇ ਰਹਿਣਾ ਮੰਨ ਗਏ, ਕਿਉਂਕਿ ਜਿਨ੍ਹਾਂ ਨਿੱਜੀ ਹਿੱਤਾਂ ਲਈ ਟਕਰਾਅ ਹੋਇਆ ਸੀ, ਉਨ੍ਹਾਂ ਬਾਰੇ ਅੰਦਰ-ਖਾਤੇ ਸਮਝੌਤਾ ਹੋ ਚੁੱਕਾ ਸੀ। ਇਹੋ ਕਾਰਨ ਹੈ ਕਿ ਅੱਜ ਕੱਲ੍ਹ ਹੋਰ ਸਾਰੇ ਰੰਗਾਂ ਦੀਆਂ ਘੱਟ-ਗਿਣਤੀਆਂ ਦੇ ਬਾਰੇ ਫਿਕਰ ਕਰਨਾ ਛੱਡ ਕੇ ਅਕਾਲੀ ਆਗੂ ਰਾਜਸੀ ਗੱਠਜੋੜ ਉੱਤੇ ਡਟੇ ਹੋਏ ਹਨ।

ਦਿਨ ਹਮੇਸ਼ਾ ਇੱਕੋ ਜਿਹੇ ਨਹੀਂ ਹੁੰਦੇ, ਮੌਸਮ ਬਦਲਿਆ ਤਾਂ ਸਿਧਾਂਤ ਤੋਂ ਸੱਖਣੀ ਤੇ ਰਾਜਸੀ ਲਾਭਾਂ ਲਈ ਵਰਤਣ ਦੀ ਜਿਸ ਨੀਤੀ ਨੇ ਅੱਜ ਸਾਰੇ ਸੰਸਾਰ ਦੇ ਲੋਕਾਂ ਨੂੰ ਚਿਤਵਣੀ ਲਾ ਰੱਖੀ ਹੈ, ਉਹ ਭਾਰਤ ਤੇ ਪੰਜਾਬ ਦੇ ਲੋਕਾਂ ਨੂੰ ਵੀ ਭਵਿੱਖ ਵਿੱਚ ਮਹਿੰਗੀ ਪੈ ਸਕਦੀ ਹੈ। ਇਸ ਦੇ ਨਤੀਜਿਆਂ ਬਾਰੇ ਜਿਹੜੇ ਲੋਕ ਸੋਚਦੇ ਹਨ, ਉਨ੍ਹਾਂ ਦੀ ਰਾਤਾਂ ਨੀਂਦ ਉੱਡ ਜਾਂਦੀ ਹੈ, ਪਰ ਜਿਨ੍ਹਾਂ ਨੂੰ ਸੋਚਣਾ ਚਾਹੀਦਾ ਹੈ, ਉਹ ਸਿਰਫ ਤੇ ਸਿਰਫ ਕੁਰਸੀਆਂ ਤੱਕ ਪੁੱਜਣ ਦੇ ਦਾਅ ਸੋਚਦੇ ਹਨ।

# ਕੀ ਭਾਜਪਾ ਪ੍ਰਿਅੰਕਾ ਗਾਂਧੀ ਤੋਂ ਡਰ ਰਹੀ ਹੈ

-ਵਿਜੇ ਵਿਦਰੋਹੀ-

ਕੀ ਭਾਰਤੀ ਜਨਤਾ ਪਾਰਟੀ (ਭਾਜਪਾ) ਪ੍ਰਿਅੰਕਾ ਗਾਂਧੀ ਤੋਂ ਡਰ ਰਹੀ ਹੈ? ਕੀ ਭੂਆ-ਭਤੀਜਾ, ਭਾਵ ਅਖਿਲੇਸ਼ ਸਿੰਘ ਯਾਦਵ ਅਤੇ ਮਾਇਆਵਤੀ ਵੀ ਪ੍ਰਿਅੰਕਾ ਤੋਂ ਡਰਦੇ ਹਨ? ਕੀ ਭਾਜਪਾ ਤੋਂ ਜ਼ਿਆਦਾ ਅਖਿਲੇਸ਼ ਤੇ ਮਾਇਆਵਤੀ ਡਰ ਰਹੇ ਹਨ ਜਾਂ ਭਾਜਪਾ 'ਚ ਜ਼ਿਆਦਾ ਹਲਚਲ ਹੈ?

ਚੋਣ ਜੰਗ ਵਿੱਚ ਸਾਰੀਆਂ ਪਾਰਟੀਆਂ ਦਾ ਡਰ ਸਾਹਮਣੇ ਆ ਰਿਹਾ ਹੈ। ਭਾਜਪਾ ਦੇ ਡਰ ਵਿੱਚ ਕੁਝ ਖੁਸ਼ੀ ਵੀ ਹੈ। ਉਸ ਨੂੰ ਲੱਗਦਾ ਹੈ ਕਿ ਪ੍ਰਿਅੰਕਾ ਦੇ ਆਉਣ ਨਾਲ ਯੂ ਪੀ ਵਿੱਚ ਕੁਝ ਜਗ੍ਹਾ ਮੁਕਾਬਲਾ ਤਿਕੋਣਾ ਹੋ ਜਾਵੇਗਾ ਤੇ ਉਸ ਦਾ ਲਾਭ ਭਾਜਪਾ ਨੂੰ ਮਿਲੇਗਾ, ਪਰ ਉਸ ਨੂੰ ਫਿਰ ਵੀ ਡਰ ਸਤਾ ਰਿਹਾ ਹੈ। ਪ੍ਰਿਅੰਕਾ ਗਾਂਧੀ ਜਿਸ ਤਰ੍ਹਾਂ ਆਮ ਲੋਕਾਂ ਵਿੱਚ ਜਾ ਕੇ ਉਨ੍ਹਾਂ ਦੀ ਭਾਸ਼ਾ ਵਿੱਚ ਸਿੱਧੇ ਚੁੱਲ੍ਹੇ-ਚੌਂਕੇ ਨਾਲ ਜੁੜੇ ਸਵਾਲ ਕਰਦੀ ਹੈ, ਨੌਕਰੀਆਂ ਦੀ ਗੱਲ ਕਰ ਰਹੀ ਹੈ, ਕਿਸਾਨਾਂ ਦਾ ਦਰਦ ਸਾਹਮਣੇ ਲਿਆ ਰਹੀ ਹੈ, ਉਸ ਤੋਂ ਭਾਜਪਾ ਡਰਦੀ ਹੈ। ਭਾਜਪਾ ਦਾ ਅਸਲੀ ਡਰ ਇਹੋ ਹੈ ਕਿ ਕਿਤੇ ਪ੍ਰਿਅੰਕਾ ਚੋਣਾਂ ਦਾ ਪੂਰਾ ਨੈਰੇਟਿਵ ਤਾਂ ਨਹੀਂ ਬਦਲ ਰਹੀ? ਇਸ ਸਮੇਂ ਨੈਰੇਟਿਵ ਰਾਸ਼ਟਰਵਾਦ ਹੈ, ਜੋ ਪੁਲਵਾਮਾ ਤੇ ਬਾਲਾਕੋਟ ਤੋਂ ਬਾਅਦ ਭਾਜਪਾ ਦੇ ਪੱਖ ਵਿੱਚ ਦਿੱਸਦਾ ਹੈ, ਪਰ ਭਾਜਪਾ ਨੂੰ ਡਰ ਹੈ ਕਿ ਕਿਤੇ ਪ੍ਰਿਅੰਕਾ ਦੀਆਂ ਸੱਚੀਆਂ ਗੱਲਾਂ ਭਾਜਪਾ ਦਾ ਨੁਕਸਾਨ ਨਾ ਕਰ ਦੇਣ। ਭਾਜਪਾ ਡਰੀ ਹੋਈ ਹੈ, ਤਦੇ ਉਸ ਨੇ ਅਹਿਮਦਾਬਾਦ ਵਿੱਚ ਪ੍ਰਿਅੰਕਾ ਦੇ ਸੱਤ ਮਿੰਟਾਂ ਦੇ ਭਾਸ਼ਣ ਤੋਂ ਬਾਅਦ ਸਮ੍ਰਿਤੀ ਇਰਾਨੀ ਨੂੰ ਮੈਦਾਨ 'ਚ ਉਤਾਰਿਆ। ਸਮ੍ਰਿਤੀ ਨੇ ਰਾਬਰਟ ਵਾਡਰਾ ਤੇ ਰਾਹੁਲ ਗਾਂਧੀ ਦੇ ਨਾਲ-ਨਾਲ ਪਹਿਲੀ ਵਾਰ ਪ੍ਰਿਅੰਕਾ ਗਾਂਧੀ ਨੂੰ ਜ਼ਮੀਨ ਘਪਲੇ ਦੇ ਮਾਮਲੇ ਵਿੱਚ ਲਪੇਟਿਆ ਅਤੇ ਤਿੰਨਾਂ ਨੂੰ ਰੱਖਿਆ ਸੌਦਿਆਂ ਦੇ ਦਲਾਲਾਂ ਤੋਂ ਪੈਸਾ ਲੈ ਕੇ ਜ਼ਮੀਨ ਖਰੀਦਣ-ਵੇਚਣ ਵਾਲੇ ਕਿਹਾ। ਇਸ ਤੋਂ ਬਾਅਦ ਕੁਝ ਹੋਰ ਭਾਜਪਾ ਆਗੂਆਂ ਦੇ ਊਲ ਜਲੂਲ ਬਿਆਨ ਆਏ, ਕਲਾ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਮਹੇਸ਼ ਸ਼ਰਮਾ ਨੇ 'ਪੱਪੂ ਦੀ ਪੱਪੀ' ਕਹਿ ਕੇ ਵਿਵਾਦ ਖੜ੍ਹਾ ਕਰ ਦਿੱਤਾ।

ਇਸ ਤੋਂ ਪ੍ਰਭਾਵ ਬਣਿਆ ਕਿ ਭਾਜਪਾ ਪ੍ਰਿਅੰਕਾ ਤੋਂ ਡਰਦੀ ਹੈ। ਭਾਜਪਾ ਇਸ ਲਈ ਵੀ ਡਰਦੀ ਹੈ ਕਿ ਪ੍ਰਿਅੰਕਾ ਬਿਨਾਂ ਗਾਲੀ-ਗਲੋਚ ਦੇ ਗੱਲ ਕਰਦੀ ਹੈ। ਬਸ਼ੀਰ ਬਦਰ ਦਾ ਇੱਕ ਸ਼ੇਅਰ ਹੈ-

ਤੂ ਇਧਰ-ਉਧਰ ਕੀ ਨਾ ਬਾਤ ਕਰ,
ਯੇ ਬਤਾ ਕਿ ਲੁਟਾ ਕਿਉਂ ਕਾਰਵਾਂ
ਮੁਝੇ ਰਾਹਜਨੋਂ ਸੇ ਗਰਜ਼ ਨਹੀਂ,
ਤੇਰੀ ਰਹਿਬਰੀ ਕਾ ਸਵਾਲ ਹੈ।

ਇਹੋ ਸਵਾਲ ਭਾਜਪਾ ਨੂੰ ਪ੍ਰੇਸ਼ਾਨ ਕਰਦੇ ਹਨ, ਕਿਉਂਕਿ ਪ੍ਰਿਅੰਕਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਚੋਰ' ਕਹੇ ਬਿਨਾਂ ਉਨ੍ਹਾਂ ਦੀ ਰਹਿਬਰੀ ਭਾਵ ਚੌਕੀਦਾਰੀ ਉੱਤੇ ਸਵਾਲ ਉਠਾ ਰਹੀ ਹੈ। ਭਾਜਪਾ ਡਰਦੀ ਹੈ ਕਿ ਕਾਂਗਰਸ ਨੂੰ ਉਹ ਨੇਤਾ ਮਿਲ ਗਿਆ ਹੈ, ਜੋ ਭਾਸ਼ਣ ਦੇਣਾ ਜਾਣਦਾ ਹੈ, ਜੋ 'ਮਨ ਕੀ ਬਾਤ' ਕਰਨਾ ਜਾਣਦਾ ਹੈ। ਕਹਿਣ ਨੂੰ ਭਾਜਪਾ ਕੋਲ ਪ੍ਰਿਅੰਕਾ ਦੀ ਕਾਟ ਕਰਨ ਵਾਲੇ ਦਰਜਨਾਂ ਨੇਤਾ ਹਨ ਅਤੇ ਸਭ ਤੋਂ ਵੱਡੇ ਖੁਦ ਮੋਦੀ ਹਨ, ਜੋ ਭਾਸ਼ਣ ਦੇਣ ਦੇ ਮਾਮਲੇ ਵਿੱਚ 100 'ਤੇ ਭਾਰੀ ਹਨ, ਫਿਰ ਵੀ ਭਾਜਪਾ ਪ੍ਰਿਅੰਕਾ ਤੋਂ ਡਰਦੀ ਹੈ ਕਿਉਂਕਿ ਉਸ ਨੂੰ ਲੱਗਦਾ ਹੈ ਕਿ ਉਹ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚ ਸਕਦੀ ਹੈ।

ਭਾਜਪਾ ਨੂੰ ਲੱਗਦਾ ਹੈ ਕਿ ਬੇਸ਼ੱਕ ਪ੍ਰਿਅੰਕਾ ਯੂ ਪੀ ਤੱਕ ਸੀਮਿਤ ਹੋਵੇ, ਪਰ ਉਨ੍ਹਾਂ ਦੀ ਆਵਾਜ਼, ਭਾਸ਼ਣ, ਉਨ੍ਹਾਂ ਦੀ ਬੋਟ ਯਾਤਰਾ ਵਰਗੇ ਪ੍ਰੋਗਰਾਮ ਪੂਰੇ ਦੇਸ਼ 'ਚ ਨਜ਼ਰ ਆ ਰਹੇ ਹਨ। ਪਤਾ ਹੈ ਕਿ ਅਜੇ ਪਹਿਲੇ ਗੇੜ ਦੀਆਂ ਚੋਣਾਂ ਵਿੱਚ ਸਮਾਂ ਹੈ। ਭਾਜਪਾ ਜਾਣਦੀ ਹੈ ਕਿ ਪੁਲਵਾਮਾ ਹਮਲੇ ਤੋਂ ਪਹਿਲਾਂ ਉਹ ਖੁਦ ਬੜੀ ਮੁਸ਼ਕਲ ਚੋਣ ਲੜ ਰਹੀ ਸੀ, ਪਰ ਬਾਲਾਕੋਟ 'ਤੇ ਏਅਰ ਸਟਰਾਈਕ ਨੇ ਭਾਜਪਾ ਦਾ ਚੋਣ ਭੱਥਾ ਰਾਸ਼ਟਰਵਾਦ ਦੇ ਤੀਰਾਂ ਨਾਲ ਭਰ ਦਿੱਤਾ ਹੈ। ਪਹਿਲਾਂ ਦੋ ਤੀਰ ਸਨ-ਕਿਸਾਨਾਂ ਨੂੰ ਛੇ ਹਜ਼ਾਰ ਰੁਪਏ ਸਾਲਾਨਾ ਅਤੇ ਜਨਰਲ ਵਰਗ ਦੇ ਗਰੀਬਾਂ ਨੂੰ 10 ਫੀਸਦੀ ਰਾਖਵਾਂਕਰਨ। ਭਾਜਪਾ ਜਾਣਦੀ ਸੀ ਕਿ ਇਨ੍ਹਾਂ ਦੇ ਭਰੋਸੇ ਚੋਣਾਂ ਲੜੀਆਂ ਜਾ... ਸਕਦੀਆਂ ਹਨ, ਪਰ ਜਿੱਤ ਦੀ ਕੋਈ ਗਾਰੰਟੀ ਨਹੀਂ ਹੈ। ਇੱਕ ਤੜਕਾ ਚਾਹੀਦਾ ਸੀ ਤੇ ਓ... ਹ... ਰਾਸ਼ਟਰਵਾਦ ਤੋਂ ਮਿਲਿਆ ਸੀ। ਪੁਲ-ਵਾਮਾ ਹਮਲੇ ਤੋਂ ਬਾਅਦ ਦੇ ਸਾਰੇ ਸਰਵੇਖਣ ਦੱਸ ਰਹੇ ਹਨ ਕਿ ਪਾਕਿਸਤਾਨ 'ਤੇ ਏਅਰ ਸਟ੍ਰਾਈਕ ਪਿੱਛੋਂ ਭਾਜਪਾ ਦੇ ਖਾਤੇ 'ਚ 20-25 ਸੀਟਾਂ ਵੱਧ ਆਉਂਦੀਆਂ ਨਜ਼ਰ ਪੈਂਦੀਆਂ ਹਨ ਭਾਵ ਉਹ ਯੂ ਪੀ ਵਿੱਚ ਸੰਭਾਵੀ ਨੁਕਸਾਨ ਦੀ ਪੂਰਤੀ ਕਰਨ ਵਿੱਚ ਸਫਲ ਹੋ ਸਕਦੀ ਹੈ, ਪਰ ਡਰ ਹੈ ਕਿ ਪ੍ਰਿਅੰਕਾ ਗਾਂਧੀ ਚੁਣਾਵੀ ਰੰਗ 'ਚ ਭੰਗ ਪਾ ਸਕਦੀ ਹੈ।

ਭਾਜਪਾ ਦੇ ਨਾਲ-ਨਾਲ ਅਖਿਲੇਸ਼ ਯਾਦਵ (ਸਪਾ) ਅਤੇ ਮਾਇਆਵਤੀ (ਬਸਪਾ) ਵੀ ਪ੍ਰਿਅੰਕਾ ਤੋਂ ਡਰੇ ਲੱਗਦੇ ਹਨ। ਇਥੇ ਮਾਇਆਵਤੀ ਨੂੰ ਡਰ ਬਹੁਤਾ ਹੈ। ਕਿਹਾ ਜਾਂਦਾ ਹੈ ਕਿ ਮਾਇਆਵਤੀ ਦਾ ਵੋਟ ਬੈਂਕ ਟਰਾਂਸਫਰ ਹੋ ਜਾਂਦਾ ਹੈ, ਪਰ ਜ਼ਰੂਰੀ ਨਹੀਂ ਕਿ ਅਖਿਲੇਸ਼ ਯਾਦਵ ਦਾ ਵੋਟ ਬੈਂਕ (ਯਾਦਵ) ਵੀ ਟਰਾਂਸਫਰ ਹੋਵੇ। ਮੰਨਿਆ ਜਾਂਦਾ ਹੈ ਕਿ ਬੇਸ਼ੱਕ ਯਾਦਵ ਮਾਇਆਵਤੀ ਨੂੰ ਵੋਟ ਨਾ ਦੇਣ, ਪਰ ਭਾਜਪਾ ਨੂੰ ਬਿਲਕੁਲ ਨਹੀਂ ਦੇਣਗੇ। ਫਿਰ ਅਜਿਹਾ ਨਾ ਹੋਵੇ ਕਿ ਯਾਦਵ ਕਾਂਗਰਸ ਨੂੰ ਵੋਟ ਦੇ ਦੇਣ। ਮਾਇਆਵਤੀ ਨੂੰ ਡਰ ਲੱਗਦਾ ਹੈ ਕਿ ਜੇ ਪ੍ਰਿਅੰਕਾ ਨੇ ਕਾਂਗਰਸ ਨੂੰ ਯੂ ਪੀ ਵਿੱਚ ਹੀ ਜ਼ਿੰਦਾ ਕਰ ਦਿੱਤਾ ਤਾਂ ਮੁਸਲਮਾਨਾਂ ਨੂੰ ਇਹ ਨਾ ਲੱਗਣ ਲੱਗੇ ਕਿ ਕਾਂਗਰਸ ਸੀਟਾਂ ਕੱਢ ਸਕਦੀ ਹੈ ਤੇ ਮੁਸਲਿਮ ਵੋਟਾਂ ਵੀ ਕਾਂਗਰਸ ਨੂੰ ਨਾ ਮਿਲਣ ਜਾਣ। ਇੰਜ ਹੋਵੇ ਤਾਂ ਮਾਇਆਵਤੀ ਦੀ ਖੇਡ ਵਿਗੜ ਸਕਦੀ ਹੈ। ਉਸ ਨੂੰ ਡਰ ਹੈ ਕਿ ਕਾਂਗਰਸ ਦਾ ਨਵਾਂ ਵੋਟ ਬੈਂਕ ਕਿਤੇ ਯਾਦਵ, ਮੁਸਲਿਮ ਅਤੇ ਭਾਜਪਾ ਤੋਂ ਨਾਰਾਜ਼ ਸਵਰਨ ਨਾ ਬਣ ਜਾਵੇ। ਅਖਿਲੇਸ਼ ਨੂੰ ਅਤੇ ਕਿਤੇ-ਕਿਤੇ ਭਾਜਪਾ ਨੂੰ ਵੀ ਇਹੋ ਡਰ ਸਤਾ ਰਿਹਾ ਹੈ। ਵੱਡਾ ਸਵਾਲ ਇਹ ਹੈ ਕਿ ਕੀ ਭਾਜਪਾ ਨੂੰ ਪ੍ਰਿਅੰਕਾ ਤੋਂ ਡਰਨਾ ਚਾਹੀਦਾ ਹੈ? ਡਰਨਾ ਨਹੀਂ ਚਾਹੀਦਾ, ਪਰ ਸਾਵਧਾਨ ਜ਼ਰੂਰ ਰਹਿਣਾ ਚਾਹੀਦਾ। ਪੱਪੂ-ਪੱਪੂ ਵਰਗੀਆਂ ਟਿੱਪਣੀਆਂ ਤੋਂ ਬਿਲਕੁਲ ਬਚਣਾ ਚਾਹੀਦਾ ਹੈ। ਭਾਜਪਾ ਇਹ ਗੱਲ ਸਮਝ ਗਈ ਹੈ ਕਿ ਪ੍ਰਿਅੰਕਾ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ, ਪਰ ਨਿੱਜੀ ਹਮਲਿਆਂ ਨਾਲ ਨੁਕਸਾਨ ਵੀ ਹੋ ਸਕਦਾ ਹੈ। ਆਖਿਰ ਪੰਜ ਸਾਲਾਂ ਤੋਂ ਰਾਬਰਟ ਵਾਡਰਾ 'ਤੇ ਦੋਸ਼ ਲੱਗ ਰਹੇ ਹਨ, ਪਰ ਕਿਉਂ ਕੁਝ ਨਹੀਂ ਹੋਇਆ। ਰਾਜਸਥਾਨ 'ਚ ਹੋਵੇ ਜਾਂ ਹਰਿਆਣਾ 'ਚ, ਪਰ ਭਾਜਪਾ ਦੇ ਪੱਖ ਵਿੱਚ ਇਹ ਗੱਲ ਜਾਂਦੀ ਹੈ ਕਿ ਜਾਂਚ ਏਜੰਸੀਆਂ ਨੂੰ ਜੋ ਨਵੇਂ ਕਾਗਜ਼ ਮਿਲ ਰਹੇ ਹਨ, ਉਨ੍ਹਾਂ ਨੂੰ ਕਿਸੇ ਅਦਾਲਤ ਨੇ ਰੱਦ ਨਹੀਂ ਕੀਤਾ। ਭਾਜਪਾ ਨੂੰ ਮੋਦੀ, ਸੁਸ਼ਮਾ ਸਵਰਾਜ, ਸਮ੍ਰਿਤੀ ਇਰਾਨੀ ਉਤੇ ਭਰੋਸਾ ਹੋਣਾ ਚਾਹੀਦਾ ਹੈ। ਇਹ ਨੇਤਾ ਜਦੋਂ ਭਾਸ਼ਣ ਦੇਣ ਨਿਕਲਣਗੇ ਤਾਂ ਜਨਤਾ ਨੂੰ ਰਾਸ਼ਟਰਵਾਦ ਤੋਂ ਭਟਕਣ ਨਹੀਂ ਦੇਣਗੇ। ਸਭ ਤੋਂ ਵੱਡੀ ਗੱਲ ਇਹ ਹੈ ਕਿ ਮੋਦੀ ਸਰਕਾਰ ਦਾ ਦਾਅਵਾ ਹੈ ਕਿ ਉਸ ਨੇ 22 ਕਰੋੜ ਲੋਕਾਂ ਨੂੰ ਕਿਸੇ ਨਾ ਕਿਸੇ ਯੋਜਨਾ ਦੇ ਤਹਿਤ ਲਾਭ ਪਹੁੰਚਾਇਆ ਹੋਇਆ ਹੈ।



ਲੇਖ ਦੇ ਸ਼ੁਰੂ ਵਿੱਚ ਬਸ਼ੀਰ ਬਦਰ ਦੇ ਸ਼ੇਅਰ ਦਾ ਹਵਾਲਾ ਦਿੱਤਾ ਸੀ, ਇਸੇ ਸ਼ੇਅਰ ਦਾ ਹਵਾਲਾ ਦੇ ਕੇ ਭਾਜਪਾ ਪਲਟਵਾਰ ਕਰਦਿਆਂ ਕਾਂਗਰਸ ਦੀ ਪ੍ਰਿਅੰਕਾ ਗਾਂਧੀ ਨੂੰ ਪੁੱਛ ਸਕਦੀ ਹੈ-


ਮੈਂ ਬਤਾਊਂ ਕਿ ਲੁਟਾ ਕਿਉਂ ਕਾਰਵਾਂ,
ਤੇਰਾ ਰਾਹਜਨੋਂ ਸੇ ਥਾ ਵਾਸਤਾ
ਹਮੇਂ ਰਾਹਜਨੋਂ ਸੇ ਗਿਲਾ ਨਹੀਂ,
ਤੇਰੀ ਰਹਿਬਰੀ ਪੇ ਮਲਾਲ ਹੈ।

# ਔਰਤ ਦੀ ਹੋਂਦ ਤੇ ਭਵਿੱਖਮੁਖੀ ਅਲਾਮਤਾਂ

-ਜਤਿੰਦਰ ਸਿੰਘ

ਕਿਸੇ ਵੀ ਨਿਜ਼ਾਮ ਵਿਚ ਔਰਤਾਂ ਦੀ ਜੋ ਭਾਗੀਦਾਰੀ ਹੁੰਦੀ ਹੈ ਉਸ ਤੋਂ ਉਸ ਦੇ ਨਿਜ਼ਾਮ ਦੇ ਸਿਹਤਯਾਬ ਤੇ ਸੰਤੁਲਨ ਬਾਰੇ ਪਤਾ ਚੱਲਦਾ ਹੈ। ਹਿੰਦੋਸਤਾਨੀ ਨਿਜ਼ਾਮ ਵਿਚ ਔਰਤਾਂ ਦੀ ਸਥਿਤੀ, ਹੋਂਦ ਤੇ ਭਾਗੀਦਾਰੀ ਸਰਕਾਰੀ ਅੰਕੜਿਆਂ ਤੋਂ ਸਹਿਜੇ ਹੀ ਪਤਾ ਲੱਗ ਜਾਂਦੀ ਹੈ ਕਿਉਂਕਿ ਹਿੰਦੋਸਤਾਨੀ ਬੰਦੇ ਦੀ ਮਾਨਸਿਕਤਾ ਮਰਦ ਪ੍ਰਧਾਨਗੀ ਦੇ ਗ਼ਲਬੇ ਨਾਲ ਗ੍ਰਸਤ ਹੈ। ਇਸ ਤਰ੍ਹਾਂ ਦੀ ਸੋਚ ਹਿੰਦੋਸਤਾਨ ਦੇ ਹਰ ਹਿੱਸੇ ਦੀ ਸਮੱਸਿਆ ਹੈ, ਸਿਵਾਏ ਉੱਤਰੀ-ਪੂਰਬੀ ਹਿੱਸੇ ਦੇ। ਓਥੇ ਕਬੀਲਿਆਂ ਦੇ ਲੋਕਾਂ ਨੂੰ ਪੱਛੜੇਪਣ ਨਾਲ ਨਿਵਾਜਿਆ ਜਾਂਦਾ ਹੈ, ਪਰ ਖਾਸੀ ਕਬੀਲੇ, ਜੋ ਮੇਘਾਲਿਆ ਰਾਜ ਵਿਚ ਰਹਿੰਦਾ ਹੈ, ਵਿਚ ਔਰਤ ਦਾ ਮਾਣ-ਸਨਮਾਨ ਹੁੰਦਾ ਹੈ। ਉਸ ਕਬੀਲੇ ਵਿਚ ਔਰਤ ਘਰ ਦੀ ਮੁਖੀ ਹੁੰਦੀ ਹੈ ਤੇ ਵੰਸ਼ ਉਸੇ ਦੇ ਨਾਂ 'ਤੇ ਚੱਲਦਾ ਹੈ।

ਬਾਕੀ ਸਮੁੱਚੇ ਦੇਸ਼ ਦੀ ਸਥਿਤੀ ਬਹੁਤ ਮਾੜੀ ਹੈ। ਔਰਤ-ਮਰਦ ਅਸੰਤੁਲਨ ਦਾ ਪਤਾ 2011 ਦੀ ਜਨਗਣਨਾ ਤੋਂ ਇਲਾਵਾ ਫ਼ਿਲਮਾਂ, ਨਾਟਕਾਂ ਤੇ ਸਾਹਿਤ ਰੂਪਾਂ ਤੋਂ ਲੱਗਦਾ ਹੈ। ਲਿੰਗ ਅਨੁਪਾਤ ਵਿਚ 1000 ਮਰਦਾਂ ਦੇ ਬਰਾਬਰ ਦੇਸ਼ ਵਿਚ 943 ਔਰਤਾਂ ਅਤੇ ਖ਼ਾਸ ਤੌਰ 'ਤੇ ਪੰਜਾਬ ਦੀ ਸਥਿਤੀ ਬਹੁਤ ਚਿੰਤਾਜਨਕ ਹੈ। ਇੱਥੇ 1000 ਮਰਦਾਂ ਦੇ ਬਰਾਬਰ 895 ਔਰਤਾਂ ਅਤੇ 0-6 ਸਾਲ ਦੇ ਬੱਚਿਆਂ ਵਿਚ ਇਹ ਹੀ ਗਿਣਤੀ ਘੱਟ ਕੇ 846 ਰਹਿ ਜਾਂਦੀ ਹੈ। ਸਰਕਾਰ ਦਾ ਦਿੱਤਾ ਗਿਆ ਨਾਅਰਾ ਤੇ ਮਿਸ਼ਨ 'ਬੇਟੀ ਬਚਾਓ, ਬੇਟੀ ਪੜ੍ਹਾਓ' ਕਿੰਨਾ ਕੁ ਕਾਰਗਰ ਸਿੱਧ ਹੋਵੇਗਾ, ਇਹ ਭਵਿੱਖਮੁਖੀ ਸੰਭਾਵਨਾਵਾਂ ਹਨ। ਇਸ ਤਰ੍ਹਾਂ ਦੀ ਸਥਿਤੀ ਨੂੰ 'ਮਾਤਰ ਭੂਮੀ' (2003), 'ਸਤ੍ਰੀ' (2018), ਅਤੇ 'ਅਰਦਾਸ' (2016) ਫ਼ਿਲਮਾਂ ਅਤੇ ਮਹੇਸ਼ ਦਾਤਾਨੀ ਦਾ ਨਾਟਕ 'ਤਾਰਾ', ਸਵਰਾਜਬੀਰ ਦਾ ਨਾਟਕ 'ਮੱਸਿਆ ਦੀ ਰਾਤ' ਤੇ ਸ਼ਮੀਲ ਦੀ ਕਵਿਤਾ 'ਧੀਆਂ' ਰਾਹੀਂ ਵਧੇਰੇ ਸਮਝਿਆ ਜਾ ਸਕਦਾ ਹੈ।




ਫ਼ਿਲਮ 'ਮਾਤਰ ਭੂਮੀ' ਦਾ ਨਿਰਦੇਸ਼ਨ ਮੁਨੀਸ਼ ਝਾਅ ਨੇ ਕੀਤਾ ਸੀ। ਇਸ ਫ਼ਿਲਮ ਵਿਚ ਮਾਦਾ ਭਰੂਣ ਹੱਤਿਆ ਦੇ ਕਾਰਨ ਸਮਾਜ ਵਿਚ ਆਏ ਵਿਗਾੜ ਤੇ ਉਹ ਸਥਿਤੀ ਕਿਵੇਂ ਹਿੰਸਾਤਮਕ ਰੂਪ ਧਾਰਨ ਕਰ ਜਾਂਦੀ ਹੈ, ਨੂੰ ਦਿਖਾਇਆ ਗਿਆ ਹੈ। ਨਿਰਦੇਸ਼ਕ ਨੇ ਕੈਮਰੇ ਦੀ ਅੱਖ ਨਾਲ ਤੇ ਜਾਦੂਮਈ ਤਕਨੀਕ ਦਾ ਸਹਾਰਾ ਲੈਂਦਿਆਂ ਭਰੂਣ ਹੱਤਿਆ ਦੇ ਮਾਰੂ ਪ੍ਰਭਾਵਾਂ ਤੋਂ ਜਾਣੂ ਕਰਾਇਆ ਹੈ। ਫ਼ਿਲਮ ਦਾ ਬਿਰਤਾਂਤ 2050 ਈਸਵੀ ਦੇ ਬਿਹਾਰ ਦੇ ਪਿੰਡ ਦਾ ਹੈ, ਜਿੱਥੇ ਮੁੰਡੇ ਦੀ ਵਧਦੀ ਲਾਲਸਾ ਕਾਰਨ ਕੁੜੀਆਂ ਦੀ ਗਿਣਤੀ ਵਿਚ ਭਾਰੀ ਗਿਰਾਵਟ ਆ ਜਾਂਦੀ ਹੈ। ਨਤੀਜੇ ਵਜੋਂ ਪਿੰਡ ਦੇ ਬਹੁਤੇ ਮੁੰਡੇ ਅਣ-ਵਿਆਹੇ ਰਹਿ ਜਾਂਦੇ ਹਨ, ਜਿਸ ਨਾਲ ਪਿੰਡ ਅੰਦਰ ਦੁਰਾਚਾਰ ਹੋਣ ਲੱਗਦੇ ਤੇ ਸਥਿਤੀ ਹਿੰਸਾਤਮਕ ਹੋ ਨਿਬੜਦੀ ਹੈ। ਜਦੋਂ ਬੰਦਾ ਕੁਦਰਤ ਨਾਲ ਛੇੜ-ਛਾੜ ਕਰਦਾ ਹੈ ਤਾਂ ਸੁਭਾਵਿਕ ਤੌਰ 'ਤੇ ਮੰਦਭਾਗੀ ਸਿੱਟੇ ਅਗਲੀਆਂ ਪੀੜ੍ਹੀਆਂ ਨੂੰ ਭੁਗਤਣੇ ਪੈਂਦੇ ਹਨ।

ਕੁਝ ਇਸ ਤਰ੍ਹਾਂ ਦੀ ਮਿਲਦੀ-ਜੁਲਦੀ ਸਥਿਤੀ ਮਹੇਸ਼ ਦਾਤਾਨੀ ਦੇ ਨਾਟਕ 'ਤਾਰਾ' ਦੀ ਹੈ। ਮਹੇਸ਼ ਦਾਤਾਨੀ ਦੇ ਇਸ ਨਾਟਕ ਦਾ ਸਬੰਧ ਦੇਸ਼ ਦੇ ਦੱਖਣੀ ਹਿੱਸੇ ਨਾਲ ਹੈ। ਨਾਟਕ 'ਤਾਰਾ' ਵਿਚ ਜੋੜੇ ਜਨਮੇ ਬੱਚਿਆਂ ਨੂੰ ਲੈ ਕੇ ਬੰਦੇ ਦੀ ਮਾਨਿਸਕਤਾ ਦੀਆਂ ਪਰਤਾਂ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ। ਨਾਟਕ ਵਿਚਲੇ ਮਾਪੇ ਤੇ ਸਮਾਜ ਜੋੜੇ ਜੰਮੇ ਬੱਚੇ, ਜਿਨ੍ਹਾਂ ਦਾ ਸਰੀਰ ਜੁੜਿਆ ਹੋਇਆ ਹੈ, ਵਿਚੋਂ ਮੁੰਡੇ ਨੂੰ ਬਚਾਉਣ ਨੂੰ ਪਹਿਲ ਦੇਂਦੇ ਹਨ। ਡਾਕਟਰਾਂ ਨੇ ਦੋਹਾਂ ਬੱਚਿਆਂ ਵਿਚੋਂ ਕਿਸੇ ਇਕ ਨੂੰ ਬਚਾਉਣ ਬਾਰੇ ਪੁੱਛਿਆ ਹੁੰਦਾ ਹੈ। ਪਰਿਵਾਰ ਤੇ ਮਾਪੇ ਰਵਾਇਤੀ ਮਰਦ ਪ੍ਰਧਾਨ ਸੋਚ ਤੋਂ ਬੇਵੱਸ ਹਨ। ਭਾਵੇਂ ਕੁੜੀ ਵਾਲਾ ਹਿੱਸਾ ਬੌਧਿਕ ਤੌਰ 'ਤੇ ਮੁੰਡੇ ਤੋਂ ਵੱਧ ਸਮਰੱਥਾਵਾਨ ਹੈ, ਪਰ ਮੁੰਡੇ ਦੇ ਸਰੀਰ ਨੂੰ ਬਚਾਉਣ ਨੂੰ ਪਹਿਲ ਦਿੱਤੀ ਜਾਂਦੀ ਹੈ। ਸਿੱਟੇ ਵਜੋਂ ਕੁੜੀ ਭਿਆਨਕ ਬਿਮਾਰੀਆਂ ਦੀ ਗ੍ਰਿਫ਼ਤ ਵਿਚ ਆ ਜਾਂਦੀ ਹੈ, ਜੋ ਅੱਜ ਸਮੁੱਚੇ ਸਮਾਜ ਦੀ ਤ੍ਰਾਸਦੀ ਹੈ।

ਫਿਲਮ 'ਸਤ੍ਰੀ' ਪਿਛਲੇ ਸਾਲ ਰਿਲੀਜ਼ ਹੋਈ ਹੈ। ਇਸ ਫ਼ਿਲਮ ਦਾ ਬਿਰਤਾਂਤ 'ਮਾਤਰ ਭੂਮੀ' ਫ਼ਿਲਮ ਨਾਲ ਸੰਵਾਦ ਕਰਦਾ ਨਜ਼ਰ ਆਉਂਦਾ ਹੈ। ਫ਼ਿਲਮ ਦਾ ਨਿਰਮਾਣ ਮੱਧ ਪ੍ਰਦੇਸ਼ ਦੀ ਲੋਕ ਕਹਾਣੀ ਦਾ ਰੂਪਾਂਤਰਣ, ਡਰ ਅਤੇ ਵਿਅੰਗ ਵਿਧੀ ਨਾਲ ਹੋਇਆ। ਇਸ ਫ਼ਿਲਮ ਦਾ ਸਾਰ ਤੱਤ ਹੈ ਕਿ ਜੇ ਔਰਤ ਨੂੰ ਬਣਦਾ ਬਰਾਬਰੀ ਦਾ ਦਰਜਾ ਦਿੱਤਾ ਜਾਵੇਗਾ ਤਾਂ ਹੀ ਯੂ ਐੱਨ ਦਾ ਸਲੋਗਨ 'ਬੈਲੇਂਸ ਫਾਰ ਬੈਟਰ' ਸਾਰਥਿਕਤਾ ਬਣਾਈ ਰੱਖੇਗਾ। ਜੇ ਔਰਤ ਸਮਾਜ ਵਿਚ ਸੁਰੱਖਿਅਤ ਤੇ ਬਰਾਬਰੀ ਦੇ ਹੱਕ ਦੀ ਭਾਗੀਦਾਰੀ ਰਹੇਗੀ ਤਾਂ ਕੁੱਖ ਵਿਚ ਮਾਦਾ ਭਰੂਣ ਸੁਰੱਖਿਅਤ ਰਹਿਣਾ ਨਿਸ਼ਚਿਤ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
L.L.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਭਗਵੰਤ ਮਾਨ ਸਮਝੌਤੇ ਦੇ ਆਧਾਰ ਉੱਤੇ ਕੇਸ ਰੱਦ ਕਰਾਉਣ ਹਾਈ ਕੋਰਟ ਪਹੁੰਚੇ



ਚੰਡੀਗੜ੍ਹ, 24 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਲੋਕ ਸਭਾ ਮੈਂਬਰ ਭਗਵੰਤ ਮਾਨ ਉੱਤੇ ਫਤਿਹਗੜ੍ਹ ਸਾਹਿਬ ਵਿੱਚ ਪੱਤਰਕਾਰਾਂ ਦੀ ਸ਼ਿਕਾਇਤ ਉੱਤੇ ਸਾਲ 2016 ਵਿੱਚ ਦਰਜ ਹੋਏ ਕੇਸ ਵਿੱਚ ਦੋਵਾਂ ਧਿਰਾਂ ਦਾ ਸਮਝੌਤਾ ਹੋਣ ਦੀ ਦਲੀਲ ਨਾਲ ਕੇਸ ਰੱਦ ਕਰਨ ਦੀ ਅਪੀਲ ਕਰਦੇ ਹੋਏ ਭਗਵੰਤ ਮਾਨ ਨੇ ਹਾਈ ਕੋਰਟ ਵਿੱਚ ਅਰਜ਼ੀ ਦਾਖਲ ਕੀਤੀ ਹੈ। ਇਸ 'ਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਸਮੇਤ ਦੂਸਰੀਆਂ ਧਿਰਾਂ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਤਲਬ ਕੀਤਾ ਅਤੇ ਦੋਵਾਂ ਧਿਰਾਂ ਨੂੰ ਇੱਕ ਅਪ੍ਰੈਲ ਜਾਂ ਕਿਸੇ ਵੀ ਦਿਨ ਟਰਾਇਲ ਕੋਰਟ ਜਾਂ ਇਲਾਕਾ ਮੈਜਿਸਟਰੇਟ ਸਾਹਮਣੇ ਪੇਸ਼ ਹੋ ਕੇ ਸਮਝੌਤੇ ਹੇਠ ਆਪਣੇ ਬਿਆਨ ਦਰਜ ਕਰਾਉਣ ਨੂੰ ਕਿਹਾ ਹੈ।

ਵਰਨਣ ਯੋਗ ਹੈ ਕਿ ਦੋ ਸਤੰਬਰ 2016 ਨੂੰ ਬੱਸੀ ਪਠਾਣਾ ਵਿੱਚ ਹੋਈ ਰੈਲੀ ਮੌਕੇ ਪੱਤਰਕਾਰਾਂ ਨਾਲ ਬਦਸਲੂਕੀ ਦੇ ਦੋਸ਼ ਵਿੱਚ ਭਗਵੰਤ ਮਾਨ ਉੱਤੇ ਕੇਸ ਦਰਜ ਕੀਤਾ ਗਿਆ ਸੀ। ਮਾਨ ਉੱਤੇ ਦੋਸ਼ ਲੱਗਾ ਸੀ ਕਿ ਉਨ੍ਹਾਂ ਨੇ ਰੈਲੀ ਵਿੱਚ ਆਪਣੇ ਸਮਰਥਕਾਂ ਨੂੰ ਪੱਤਰਕਾਰਾਂ ਦੇ ਖਿਲਾਫ ਭੜਕਾਇਆ ਸੀ, ਜਿਸ ਕਾਰਨ ਉਥੇ ਮੌਜੂਦ ਪੱਤਰਕਾਰਾਂ ਨਾਲ ਧੱਕਾਮੁੱਕੀ ਕੀਤੀ ਗਈ ਸੀ। ਇਸ ਦੌਰਾਨ ਇੱਕ ਮੀਡੀਆ ਵਾਲੇ ਦਾ ਕੈਮਰਾ ਵੀ ਤੋੜ ਦਿੱਤਾ ਗਿਆ ਸੀ ਅਤੇ ਭਗਵੰਤ ਮਾਨ ਉੱਤੇ ਪੱਤਰਕਾਰਾਂ ਦੇ ਖਿਲਾਫ ਘਟੀਆ ਸ਼ਬਦਾਵਲੀ ਬੋਲਣ ਦਾ ਵੀ ਦੋਸ਼ ਸੀ। ਬਾਅਦ ਵਿੱਚ ਸ਼ਿਕਾਇਤਕਰਤਾ ਅਤੇ ਭਗਵੰਤ ਮਾਨ ਦਾ ਸਮਝੌਤਾ ਹੋ ਜਾਣ ਕਾਰਨ ਮਾਨ ਨੇ ਜਨਵਰੀ ਵਿੱਚ ਹਾਈ ਕੋਰਟ ਵਿੱਚ ਅਰਜ਼ੀ ਦੇ ਕੇ ਆਪਣੇ ਖਿਲਾਫ ਦਰਜ ਇਸ ਕੇਸ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ। ਹਾਈ ਕੋਰਟ ਨੇ ਇਸ ਦੀ ਸੁਣਵਾਈ ਕਰਦੇ ਹੋਏ ਸਾਰੀਆਂ ਧਿਰਾਂ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ, ਜਿਸ ਦੀ ਜਾਣਕਾਰੀ 23 ਅਪ੍ਰੈਲ ਨੂੰ ਹਾਈ ਕੋਰਟ ਵਿੱਚ ਸੌਂਪਣੀ ਹੋਵੇਗੀ।

# ਇਕਬਾਲ ਸਿੰਘ ਨੇ ਡੇਰਾ ਸਿਰਸਾ ਮੁਖੀ ਨੂੰ ਮਾਫੀ ਵਾਲੇ ਦਸਤਾਵੇਜ਼ ਜਾਂਚ ਕਮੇਟੀ ਨੂੰ ਸੌਂਪੇ



ਅੰਮ੍ਰਿਤਸਰ, 24 ਮਾਰਚ (ਪੋਸਟ ਬਿਊਰੋ)- ਅਹੁਦੇ ਤੋਂ ਲਾਹੇ ਗਏ ਤਖਤ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਸਾਲ 2015 ਵਿੱਚ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਮਾਫੀ ਦੇਣ ਦੇ ਸਾਰੇ ਦਸਤਾਵੇਜ਼ ਆਪਣੇ ਖਿਲਾਫ ਜਾਂਚ ਕਰ ਰਹੀ ਸੱਤ ਮੈਂਬਰੀ ਕਮੇਟੀ ਨੂੰ ਸੌਂਪ ਦਿੱਤੇ ਹਨ। ਪਾਰਲੀਮੈਂਟ ਚੋਣਾਂ ਤੋਂ ਪਹਿਲਾਂ ਗਿਆਨੀ ਇਕਬਾਲ ਸਿੰਘ ਵੱਲੋਂ ਅਕਾਲੀ ਦਲ ਨੂੰ ਪੰਥਕ ਕਟਹਿਰੇ ਵਿੱਚ ਖੜ੍ਹਾ ਕਰਨ ਦੀਆਂ ਕੋਸ਼ਿਸ਼ਾਂ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਾਸਤੇ ਨਵੀਂ ਚੁਣੌਤੀ ਪੇਸ਼ ਕਰ ਦਿੱਤੀ ਹੈ।

ਅਸਲ ਵਿੱਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਜ ਸਿੰਘ ਸਾਹਿਬਾਨ ਦੀ ਕੁਝ ਦਿਨ ਪਹਿਲਾਂ ਦੀ ਬੈਠਕ ਵਿੱਚ ਗਿਆਨੀ ਇਕਬਾਲ ਸਿੰਘ 'ਤੇ ਲੱਗੇ ਦੋਸ਼ਾਂ ਦੀ ਜਾਂਚ ਕਰਨ ਲਈ ਸੱਤ ਮੈਂਬਰੀ ਕਮੇਟੀ ਬਣਾਈ ਸੀ। ਸ੍ਰੀ ਅਕਾਲ ਤਖਤ ਦੀ ਸੱਤ ਮੈਂਬਰੀ ਕਮੇਟੀ ਦੀ ਰਿਪੋਰਟ ਨਾਲ ਗਿਆਨੀ ਇਕਬਾਲ ਸਿੰਘ ਦੇ ਵਿਰੁੱਧ ਸਖਤ ਫੈਸਲਾ ਵੀ ਲਿਆ ਜਾ ਸਕਦਾ ਹੈ, ਤਾਂ ਕਿ ਉਸ ਦੇ ਦੋਸ਼ ਲਾਉਣ ਤੋਂ ਪਹਿਲਾਂ ਖੁਦ ਉਸ ਨੂੰ ਧਾਰਮਿਕ ਕਟਹਿਰੇ ਵਿੱਚ ਖੜ੍ਹਾ ਕਰ ਕੇ ਉਸ ਦੀ ਪੰਥਕ ਮਾਨਤਾ ਨੂੰ ਨੀਂਵਾਂ ਕੀਤਾ ਜਾ ਸਕੇ। ਗਿਆਨੀ ਇਕਬਾਲ ਸਿੰਘ ਨੂੰ ਸ਼ਾਦੀਸ਼ੁਦਾ ਹੋਣ ਦੇ ਬਾਵਜੂਦ ਧੋਖੇ ਨਾਲ ਦੂਸਰੀ ਸ਼ਾਦੀ ਕਰਨ ਅਤੇ ਤਖਤ ਸਾਹਿਬ ਦੇ ਜਥੇਦਾਰ ਦੀ ਸੇਵਾ ਦੌਰਾਨ ਚਰਿੱਤਰਹੀਣਤਾ ਦੇ ਦੋਸ਼ਾਂ ਦਾ ਜਵਾਬ ਦੇਣ ਲਈ ਅਕਾਲ ਤਖਤ ਸਾਹਿਬ 'ਤੇ ਤਲਬ ਕੀਤੇ ਜਾਣ ਦੀ ਵੀ ਸੰਭਾਵਨਾ ਹੈ।

## ਚੀਫ ਖਾਲਸਾ ਦੀਵਾਨ ਫਿਰ ਵਿਵਾਦ ਵਿੱਚ

# ਇੱਕ ਮੈਂਬਰ ਨੇ ਵਟਸਐਪ ਗਰੁੱਪ ਵਿੱਚ ਅਸ਼ਲੀਲ ਫੋਟੋ ਪਾਈਆਂ

ਅੰਮ੍ਰਿਤਸਰ, 24 ਮਾਰਚ (ਪੋਸਟ ਬਿਊਰੋ)- ਇੱਕ ਸਦੀ ਪੁਰਾਣੀ ਸਿੱਖਾਂ ਦੀ ਨਾਮਣੇ ਵਾਲੀ ਸੰਸਥਾ ਚੀਫ ਖਾਲਸਾ ਦੀਵਾਨ ਕੱਲ੍ਹ ਓਦੋਂ ਫਿਰ ਚਰਚਾ ਵਿੱਚ ਆ ਗਈ, ਜਦੋਂ ਇਸ ਦੇ ਮੈਂਬਰਾਂ ਦੇ ਵਟਸਐਪ ਗਰੁੱਪ 'ਸੀਕੇਡੀ ਅਪਡੇਟਸ' ਵਿੱਚ ਵੱਡੀ ਗਿਣਤੀ ਵਿੱਚ ਅਸ਼ਲੀਲ ਤਸਵੀਰਾਂ ਪੈ ਗਈਆਂ। ਇਸ ਦੇ ਖਿਲਾਫ ਗਰੁੱਪ ਮੈਂਬਰਾਂ ਨੇ ਸਖਤ ਇਤਰਾਜ਼ ਕੀਤਾ ਤੇ ਦੇਰ ਸ਼ਾਮ ਤੱਕ ਇਸ ਸੰਸਥਾ ਦੇ ਮੁਖੀ ਨਿਰਮਲ ਸਿੰਘ ਨੇ ਇਹ ਤਸਵੀਰਾਂ ਪਾਉਣ ਵਾਲੇ ਮੈਂਬਰ ਨੂੰ ਚੀਫ ਖਾਲਸਾ ਦੀਵਾਨ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕਰਨ ਦਾ ਐਲਾਨ ਕਰ ਦਿੱਤਾ।

ਵਰਨਣ ਯੋਗ ਹੈ ਕਿ ਇਸ ਵਟਸਐਪ ਗਰੁੱਪ ਵਿੱਚ ਚੀਫ ਖਾਲਸਾ ਦੀਵਾਨ ਦੇ ਕਰੀਬ 147 ਮੈਂਬਰਾਂ ਵਿੱਚ ਮਹਿਲਾ ਮੈਂਬਰ ਵੀ ਹਨ। ਕੱਲ੍ਹ ਦੁਪਹਿਰ ਸਮੇਂ ਆਈਆਂ ਇਨ੍ਹਾਂ ਅਸ਼ਲੀਲ ਤਸਵੀਰਾਂ ਦਾ ਗਰੁੱਪ ਦੇ ਮੈਂਬਰਾਂ ਨੇ ਸਖਤ ਵਿਰੋਧ ਕੀਤਾ ਤੇ ਤਸਵੀਰਾਂ ਪਾਉਣ ਵਾਲੇ ਮੈਂਬਰ ਖਿਲਾਫ ਸਖਤ ਕਾਰਵਾਈ ਕਰਨ ਲਈ ਕਿਹਾ। ਇਸ ਗਰੁੱਪ ਦੇ ਚਾਰ ਐਡਮਿਨ ਵਿੱਚ ਪ੍ਰੀਤ ਅਣਖੀ, ਹਰੀ ਸਿੰਘ ਸੰਧੂ ਤੇ ਸੁੱਖ ਸਿੰਘ ਸ਼ਾਮਲ ਹਨ। ਗਰੁੱਪ ਵਿੱਚ ਚੀਫ ਖਾਲਸਾ ਦੀਵਾਨ ਦੀ ਇਮਾਰਤ ਦੀ ਫੋਟੋ ਵੀ ਲੱਗੀ ਹੋਈ ਹੈ, ਜਿਸ ਦੇ ਹੇਠਾਂ ਇਹ ਅਸ਼ਲੀਲ ਤਸਵੀਰਾਂ ਦਿਖਾਈਆਂ ਗਈਆਂ ਸਨ। ਇਨ੍ਹਾਂ ਤਸਵੀਰਾਂ ਦਾ ਵਿਰੋਧ ਹੋਣ ਮਗਰੋਂ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਨੇ ਦੱਸਿਆ ਕਿ ਇਸ ਉੱਤੇ ਕਾਰਵਾਈ ਕਰਦਿਆਂ ਦੀਵਾਨ ਦੇ ਮੈਂਬਰ ਰਮਿੰਦਰ ਸਿੰਘ ਸੰਧੂ ਨੂੰ ਪਹਿਲਾਂ ਵਟਸਐਪ ਗਰੁੱਪ ਤੋਂ ਹਟਾਇਆ ਗਿਆ ਅਤੇ ਫਿਰ ਉਸ ਦੀ ਦੀਵਾਨ ਦੀ ਮੁੱਢਲੀ ਮੈਂਬਰਸ਼ਿਪ ਰੱਦ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਹਰਕਤ ਦੀ ਸਭ ਅਹੁਦੇਦਾਰਾਂ ਤੇ ਮੈਂਬਰਾਂ ਨੇ ਸਖਤ ਨਿਖੇਧੀ ਕੀਤੀ ਅਤੇ ਇਸ ਨੂੰ ਦੀਵਾਨ ਦੇ ਅਕਸ ਨੂੰ ਢਾਹ ਲਾਉਣ ਵਾਲੀ ਕਾਰਵਾਈ ਕਹਿ ਕੇ ਉਸ ਵਿਅਕਤੀ ਖਿਲਾਫ ਸਖਤ ਕਾਰਵਾਈ ਲਈ ਕਿਹਾ ਸੀ। ਉਨ੍ਹਾਂ ਦੱਸਿਆ ਕਿ ਤਸਵੀਰਾਂ ਪਾਉਣ ਬਾਰੇ ਮੈਂਬਰ ਰਮਿੰਦਰ ਸਿੰਘ ਨੇ ਕਿਹਾ ਕਿ ਇਹ ਤਸਵੀਰਾਂ ਉਸ ਦੇ ਪਰਵਾਰਕ ਮੈਂਬਰ ਵੱਲੋਂ ਗਲਤੀ ਨਾਲ ਇਸ ਗਰੁੱਪ ਵਿੱਚ ਪਾਈਆਂ ਗਈਆਂ ਹਨ, ਜਿਸ ਦੀ ਉਸ ਨੂੰ ਜਾਣਕਾਰੀ ਨਹੀਂ ਸੀ।

# ਗਤਕਾ ਪੇਟੈਂਟ ਕਰਾਉਣ ਦੇ ਦਸਤਾਵੇਜ਼ਾਂ ਨਾਲ ਛੇੜਛਾੜ ਦਾ ਦੋਸ਼

*** 20 ਕਰੋੜ ਦੀਆਂ ਗਤਕਾ ਲੀਗ ਦੀਆਂ ਰਸੀਦਾਂ ਵੀ ਜਾਅਲੀ ਦੱਸੀਆਂ**

*** ਗਤਕਾ ਕੋਚਾਂ ਦੀ ਭਰਤੀ ਦਾ ਐਲਾਨ ਵੀ ਜਾਅਲੀ ਨਿਕਲਿਆ**



ਚੰਡੀਗੜ੍ਹ, 24 ਮਾਰਚ (ਪੋਸਟ ਬਿਊਰੋ)- ਭਾਰਤ ਵਿੱਚ ਗਤਕਾ ਨੂੰ ਟਰੇਡ ਮਾਰਕ ਕਾਨੂੰਨ ਹੇਠ ਪੇਟੈਂਟ ਕਰਾਉਣ ਵਿਰੁੱਧ ਦੇਸ਼-ਵਿਦੇਸ਼ ਵਿੱਚ ਵਸਦੇ ਸਿੱਖਾਂ ਅਤੇ ਗਤਕਾ ਜਥੇਬੰਦੀਆਂ ਵਿੱਚ ਰੋਸ ਹੈ। ਨੈਸ਼ਨਲ ਗਤਕਾ ਐਸੋਸੀਏਸ਼ਨ ਆਫ ਇੰਡੀਆ ਨੇ ਸੰਬੰਧਤ ਵਿਅਕਤੀ ਨੂੰ ਤਲਬ ਕਰਨ ਅਤੇ ਇਹ ਪੇਟੈਂਟ ਰੱਦ ਕਰਵਾਉਣ ਦੀ ਸ਼ਿਕਾਇਤ ਸ੍ਰੀ ਅਕਾਲ ਤਖਤ ਕੋਲ ਵੀ ਕਰ ਦਿੱਤੀ ਹੈ। ਇਸੇ ਦੌਰਾਨ ਪੇਟੈਂਟ ਕਰਾਉਣ ਵਾਲੀ ਕੰਪਨੀ ਅਤੇ ਉਸ ਦੇ ਮਾਲਕ ਵੱਲੋਂ ਦਿੱਲੀ ਵਿੱਚ 20 ਕਰੋੜ ਰੁਪਏ ਖਰਚ ਕਰ ਕੇ ਗਤਕੇ ਦੀ ਵਰਲਡ ਲੀਗ ਕਰਵਾਉਣ, ਜਾਅਲੀ ਬੁਕਿੰਗ ਦੀਆਂ ਰਸੀਦਾਂ ਛਾਪਣ ਅਤੇ ਕੰਪਨੀਆਂ ਸਥਾਪਤ ਕਰਨ ਬਾਰੇ ਕਈ ਨਵੇਂ ਤੱਥ ਵੀ ਸਾਹਮਣੇ ਆਏ ਹਨ।

ਅੱਜ ਏਥੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਨੈਸ਼ਨਲ ਗਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ (ਸਟੇਟ ਐਵਾਰਡੀ) ਨੇ ਦੱਸਿਆ ਕਿ ਦਿੱਲੀ ਦੇ ਜਿਸ ਹਰਪ੍ਰੀਤ ਸਿੰਘ ਖਾਲਸਾ ਨੇ ਟਰੇਡ ਮਾਰਕ ਕਾਨੂੰਨ ਹੇਠ ਗਤਕਾ ਅਤੇ ਸਿੱਖ ਯੁੱਧ ਕਲਾ ਨੂੰ ਪੇਟੈਂਟ ਕਰਵਾਇਆ ਹੈ, ਉਸ ਵੱਲੋਂ 22 ਤੋਂ 28 ਮਾਰਚ ਤੱਕ ਦਿੱਲੀ ਦੇ ਜਵਾਹਰ ਲਾਲ ਨਹਿਰੂ ਸਟੇਡੀਅਮ ਵਿੱਚ ਜਨਤਕ ਤੌਰ 'ਤੇ ਐਲਾਨੀ ਵਰਲਡ ਗਤਕਾ ਲੀਗ ਕਰਵਾਉਣਾ ਵੀ ਕੋਰਾ ਝੂਠ ਸਾਬਤ ਹੁੰਦਾ ਹੈ। ਉਸ ਵਿਅਕਤੀ ਨੇ ਆਪਣੀ ਵੈੱਬਸਾਈਟ ਉੱਤੇ ਸਟੇਡੀਅਮ ਬੁੱਕ ਕੀਤੇ ਜਾਣ ਦੀਆਂ ਰਸੀਦਾਂ ਅਪਲੋਡ ਕੀਤੀਆਂ ਸਨ, ਜਿਨ੍ਹਾਂ ਨੂੰ ਵੈਰੀਫਾਈ ਕੀਤਾ ਤਾਂ ਸਪੋਰਟਸ ਅਥਾਰਟੀ ਆਫ ਇੰਡੀਆ ਨੇ ਸਾਫ ਕੀਤਾ ਕਿ ਉਸ ਸਟੇਡੀਅਮ ਵਿੱਚ ਬੁਕਿੰਗ ਹੀ ਨਹੀਂ ਹੋਈ ਤੇ ਇਹ ਵੀ ਕਿਹਾ ਕਿ ਗਤਕਾ, ਜੋ ਓਲੰਪਿਕ ਸਪੋਰਟਸ ਨਹੀਂ ਹੈ, ਲਈ ਸਟੇਡੀਅਮ ਕਿਸੇ ਹਾਲਤ ਵਿੱਚ ਬੁੱਕ ਨਹੀ ਕੀਤਾ ਜਾ ਸਕਦਾ। ਗਰੇਵਾਲ ਨੇ ਦੱਸਿਆ ਕਿ ਉਨ੍ਹਾਂ ਟਰੇਡ ਮਾਰਕ ਅਥਾਰਟੀ ਤੋਂ ਆਰ ਟੀ ਆਈ ਰਾਹੀਂ ਗਤਕਾ ਅਤੇ ਸਿੱਖ ਯੁੱਧ ਕਲਾ ਨੂੰ ਪੇਟੈਂਟ ਕਰਾਉਣ ਦੇ ਅਰਜ਼ੀਕਾਰ ਵੱਲੋਂ ਪੇਸ਼ ਕੀਤੇ ਦਸਤਾਵੇਜ਼ ਮੰਗੇ ਹਨ ਤਾਂ ਜੋ ਗੁਰੂ ਸਾਹਿਬਾਨ ਵੱਲੋਂ ਸਿੱਖਾਂ ਨੂੰ ਬਖਸ਼ੀ ਇਸ ਦਾਤ ਅਤੇ ਪੁਰਾਤਨ ਯੁੱਧ ਵਿਦਿਆ ਨੂੰ ਕਿਸੇ ਇੱਕ ਵਿਅਕਤੀ ਵੱਲੋਂ ਆਪਣੇ ਨਾਂਅ ਹੇਠ ਮਲਕੀਅਤ ਦਰਜ ਕਰਾਉਣ ਸੰਬੰਧੀ ਦਿੱਤੇ ਸਬੂਤਾਂ ਅਤੇ ਦਸਤਾਵੇਜ਼ਾਂ ਦੀ ਪੜਚੋਲ ਕੀਤੀ ਜਾ ਸਕੇ।

# ਕਮਜ਼ੋਰ ਵਿਦਿਆਰਥੀਆਂ ਦੇ ਨਾਂਅ ਕੱਟਦੇ ਪ੍ਰਾਈਵੇਟ ਸਕੂਲਾਂ ਉੱਤੇ ਕਾਰਵਾਈ ਹੋਵੇਗੀ



ਚੰਡੀਗੜ੍ਹ, 24 ਮਾਰਚ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਵਧੀਆ ਨਤੀਜੇ ਦੀ ਸੋਚ ਨਾਲ ਬੋਰਡ ਦੇ ਇਮਤਿਹਾਨ ਤੋਂ ਪਹਿਲਾਂ ਦੀਆਂ ਜਮਾਤਾਂ ਵਿੱਚ ਪੜ੍ਹਾਈ ਵਿੱਚੋਂ ਕਮਜ਼ੋਰ ਵਿਦਿਆਰਥੀਆਂ ਦੇ ਨਾਂਅ ਕੱਟਣ ਵਾਲੇ ਸਭ ਸਕੂਲਾਂ ਦੇ ਐੱਨ ਓ ਸੀ (ਇਤਰਾਜ਼ ਨਹੀਂ ਸਰਟੀਫਿਕੇਟ) ਰੱਦ ਕਰਨ ਦਾ ਫੈਸਲਾ ਕਰ ਲਿਆ ਹੈ।

ਇਸ ਸੰਬੰਧ ਵਿੱਚ ਡਾਇਰੈਕਟਰ ਸਿਖਿਆ ਵਿਭਾਗ (ਸੈਕੰਡਰੀ) ਪੰਜਾਬ ਨੇ ਸੀ ਬੀ ਐੱਸ ਈ, ਆਈ ਸੀ ਐੱਸ ਈ ਅਤੇ ਪੰਜਾਬ ਸਕੂਲ ਸਿਖਿਆ ਬੋਰਡ ਨਾਲ ਸੰਬੰਧਤ ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕਾਂ ਨੂੰ ਤਾੜਨਾ ਕਰਦੇ ਹੋਏ ਸਮੂਹ ਜ਼ਿਲ੍ਹਾ ਸਿਖਿਆ ਅਫਸਰਾਂ ਨੂੰ ਇਸ ਪ੍ਰਕਿਰਿਆ ਉਤੇ ਨਜ਼ਰ ਰੱਖਣ ਨੂੰ ਕਿਹਾ ਹੈ। ਪਤਾ ਲੱਗਾ ਹੈ ਕਿ ਸਿਖਿਆ ਵਿਭਾਗ ਨੂੰ ਪਿਛਲੇ ਸਮੇਂ ਤੋਂ ਇਹ ਜਾਣਕਾਰੀ ਮਿਲ ਰਹੀ ਸੀ ਕਿ ਕੁਝ ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕਾਂ ਵੱਲੋਂ 9ਵੀਂ ਅਤੇ 11ਵੀਂ ਦੀਆਂ ਜਮਾਤਾਂ ਦੇ ਪੜ੍ਹਾਈ ਵਿੱਚੋਂ ਕਮਜ਼ੋਰ ਵਿਦਿਆਰਥੀਆਂ ਦੇ ਨਤੀਜੇ ਮਾੜੇ ਨਾ ਆਉਣ ਅਤੇ ਸਕੂਲ ਦਾ ਵੱਕਾਰ ਕਾਇਮ ਰੱਖਣ ਦੇ ਲਈ ਬਾਅਦ ਵਿੱਚ ਨਾਂਅ ਕੱਟ ਦਿੱਤੇ ਜਾਂਦੇ ਸਨ। ਡੀ ਪੀ ਆਈ ਵੱਲੋਂ ਜਾਰੀ ਹੁਕਮਾਂ ਵਿੱਚ ਇਹ ਬਾਕਾਇਦਾ ਲਿਖਿਆ ਗਿਆ ਹੈ ਕਿ ਕੁਝ ਪ੍ਰਾਈਵੇਟ ਸਕੂਲ 10ਵੀਂ ਅਤੇ 12ਵੀਂ ਦੇ ਵਿਦਿਆਰਥੀਆਂ ਦੇ ਨਾਂਅ ਇਸੇ ਮਨਸ਼ੇ ਨਾਲ ਕੱਟਦੇ ਹਨ ਕਿ ਨਤੀਜੇ ਚੰਗੇ ਆ ਸਕਣ। ਡੀ ਪੀ ਆਈ ਨੇ ਲਿਖਿਆ ਹੈ ਕਿ ਇਸ ਨਾਲ ਜਿੱਥੇ ਰਵਾਇਤੀ ਵਿਦਿਆਰਥੀਆਂ ਦੇ ਭਵਿੱਖ ਉਤੇ ਮਾੜਾ ਅਸਰ ਪੈਂਦਾ ਹੈ, ਉਥੇ ਉਨ੍ਹਾਂ ਦੇ ਮਾਪਿਆਂ ਵਿੱਚ ਰੋਸ ਪੈਦਾ ਹੁੰਦਾ ਹੈ ਤੇ ਉਨ੍ਹਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਡੀ ਪੀ ਆਈ ਨੇ ਇਸ ਖੇਡ ਰੋਕਣ ਲਈ ਸਾਰੇ ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕਾਂ ਨੂੰ ਕਿਹਾ ਹੈ ਕਿ ਭਵਿੱਖ ਵਿੱਚ 9ਵੀਂ ਅਤੇ 11ਵੀਂ ਜਮਾਤ ਦੇ ਵਿਦਿਆਰਥੀਆਂ ਦੇ ਨਾਂਅ ਕੱਟਣ ਤੋਂ ਪਹਿਲਾਂ ਨਵੇਂ ਬਣਾਏ ਪ੍ਰੋਫਾਰਮੇ ਵਿੱਚ ਉਸ ਵਿਦਿਆਰਥੀ ਦੇ ਪੂਰੇ ਵੇਰਵੇ ਭਰ ਕੇ ਜ਼ਿਲ੍ਹਾ ਸਿਖਿਆ ਅਫਸਰਾਂ ਤੋਂ ਇਸ ਦੀ ਅਗੇਤੀ ਪ੍ਰਵਾਨਗੀ ਲੈਣੀ ਹੋਵੇਗੀ ਅਤੇ ਜਿਹੜੇ ਸਕੂਲ ਵਾਲੇ ਇਸ ਤਰ੍ਹਾਂ ਨਹੀਂ ਕਰਨਗੇ, ਉਸ ਸਕੂਲ ਦੀ ਐੱਨ ਓ ਸੀ ਰੱਦ ਕਰਨ ਦੀ ਕਾਰਵਾਈ ਕੀਤੀ ਜਾਵੇਗੀ।


ਸਿੱਖਿਆ ਵਿਭਾਗ ਦੇ ਸਕੱਤਰ ਨੇ ਦੱਸਿਆ ਕਿ ਉਨ੍ਹਾਂ ਨੂੰ ਕੁਝ ਸਕੂਲਾਂ ਦੀਆਂ ਸ਼ਿਕਾਇਤਾਂ ਮਿਲੀਆਂ ਸਨ ਕਿ ਬੋਰਡ ਦੀ ਪ੍ਰੀਖਿਆ ਵਾਲੀ ਜਮਾਤ ਤੋਂ ਪਹਿਲੀ ਜਮਾਤ ਦੀ ਸਕੂਲੀ ਪ੍ਰੀਖਿਆ ਵੇਲੇ ਪੜ੍ਹਾਈ ਵਿੱਚ ਕਮਜ਼ੋਰ ਵਿਦਿਆਰਥੀਆਂ ਨੂੰ ਇਸ ਸ਼ਰਤ 'ਤੇ ਪਾਸ ਕੀਤਾ ਜਾਂਦਾ ਹੈ ਕਿ ਇਸ ਤੋਂ ਬਾਅਦ ਉਹ ਸਕੂਲ ਵਿੱਚੋਂ ਨਾਂਅ ਕਟਵਾ ਲਵੇਗਾ ਤਾਂ ਜੋ ਅਗਲੀਆਂ 10ਵੀਂ ਅਤੇ 12ਵੀਂ ਦੀਆਂ ਬੋਰਡ ਦੀਆਂ ਪ੍ਰੀਖਿਆ ਵਾਲੀਆਂ ਜਮਾਤਾਂ ਤੱਕ ਨਾ ਜਾ ਸਕੇ।

# ਦਿਓਰ-ਭਰਜਾਈ ਨੇ ਫਾਹਾ ਲੈ ਕੇ ਸੁਸਾਈਡ ਕਰ ਲਿਆ

ਬਠਿੰਡਾ, 24 ਮਾਰਚ (ਪੋਸਟ ਬਿਊਰੋ)- ਪਿੰਡ ਦਿਆਲਪੁਰਾ ਭਾਈਕਾ ਵਿੱਚ ਇੱਕ ਔਰਤ ਤੇ ਨੌਜਵਾਨ ਨੇ ਇਕੱਠੇ ਦਰੱਖਤ ਨਾਲ ਫਾਹਾ ਲੈ ਕੇ ਸੁਸਾਈਡ ਕਰ ਲਿਆ ਹੈ। ਮਰਨ ਵਾਲੇ ਆਪੋ ਵਿੱਚ ਦਿਓਰ-ਭਰਜਾਈ ਦੱਸੇ ਜਾਂਦੇ ਹਨ। ਨੌਜਵਾਨ ਦੀ ਉਮਰ 21 ਸਾਲ ਅਤੇ ਔਰਤ ਦੀ ਉਮਰ 23 ਸਾਲ ਦੇ ਕਰੀਬ ਦੱਸੀ ਗਈ ਹੈ।

ਜਦੋਂ ਇਸ ਘਟਨਾ ਦਾ ਪਤਾ ਲੱਗਾ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਦੋਵੇਂ ਲਾਸ਼ਾਂ ਨੂੰ ਪਿੰਡ ਦੇ ਲੋਕਾਂ ਦੀ ਮਦਦ ਨਾਲ ਹੇਠਾਂ ਲੁਹਾਈਆਂ। ਇਕੱਠੇ ਕੀਤੇ ਸੁਸਾਈਡ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ, ਪ੍ਰੰਤੂ ਦੱਸਿਆ ਗਿਆ ਹੈ ਕਿ ਦੋਵਾਂ ਦਾ ਪ੍ਰੇਮ ਚੱਲ ਰਿਹਾ ਸੀ। ਮ੍ਰਿਤਕ ਨੌਜਵਾਨ ਦੀ ਪਛਾਣ ਗੁਰਪ੍ਰੀਤ ਸਿੰਘ ਵਾਸੀ ਦਿਆਲਪੁਰਾ ਭਾਈਕਾ ਤੇ ਔਰਤ ਦੀ ਪਛਾਣ ਹਰਵਿੰਦਰ ਕੌਰ ਉਮਰ 23 ਸਾਲ ਵਜੋਂ ਹੋਈ ਹੈ। ਪਿੰਡ ਦੇ ਲੋਕਾਂ ਅਨੁਸਾਰ ਗੁਰਪ੍ਰੀਤ ਸਿੰਘ ਕੁਆਰਾ ਸੀ ਅਤੇ ਹਰਵਿੰਦਰ ਕੌਰ ਦੋ ਬੱਚਿਆਂ ਦੀ ਮਾਂ ਸੀ। ਪਤਾ ਲੱਗਾ ਹੈ ਕਿ ਗੁਰਪ੍ਰੀਤ ਸਿੰਘ ਤੇ ਹਰਵਿੰਦਰ ਕੌਰ ਦੇ ਪ੍ਰੇਮ ਸੰਬੰਧ ਸਨ। ਪੁਲਸ ਦਾ ਕਹਿਣਾ ਹੈ ਕਿ ਮੌਤ ਦੇ ਅਸਲੀ ਕਾਰਨਾਂ ਦਾ ਅਜੇ ਪਤਾ ਪਤਾ ਨਹੀਂ ਲੱਗ ਸਕਿਆ।

# ਪਾਕਿ ਵੱਲੋਂ ਸ਼ਹੀਦ ਭਗਤ ਸਿੰਘ ਦੇ ਘਰ ਨੂੰ ਵਿਰਾਸਤੀ ਦਰਜਾ ਦੇਣ ਦਾ ਐਲਾਨ



ਅੰਮ੍ਰਿਤਸਰ, 24 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਵਿਚਲੇ ਪੰਜਾਬ ਦੀ ਸਰਕਾਰ ਨੇ ਜ਼ਿਲ੍ਹਾ ਫੈਸਲਾਬਾਦ ਦੇ ਪਿੰਡ ਬੰਗਾ ਦੇ ਚੱਕ 105 ਵਿੱਚ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਨੂੰ 'ਕੌਮੀ ਵਿਰਾਸਤ' ਦਾ ਦਰਜਾ ਦੇਣ ਦਾ ਐਲਾਨ ਕੀਤਾ ਹੈ, ਜਿਸ ਦੀ ਚਿਰਾਂ ਤੋਂ ਮੰਗ ਕੀਤੀ ਜਾ ਰਹੀ ਸੀ।

ਪੁਰਾਤੱਤਵ ਵਿਭਾਗ ਦੇ ਡਿਪਟੀ ਡਾਇਰੈਕਟਰ ਅਫਜ਼ਲ ਖਾਨ ਨੇ ਦੱਸਿਆ ਕਿ ਸਰਕਾਰ ਵੱਲੋਂ ਬਣਾਈ ਪੁਰਾਤੱਤਵ ਅਤੇ ਸੈਰ ਸਪਾਟਾ ਵਿਭਾਗ ਦੇ ਮਾਹਿਰਾਂ ਦੀ ਟੀਮ ਨੇ ਸ਼ਹੀਦ ਭਗਤ ਸਿੰਘ ਦੇ ਘਰ ਦਾ ਦੌਰਾ ਕਰ ਕੇ ਓਥੋਂ ਪੁਰਾਣੀਆਂ ਤਸਵੀਰਾਂ ਇਕੱਠੀਆਂ ਕਰਨ ਦੇ ਨਾਲ ਇਮਾਰਤ ਦੇ ਵੱਖ-ਵੱਖ ਹਿੱਸਿਆਂ, ਢਾਂਚੇ, ਛੱਤ ਤੇ ਦਰਵਾਜ਼ਿਆਂ ਦੇ ਨਕਸ਼ੇ ਤਿਆਰ ਕਰਨੇ ਸ਼ੁਰੂ ਕਰ ਦਿੱਤੇ ਹਨ। ਇਸ ਤੋਂ ਬਿਨਾ ਸ਼ਹੀਦ ਦੇ ਘਰ ਨੂੰ 'ਕੌਮੀ ਵਿਰਾਸਤ' ਦਾ ਦਰਜਾ ਦੇਣ ਦੀ ਕਾਰਵਾਈ ਸ਼ੁਰੂ ਕਰਨ ਲਈ ਘਰ ਦੇ ਮੌਜੂਦਾ ਮਾਲਕ ਚੌਧਰੀ ਸਾਕਿਬ ਵਿਰਕ ਕੋਲੋਂ ਵੀ ਮਨਜ਼ੂਰੀ ਲੈ ਲਈ ਹੈ। ਉਨ੍ਹਾਂ ਦੱਸਿਆ ਕਿ ਘਰ ਦਾ ਨੱਬੇ ਫੀਸਦੀ ਹਿੱਸਾ ਨਵੇਂ ਢੰਗ ਨਾਲ ਬਣਾਇਆ ਗਿਆ ਹੈ, ਪਰ ਦੋ ਕਮਰੇ, ਛੱਤਾਂ ਤੇ ਦਰਵਾਜ਼ਿਆਂ ਨਾਲ ਛੇੜ-ਛਾੜ ਕੀਤੇ ਬਿਨਾਂ ਪੁਰਾਣੀ ਹਾਲਤ ਬਹਾਲ ਰੱਖੀ ਗਈ ਹੈ। ਡਿਪਟੀ ਡਾਇਰੈਕਟਰ ਦੇ ਮੁਤਾਬਕ ਘਰ ਦਾ ਮਾਲਕ ਉਥੇ ਰਹਿ ਸਕਦਾ ਹੈ, ਪਰ ਇਮਾਰਤ ਦੇ ਅੰਦਰੂਨੀ ਢਾਂਚੇ ਜਾਂ ਬਾਹਰੀ ਦਿੱਖ ਨੂੰ ਬਦਲਣ ਦਾ ਉਸ ਨੂੰ ਅਧਿਕਾਰ ਨਹੀਂ ਹੋਵੇਗਾ। ਉਨ੍ਹਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਦੇ ਘਰ ਨੂੰ ਸਾਲ 2012 'ਚ ਜ਼ਿਲ੍ਹਾ ਫੈਸਲਾਬਾਦ ਪ੍ਰਸ਼ਾਸਨ ਵੱਲੋਂ 'ਕੌਮੀ ਸਮਾਰਕਾਂ' ਦਾ ਦਰਜਾ ਦਿੱਤਾ ਗਿਆ ਸੀ, ਪਿਛਲੇ ਦਿਨੀਂ ਸੂਬਾ ਸਰਕਾਰ ਨੇ ਇਸ ਨੂੰ 'ਕੌਮੀ ਵਿਰਾਸਤ' ਦਾ ਦਰਜਾ ਦੇਣ ਦਾ ਐਲਾਨ ਕੀਤਾ ਹੈ।

We Provide services:
• Corporation Registration
• Corporation Tax Returns
• Personal Tax Retruns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741



A/Z Drivers Needed/ਡਰਾਈਵਰਾਂ ਦੀ ਲੋੜ
➡ Team Drivers Needed Immediately
➡ Dedicated AutoPart Runs To Texas, Missouri, Kansas
➡ Permanent Schedule for whole year
➡ Always Go to same Shippers No Waiting at All
➡ Highest Pay Rate Package Plus HST
➡ New Model Volvo Trucks
➡ Paid Every Week On Friday
➡ 20,000 to 24,00 Miles in a Month
➡ Always Home At Weekends
➡ Can Work From Brampton, Woodstock or London



- Autoparts ਦੇ ਡੈਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

www.AREA REALTOR.com
Multi Award Winner Realtor
CENTURY 21 PRESIDENT



KAMAL SANDHU
Sales Representative
647.891.0143
905.488.2100 ext. 407



# ਭਾਰਤ-ਪਾਕਿ 27 ਫਰਵਰੀ ਨੂੰ ਇੱਕ-ਦੂਜੇ ਉੱਤੇ ਮਿਜ਼ਾਈਲ ਸੁੱਟਣ ਦੇ ਨੇੜੇ ਹੀ ਸਨ




ਮੁੰਬਈ, 24 ਮਾਰਚ (ਪੋਸਟ ਬਿਊਰੋ)- ਭਾਰਤ ਤੇ ਪਾਕਿਸਤਾਨ 27 ਫਰਵਰੀ ਨੂੰ ਇੱਕ ਦੂਜੇ ਉਪਰ ਮਿਜ਼ਾਈਲ ਸੁੱਟਣ ਦੇ ਬੇਹੱਦ ਨੇੜੇ ਆ ਗਏ ਸਨ। ਹਵਾਈ ਫੌਜ ਦੇ ਜਹਾਜ਼ ਮਿੱਗ-21 ਦੇ ਪਾਇਲਟ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ ਨੂੰ ਪਾਕਿਸਤਾਨ ਵੱਲੋਂ ਫੜ ਲੈਣ ਪਿੱਛੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਬਾਰੇ ਫੈਸਲਾ ਕਰਨ ਲੱਗੇ ਸਨ। ਪਤਾ ਲੱਗਾ ਹੈ ਕਿ ਓਦੋਂ ਭਾਰਤ ਦੀ ਖੁਫੀਆ ਏਜੰਸੀ ਰਾਅ ਦੇ ਸੈਕਟਰੀ ਅਨਿਲ ਧਰਮਾਨਾ ਨੇ ਓਦੋਂ ਪਾਕਿਸਤਾਨੀ ਖੁਫੀਆ ਏਜੰਸੀ ਆਈ ਐੱਸ ਆਈ ਦੇ ਚੀਫ ਲੈਫਟੀਨੈਂਟ ਜਨਰਲ ਆਸਿਮ ਮੁਨੀਰ ਨੂੰ ਸਾਫ ਕਹਿ ਦਿੱਤਾ ਸੀ ਕਿ ਜੇ ਭਾਰਤੀ ਪਾਇਲਟ ਦਾ ਕਿਸੇ ਤਰ੍ਹਾਂ ਦਾ ਨੁਕਸਾਨ ਹੁੰਦਾ ਹੈ ਤਾਂ ਭਾਰਤ ਵੱਲੋਂ ਇਸ ਦੇ ਗੰਭੀਰ ਨਤੀਜੇ ਹੋਣਗੇ।

ਹਿੰਦੁਸਤਾਨ ਟਾਈਮਜ਼ ਨੇ ਸੁਰੱਖਿਆ ਮਾਮਲਿਆਂ ਦੀ ਕਮੇਟੀ (ਸੀ ਸੀ ਐੱਸ) ਦੇ ਇੱਕ ਅਹਿਮ ਮੈਂਬਰ, ਭਾਰਤ ਤੇ ਪਾਕਿਸਤਾਨ ਦੇ ਡਿਪਲੋਮੇਟ, ਅਮਰੀਕੀ ਕੌਮੀ ਸੁਰੱਖਿਆ ਸਲਾਹਕਾਰ (ਐੱਨ ਐੱਸ ਏ) ਦਫਤਰ ਤੇ ਖੁਫੀਆ ਅਧਿਕਾਰੀਆਂ ਨਾਲ ਦੋਵਾਂ ਦੇਸ਼ਾਂ ਵਿਚਾਲੇ ਇਸ ਖਿੱਚੋਤਾਣ ਭਰੇ ਰਿਸ਼ਤੇ ਬਾਰੇ ਗੱਲ ਕੀਤੀ ਹੈ। ਇਸ ਦੌਰਾਨ ਪਤਾ ਲੱਗਾ ਕਿ ਇੱਕ ਪਾਸੇ ਰਾਅ ਦੇ ਚੀਫ ਨੇ ਆਈ ਐੱਸ ਆਈ ਦੇ ਮੁਖੀ ਨਾਲ ਗੱਲ ਕੀਤੀ ਅਤੇ ਦੂਸਰੇ ਪਾਸੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਅਮਰੀਕਾ ਦੇ ਸੁਰੱਖਿਆ ਸਲਾਹਕਾਰ ਜਾਨ ਬੋਲਟਨ ਤੇ ਅਮਰੀਕੀ ਵਿਦੇਸ਼ ਮੰਤਰੀ ਨਾਲ ਉਸੇ ਦਿਨ ਹੌਟ ਲਾਈਨ 'ਤੇ ਗੱਲ ਕਰ ਕੇ ਕਿਹਾ ਕਿ ਜੇ ਵਿੰਗ ਕਮਾਂਡਰ ਵਰਧਮਾਨ ਦਾ ਨੁਕਸਾਨ ਹੁੰਦਾ ਹੈ ਤਾਂ ਭਾਰਤ ਖਤਰਨਾਕ ਕਦਮ ਚੁੱਕਣ ਨੂੰ ਤਿਆਰ ਹੈ। ਡੋਭਾਲ ਅਤੇ ਧਰਮਾਨਾ ਨੇ ਯੂ ਏ ਈ ਅਤੇ ਸਾਊਦੀ ਅਰਬ 'ਚ ਪੱਤਰਕਾਰਾਂ ਨਾਲ ਗੱਲ ਕਰ ਕੇ ਕਿਹਾ ਕਿ ਉਹ ਇਮਰਾਨ ਖਾਨ ਦੀ ਸਰਕਾਰ 'ਤੇ ਇਸ ਗੱਲ ਦਾ ਦਬਾਅ ਬਣਾਉਣ ਕਿ ਉਹ ਪਾਇਲਟ ਨੂੰ ਬਿਨਾਂ ਸ਼ਰਤ ਦੇ ਰਿਹਾਅ ਕਰਨ।

ਵ੍ਹਾਈਟ ਹਾਊਸ ਦੇ ਬੁਲਾਰੇ ਤੋਂ ਜਦੋਂ ਪੁੱਛਿਆ ਗਿਆ ਕਿ ਕੀ ਡੋਭਾਲ ਨੇ 27 ਫਰਵਰੀ ਨੂੰ ਜਾਨ ਬੋਲਟਨ ਨੂੰ ਇਸ ਬਾਰੇ ਦੱਸ ਦਿੱਤਾ ਸੀ ਕਿ ਜੇ ਭਾਰਤੀ ਹਵਾਈ ਫੌਜ ਦੇ ਪਾਇਲਟ ਦਾ ਪਾਕਿਸਤਾਨ 'ਚ ਕਿਸੇ ਤਰ੍ਹਾਂ ਦਾ ਨੁਕਸਾਨ ਹੁੰਦਾ ਹੈ ਤਾਂ ਭਾਰਤ ਮਿਜ਼ਾਈਲ ਹਮਲੇ ਲਈ ਤਿਆਰ ਸੀ ਅਤੇ ਇਸ ਸਥਿਤੀ ਵਿੱਚ 12 ਮਿਜ਼ਾਈਲਾਂ ਨੂੰ ਸੁੱਟਣ ਲਈ ਤਿਆਰ ਰੱਖਿਆ ਗਿਆ ਸੀ। ਇਸ ਦੇ ਜਵਾਬ ਵਿੱਚ ਕਿਸੇ ਤਰ੍ਹਾਂ ਦੀ ਟਿੱਪਣੀ ਤੋਂ ਵ੍ਹਾਈਟ ਹਾਊਸ ਦੇ ਬੁਲਾਰੇ ਨੇ ਇਨਕਾਰ ਕਰ ਦਿੱਤਾ।

# ਭਾਜਪਾ ਨੇ ਅਡਵਾਨੀ ਦੀ ਟਿਕਟ ਖੋਹ ਕੇ ਅਮਿਤ ਸ਼ਾਹ ਦੀ ਝੋਲੀ ਪਾ ਦਿੱਤੀ

ਲਖਨਊ, 24 ਮਾਰਚ, (ਪੋਸਟ ਬਿਊਰੋ)- ਇਸ ਵਾਰੀ ਪਾਰਲੀਮੈਂਟ ਚੋਣਾਂ ਲਈ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਦੀ ਪਹਿਲੀ ਸੂਚੀ ਦੌਰਾਨ ਉੱਤਰ ਪ੍ਰਦੇਸ਼ ਦੇ 6 ਮੌਜੂਦਾ ਪਾਰਲੀਮੈਂਟ ਮੈਂਬਰਾਂ ਦਾ ਪੱਤਾ ਸਾਫ ਕਰ ਦਿੱਤਾ ਗਿਆ ਹੈ। ਭਾਜਪਾ ਹਾਈ ਕਮਾਨ ਨੇ ਇਸ ਵੀਰਵਾਰ ਜਿਹੜੀ ਵੱਖ-ਵੱਖ ਰਾਜਾਂ ਦੇ 184 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ, ਉਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਉੱਤਰ ਪ੍ਰਦੇਸ਼ ਦੇ 28 ਉਮੀਦਵਾਰ ਸ਼ਾਮਲ ਹਨ।

ਇਸ ਸੂਚੀ ਨੂੰ ਵੇਖ ਕੇ ਪਤਾ ਲੱਗਾ ਹੈ ਕਿ ਭਾਜਪਾ ਨੇ ਸਾਲ 2014 ਦੀਆਂ ਚੋਣਾਂ ਵਿਚ ਚੁਣੇ ਗਏ 22 ਪਾਰਲੀਮੈਂਟ ਮੈਂਬਰਾਂ ਉੱਤੇ ਫਿਰ ਭਰੋਸਾ ਕੀਤਾ, ਪਰ ਆਗਰਾ, ਫਤਿਹਪੁਰ ਸੀਕਰੀ, ਬਦਾਯੂੰ, ਸ਼ਾਹਜਹਾਂਪੁਰ, ਹਰਦੋਈ ਤੇ ਮਿਸ਼ਰਿਖ ਦੇ ਪਾਰਲੀਮੈਂਟ ਮੈਂਬਰਾਂ ਨੂੰ ਇਸ ਵਾਰ ਖੜੇ ਨਾ ਕਰਨ ਦਾ ਫੈਸਲਾ ਲਿਆ ਹੈ। ਵਾਦ-ਵਿਵਾਦ ਦੇ ਬਿਆਨ ਦੇਣ ਲਈ ਚਰਚਿਤ ਰਮਾ ਸ਼ੰਕਰ ਕਠੇਰੀਆ ਦੀ ਥਾਂ ਆਗਰਾ ਤੋਂ ਉੱਤਰ ਪ੍ਰਦੇਸ਼ ਦੇ ਮੰਤਰੀ ਐੱਸ ਪੀ ਬਾਘੇਲ ਨੂੰ ਉਮੀਦਵਾਰ ਬਣਾਇਆ ਗਿਆ ਹੈ। ਸਮਾਜਵਾਦੀ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਬਘੇਲ ਨੂੰ ਪਹਿਲਾਂ ਰਾਜ ਸਭਾ ਦਾ ਮੈਂਬਰ ਬਣਾਇਆ ਸੀ ਤੇ ਫਿਰ 2017 ਵਿਚ ਉਨ੍ਹਾਂ ਨੂੰ ਯੋਗੀ ਆਦਿੱਤਿਆਨਾਥ ਸਿੰਘ ਸਰਕਾਰ ਦਾ ਪਸ਼ੂ-ਪਾਲਣ ਮੰਤਰੀ ਬਣਾਇਆ ਸੀ। ਫਤਿਹਪੁਰ ਸੀਕਰੀ ਤੋਂ ਚੌਧਰੀ ਬਾਬੂ ਲਾਲ ਦੀ ਥਾਂ ਰਾਜ ਕੁਮਾਰ ਝੱਜਰ ਨੂੰ ਟਿਕਟ ਮਿਲੀ ਹੈ। ਬਦਾਯੂੰ ਦੇ ਮੌਜੂਦਾ ਪਾਰਲੀਮੈਂਟ ਮੈਂਬਰ ਧਰਮਿੰਦਰ ਯਾਦਵ ਦੀ ਥਾਂ ਸੰਘਮਿੱਤਰਾ ਮੌਰੀਆ ਨੂੰ ਪਾਰਟੀ ਟਿਕਟ ਦਿੱਤੀ ਗਈ ਹੈ। ਕਿਸੇ ਵੇਲੇ ਬਹੁਜਨ ਸਮਾਜ ਪਾਰਟੀ ਦੀ ਮੁਖੀ ਬੀਬੀ ਮਾਇਆਵਤੀ ਦੇ ਖਾਸ ਸਹਿਯੋਗੀ ਰਹੇ ਸਵਾਮੀ ਪ੍ਰਸਾਦ ਮੌਰੀਆ ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਕੁਝ ਦਿਨ ਪਿੱਛੋਂ ਉਨ੍ਹਾਂ ਦੀ ਧੀ ਸੰਘਮਿੱਤਰਾ ਨੇ ਵੀ ਬਸਪਾ ਛੱਡ ਦਿੱਤੀ ਸੀ, ਜਿਸ ਨੂੰ ਇਸ ਵਾਰ ਬਦਾਯੂੰ ਦੀ ਟਿਕਟ ਮਿਲੀ ਹੈ। ਸਾਲ 2014 ਦੀਆਂ ਚੋਣਾਂ ਵੇਲੇ ਸੰਘਮਿੱਤਰਾ ਮੌਰੀਆ ਨੇ ਮੈਨਪੁਰੀ ਤੋਂ ਸਮਾਜਵਾਦੀ ਪਾਰਟੀ ਦੇ ਮੋਢੀ ਮੁਲਾਇਮ ਸਿੰਘ ਯਾਦਵ ਦੇ ਵਿਰੁੱਧ ਚੋਣ ਲੜੀ ਸੀ। ਭਾਜਪਾ ਨੇ ਸ਼ਾਹਜਹਾਂਪੁਰ ਤੋਂ ਮੌਜੂਦਾ ਕੇਂਦਰੀ ਮੰਤਰੀ ਕ੍ਰਿਸ਼ਨਾ ਰਾਜ ਦੀ ਥਾਂ ਇਸ ਵਾਰ ਨਵੇਂ ਚਿਹਰੇ ਅਰੁਣ ਸਾਗਰ ਨੂੰ ਉਮੀਦਵਾਰ ਬਣਾਇਆ ਹੈ। ਹਰਦੋਈ ਤੋਂ ਅੰਸ਼ੁਲ ਵਰਮਾ ਦੀ ਜਗ੍ਹਾ ਜੈ ਪ੍ਰਕਾਸ਼ ਰਾਵਤ ਅਤੇ ਮਿਸ਼ਰਿਖ ਸੀਟ ਤੋਂ ਅੰਜੂ ਬਾਲਾ ਦੀ ਥਾਂ ਅਸ਼ੋਕ ਰਾਵਤ ਨੂੰ ਖੜਾ ਕੀਤਾ ਹੈ। ਵਰਨਣ ਯੋਗ ਹੈ ਕਿ 2014 ਦੀਆਂ ਚੋਣਾਂ ਵਿੱਚ ਉੱਤਰ ਪ੍ਰਦੇਸ਼ ਦੀਆਂ 80 ਵਿਚੋਂ ਭਾਜਪਾ ਨੇ 71 ਸੀਟਾਂ ਜਿੱਤੀਆਂ ਸਨ, ਪਰ ਬਾਅਦ ਵਿਚ ਕੈਰਾਨਾ, ਫੂਲਪੁਰ ਤੇ ਗੋਰਖਪੁਰ ਦੀਆਂ



ਉਪ ਚੋਣਾਂ ਵਿਚ ਪਾਰਟੀ ਤਿੰਨੇ ਸੀਟਾਂ ਹਾਰ ਗਈ ਸੀ। ਇਸ ਵੇਲੇ ਲੋਕ ਸਭਾ ਵਿਚ ਉੱਤਰ ਪ੍ਰਦੇਸ਼ ਤੋਂ ਕਾਂਗਰਸ ਤੇ ਅਪਨਾ ਦਲ ਦੇ 2-2 ਮੈਂਬਰ, ਸਮਾਜਵਾਦੀ ਪਾਰਟੀ ਦੇ 7 ਅਤੇ ਰਾਸ਼ਟਰੀ ਲੋਕ ਦਲ ਦਾ 1 ਮੈਂਬਰ ਹੈ।

ਕੱਲ੍ਹ ਜਾਰੀ ਕੀਤੀ ਸੂਚੀ ਵਿਚ ਭਾਜਪਾ ਉਮੀਦਵਾਰਾਂ ਵਿਚ ਵਾਰਾਣਸੀ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਸਹਾਰਨਪੁਰ ਤੋਂ ਮੌਜੂਦਾ ਭਾਜਪਾ ਐੱਮ ਪੀ ਰਾਘਵ ਲਖਨਪਾਲ, ਮੁਜ਼ੱਫਰਨਗਰ ਤੋਂ ਸੰਜੀਵ ਕੁਮਾਰ ਬਾਲੀਆਂ, ਬਿਜਨੌਰ ਤੋਂ ਕੁੰਵਰ ਭਾਰਤੇਂਦਰ ਸਿੰਘ, ਮੁਰਾਦਾਬਾਦ ਤੋਂ ਕੁੰਵਰ ਸ੍ਰਵੇਸ਼ ਕੁਮਾਰ, ਸੰਭਲ ਤੋਂ ਪ੍ਰਮੇਸ਼ਵਰ ਲਾਲ ਸੈਣੀ, ਅਮਰੋਹਾ ਤੋਂ ਕੰਵਰ ਸਿੰਘ ਕੰਵਰ, ਮੇਰਠ ਤੋਂ ਰਾਜਿੰਦਰ ਅਗਰਵਾਲ, ਬਾਗਪਤ ਤੋਂ ਸਤਿਆਪਾਲ ਸਿੰਘ, ਗਾਜ਼ੀਆਬਾਦ ਤੋਂ ਭਾਰਤ ਦੀ ਫੌਜ ਦੇ ਸਾਬਕਾ ਮੁਖੀ ਜਨਰਲ ਵੀ ਕੇ ਸਿੰਘ, ਗੌਤਮ ਬੁੱਧ ਨਗਰ ਤੋਂ ਡਾ. ਮਹੇਸ਼ ਸ਼ਰਮਾ, ਅਲੀਗੜ੍ਹ ਤੋਂ ਸਤੀਸ਼ ਕੁਮਾਰ ਗੌਤਮ, ਮਥੁਰਾ ਤੋਂ ਅਭਿਨੇਤਰੀ ਹੇਮਾ ਮਾਲਿਨੀ, ਏਟਾ ਤੋਂ ਰਾਜਵੀਰ ਸਿੰਘ ਰਾਜੂ ਭਈਆ, ਆਂਵਲਾ ਤੋਂ ਧਰਮਿੰਦਰ ਕੁਮਾਰ, ਬਰੇਲੀ ਤੋਂ ਸੰਤੋਸ਼ ਕੁਮਾਰ ਗੰਗਵਾਰ, ਖੀਰੀ ਤੋਂ ਅਜੇ ਕੁਮਾਰ ਮਿਸ਼ਰਾ, ਸੀਤਾਪੁਰ ਤੋਂ ਰਾਜੇਸ਼ ਵਰਮਾ, ਉਨਾਵ ਤੋਂ ਸਵਾਮੀ ਸਾਕਸ਼ੀ ਮਹਾਰਾਜ, ਮੋਹਨਲਾਲਗੰਜ ਤੋਂ ਕੌਸ਼ਲ ਕਿਸ਼ੋਰ, ਲਖਨਊ ਤੋਂ ਗ੍ਰਹਿ ਮੰਤਰੀ ਰਾਜਨਾਥ ਸਿੰਘ ਤੇ ਅਮੇਠੀ ਹਲਕੇ ਤੋਂ ਸਮ੍ਰਿਤੀ ਈਰਾਨੀ ਦੇ ਨਾਂਅ ਹਨ। ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਵਿਚ 8 ਸੀਟਾਂ ਸਹਾਰਨਪੁਰ, ਸ਼ਾਮਲੀ, ਮੁਜ਼ੱਫਰਨਗਰ, ਮੇਰਠ, ਬਿਜਨੌਰ, ਬਾਗਪਤ, ਗਾਜ਼ੀਆਬਾਦ, ਹਾਪੁੜ, ਗੌਤਮ ਬੁੱਧ ਨਗਰ ਤੇ ਬੁਲੰਦ ਸ਼ਹਿਰ ਸੀਟਾਂ ਦੀ ਚੋਣ ਹੋਵੇਗੀ। ਇਨ੍ਹਾਂ ਵਿਚ ਹਾਪੁੜ ਤੇ ਬੁਲੰਦ ਸ਼ਹਿਰ ਦਾ ਉਮੀਦਵਾਰਾਂ ਦਾ ਐਲਾਨ ਅਜੇ ਨਹੀਂ ਕੀਤਾ ਗਿਆ।

ਪਾਰਟੀ ਨੇ ਇਸ ਪਹਿਲੀ ਲਿਸਟ ਵਿੱਚ ਰਾਜਸਥਾਨ ਦੇ 14 ਮੌਜੂਦਾ ਪਾਰਲੀਮੈਂਟ ਮੈਂਬਰਾਂ ਨੂੰ ਅਗਲੀਆਂ ਲੋਕ ਸਭਾ ਚੋਣਾਂ ਵਿਚ ਇਕ ਵਾਰ ਫਿਰ ਉਤਾਰਨ ਦਾ ਐਲਾਨ ਕੀਤਾ ਹੈ, ਜਿਨ੍ਹਾਂ ਵਿੱਚ 4 ਕੇਂਦਰੀ ਮੰਤਰੀ ਹਨ। ਇਸ ਰਾਜ ਤੋਂ ਪਾਰਟੀ ਦੇ ਉਮੀਦਵਾਰਾਂ ਵਿਚ ਨਵਾਂ ਨਾਂ ਨਰਿੰਦਰ ਖੀਚੜ ਹੈ, ਜਿਸ ਨੂੰ ਝੁਨਝੁਨੂ ਸੀਟ ਤੋਂ ਖੜਾ ਕਰ ਕੇ ਮੌਜੂਦਾ ਪਾਰਲੀਮੈਂਟ ਮੈਂਬਰ ਸੰਤੋਸ਼ ਅਹਿਲਾਵਤ ਨੂੰ ਹੋਰ ਮੌਕਾ ਨਹੀਂ ਦਿੱਤਾ। ਖੀਚੜ ਇਸ ਵਕਤ ਮਾਂਡਵਾ ਤੋਂ ਵਿਧਾਇਕ ਹਨ। ਕੇਂਦਰੀ ਮੰਤਰੀ ਅਰਜੁਨ ਰਾਮ ਮੇਘਵਾਲ (ਬੀਕਾਨੇਰ), ਰਾਜਵਰਧਨ ਸਿੰਘ ਰਾਠੌੜ (ਜੈਪੁਰ ਗ੍ਰਾਮੀਣ), ਪੀ ਪੀ ਚੌਧਰੀ (ਪਾਲੀ) ਅਤੇ ਗਜੇਂਦਰ ਸਿੰਘ ਸ਼ੇਖਾਵਤ (ਜੋਧਪੁਰ) ਦਾ ਨਾਂ ਵੀ ਭਾਜਪਾ ਦੀ ਇਸ ਸੂਚੀ ਵਿਚ ਹੈ। ਪਾਰਟੀ ਨੇ ਸੀਕਰ ਤੋਂ ਸੁਮੇਧਾਨੰਦ ਸਰਸਵਤੀ, ਜੈਪੁਰ ਤੋਂ ਰਾਮ ਚਰਨ ਬੋਹਰਾ, ਟੌਂਕ ਸਵਾਈ ਮਾਧੋਪੁਰ ਤੋਂ ਸੁਖਬੀਰ ਸਿੰਘ ਜੌਨਪੁਰੀਆ, ਜਾਲੌਰ ਤੋਂ ਦੇਵਜੀ ਪਾਟਿਲ, ਉਦੇਪੁਰ ਤੋਂ ਅਰਜੁਨ ਮੀਆ, ਚਿਤੌੜਗੜ੍ਹ ਤੋਂ ਚੰਦਰਪ੍ਰਕਾਸ਼ ਜੋਸ਼ੀ, ਭੀਲਵਾੜਾ ਤੋਂ ਸੁਭਾਸ਼ ਬਹੇੜੀਆ, ਝਾਲਵਾੜ ਬਾਰਾਂ ਤੋਂ ਦੁਸ਼ਯੰਤ ਸਿੰਘ ਅਤੇ ਕੋਟਾ ਤੋਂ ਓਮ ਬਿਡਲਾ ਨੂੰ ਉਮੀਦਵਾਰ ਬਣਾਇਆ ਹੈ। ਇਹ ਸਾਰੇ ਮੌਜੂਦਾ ਐੱਮ ਪੀ ਹਨ।

## ਕਾਂਗਰਸ ਵੱਲੋਂ ਗੰਭੀਰ ਦੋਸ਼: ਯੇਦੀਯੁਰੱਪਾ ਨੇ ਭਾਜਪਾ ਆਗੂਆਂ ਨੂੰ 1800 ਕਰੋੜ ਦਿੱਤੇ

ਨਵੀਂ ਦਿੱਲੀ, 24 ਮਾਰਚ, (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਤੋਂ ਪਹਿਲਾਂ ਸਿਆਸੀ ਪਾਰਟੀਆਂ ਇਕ ਦੂਸਰੇ ਉੱਤੇ ਦੋਸ਼ ਲਾ ਰਹੀਆਂ ਹਨ ਤਾਂ ਏਸੇ ਦੌਰਾਨ ਕਾਂਗਰਸ ਆਗੂ ਰਣਦੀਪ ਸੁਰਜੇਵਾਲਾ ਨੇ ਕਰਨਾਟਕ ਤੋਂ ਸੀਨੀਅਰ ਭਾਜਪਾ ਆਗੂ ਬੀ ਐੱਸ ਯੇਦੀਯੁਰੱਪਾ ਉੱਤੇ ਬੇਹੱਦ ਗੰਭੀਰ ਦੋਸ਼ ਲਾਏ ਹਨ। ਉਨ੍ਹਾਂ ਨੇ ਪ੍ਰੈੱਸ ਕਾਨਫਰੰਸ ਵਿੱਚ ਇਹ ਦਾਅਵਾ ਕੀਤਾ ਹੈ ਕਿ ਯੇਦੀਯੁਰੱਪਾ ਨੇ ਭ੍ਰਿਸ਼ਟਾਚਾਰ ਕੀਤਾ ਅਤੇ ਪਾਰਟੀ ਹਾਈ ਕਮਾਨ ਨੂੰ ਪੈਸੇ ਪੁਚਾਏ ਸਨ। ਰਣਦੀਪ ਸੁਰਜੇਵਾਲਾ ਨੇ ਮੀਡੀਆ ਕੋਲ ਕਿਹਾ, 'ਸਾਬਕਾ ਮੁੱਖ ਮੰਤਰੀ ਬੀ ਐੱਸ ਯੇਦੀਯੁਰੱਪਾ ਨੇ ਭਾਜਪਾ ਆਗੂਆਂ ਨੂੰ 1800 ਕਰੋੜ ਰੁਪਏ ਦਿੱਤੇ ਸਨ ਅਤੇ ਸਾਡੇ ਕੋਲ ਇਸ ਗੱਲ ਦਾ ਠੋਸ ਸਬੂਤ ਹੈ।' ਉਨ੍ਹਾਂ ਨੇ ਇਹ ਦੋਸ਼ ਇੱਕ ਮੈਗਜ਼ੀਨ ਵਿੱਚ ਛਪੀਆਂ ਖ਼ਬਰਾਂ ਦੇ ਆਧਾਰ ਉੱਤੇ ਲਾਏ ਹਨ। ਕਾਂਗਰਸ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਜਦੋਂ ਬੀ ਐੱਸ ਯੇਦੀਯੁਰੱਪਾ ਕਰਨਾਟਕ ਦੇ ਮੁੱਖ ਮੰਤਰੀ ਸਨ, ਉਨ੍ਹਾਂ ਨੇ ਭਾਜਪਾ ਦੇ ਸੀਨੀਅਰ ਆਗੂਆਂ ਨੂੰ ਪੈਸੇ ਦਿੱਤੇ ਸਨ, ਜਿਨ੍ਹਾਂ ਵਿੱਚ ਰਾਜਨਾਥ ਸਿੰਘ ਤੋਂ ਲੈ ਕੇ ਅਰੁਣ ਜੇਤਲੀ ਤਕ ਸ਼ਾਮਲ ਸਨ। ਸੁਰਜੇਵਾਲਾ ਨੇ ਭਾਜਪਾ ਹਾਈ ਕਮਾਨ ਉੱਤੇ 1800 ਕਰੋੜ ਰੁਪਏ ਦੀ ਰਿਸ਼ਵਤ ਲੈਣ ਦਾ ਦੋਸ਼ ਲਾ ਕੇ ਪੁੱਛਿਆ ਕਿ ਇਹ ਸਹੀ ਹੈ ਜਾਂ ਗ਼ਲਤ? ਬੀ ਐੱਸ ਯੇਦੀਯੁਰੱਪਾ ਦੇ ਦਸਤਖਤਾਂ ਵਾਲੀ ਡਾਇਰੀ ਸਾਲ 2017 ਤੋਂ ਆਮਦਨ ਟੈਕਸ ਵਿਭਾਗ ਕੋਲ ਸੀ, ਜੇ ਅਜਿਹਾ ਹੈ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਨੇ ਇਸ ਦੀ ਜਾਂਚ ਕਿਉਂ ਨਾ ਕਰਾਈ? ਸੁਰਜੇਵਾਲਾ ਨੇ ਕਿਹਾ ਕਿ ਭਾਜਪਾ ਦੱਸੇ ਕਿ ਉਹ ਇਸ ਦੀ ਜਾਂਚ ਕਰਾਏਗੀ ਜਾਂ ਨਹੀਂ। ਉਨ੍ਹਾਂ ਕਿਹਾ ਕਿ ਜੇ ਉਸ ਡਾਇਰੀ ਵਿੱਚ ਸੱਚਾਈ ਨਹੀਂ ਤਾਂ ਭਾਜਪਾ ਇਸ ਦੀ ਜਾਂਚ ਕਿਉਂ ਨਹੀਂ ਕਰਾਉਂਦੀ।

## ਕ੍ਰਿਕਟ ਖਿਡਾਰੀ ਗੌਤਮ ਗੰਭੀਰ ਭਾਜਪਾ 'ਚ ਸ਼ਾਮਲ

* ਨਵੀਂ ਦਿੱਲੀ ਸੀਟ ਤੋਂ ਚੋਣ ਲੜਨ ਦੀ ਸੰਭਾਵਨਾ



ਨਵੀਂ ਦਿੱਲੀ, 24 ਮਾਰਚ, (ਪੋਸਟ ਬਿਊਰੋ)- ਇਸ ਸਾਲ ਹੋ ਰਹੀਆਂ ਪਾਰਲੀਮੈਂਟ ਚੋਣਾਂ ਦੇ ਲਈ ਅੱਜ ਸ਼ੁੱਕਰਵਾਰ ਨੂੰ ਕ੍ਰਿਕਟ ਖਿਡਾਰੀ ਗੌਤਮ ਗੰਭੀਰ ਵੀ ਇਕ ਪ੍ਰੋਗਰਾਮ ਦੌਰਾਨ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੇ ਕੇਂਦਰੀ ਮੰਤਰੀ ਅਰੁਣ ਜੇਤਲੀ ਤੇ ਰਵੀਸ਼ੰਕਰ ਪ੍ਰਸਾਦ ਦੀ ਮੌਜੂਦਗੀ ਵਿੱਚ ਭਾਜਪਾ ਦੀ ਮੈਂਬਰੀ ਲਈ ਹੈ। ਅੰਦਾਜ਼ਾ ਹੈ ਕਿ ਉਹ ਨਵੀਂ ਦਿੱਲੀ ਹਲਕੇ ਤੋਂ ਲੋਕ ਸਭਾ ਚੋਣ ਲੜ ਸਕਦੇ ਹਨ। ਗੌਤਮ ਗੰਭੀਰ ਦੇ ਕਰੀਬੀਆਂ ਨੇ ਪਿਛਲੇ ਦਿਨੀਂ ਇਸ ਦਾ ਸੰਕੇਤ ਦਿੱਤਾ ਸੀ ਕਿ ਉਹ ਨਵੀਂ ਦਿੱਲੀ ਤੋਂ ਚੋਣ ਲੜਨ ਲਈ ਤਿਆਰ ਹਨ।

ਵਰਨਣ ਯੋਗ ਹੈ ਕਿ ਦਿੱਲੀ ਦੀਆਂ ਸੱਤਾਂ ਸੀਟਾਂ ਲਈ 12 ਮਈ ਨੂੰ ਪਾਰਲੀਮੈਂਟ ਚੋਣਾਂ ਹੋਣਗੀਆਂ। ਆਮ ਆਦਮੀ ਪਾਰਟੀ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਵੀ ਆਪਣੇ ਉਮੀਦਵਾਰਾਂ ਦਾ ਐਲਾਨ ਛੇਤੀ ਕਰ ਸਕਦੀ ਹੈ ਤਾਂ ਕਿ ਓਥੋਂ ਖੜੇ ਉਮੀਦਵਾਰਾਂ ਨੂੰ ਪ੍ਰਚਾਰ ਦਾ ਖੁੱਲ੍ਹਾ ਮੌਕਾ ਮਿਲ ਸਕੇ। ਨਵੀਂ ਦਿੱਲੀ ਹਲਕਾ ਪੁਰਾਣੇ ਜਨਸੰਘ ਵਾਲੇ ਦੌਰ ਤੋਂ ਭਾਜਪਾ ਦਾ ਗੜ੍ਹ ਬਣਿਆ ਰਿਹਾ ਹੈ। ਇਸ ਲਈ ਪਾਰਟੀ ਦੇ ਕਈ ਵੱਡੇ ਨੇਤਾ ਤੇ ਕੇਂਦਰੀ ਮੰਤਰੀਆਂ ਦੀ ਖਾਹਿਸ਼ ਏਥੋਂ ਚੋਣ ਲੜਨ ਦੀ ਹੁੰਦੀ ਹੈ। ਇਸ ਵੇਲੇ ਏਥੋਂ ਪਾਰਲੀਮੈਂਟ ਮੈਂਬਰ ਮੀਨਾਕਸ਼ੀ ਲੇਖੀ ਦੇ ਦਾਅਵੇ ਨਾਲ ਗੌਤਮ ਗੰਭੀਰ ਦਾ ਨਾਂ ਜੁੜ ਗਿਆ ਹੈ। ਇਸ ਲੋਕ ਸਭਾ ਖੇਤਰ ਵਿੱਚ ਪੰਜਾਬੀ ਵੋਟਾਂ ਦੀ ਵੱਧ ਗਿਣਤੀ ਹੋਣ ਕਾਰਨ ਇਹ ਸੀਟ ਪੰਜਾਬੀ ਭਾਈਚਾਰੇ ਦੇ ਉਮੀਦਵਾਰ ਲਈ ਠੀਕ ਮੰਨੀ ਜਾਂਦੀ ਹੈ, ਜਿਸ ਵਿੱਚ ਮੋਤੀ ਨਗਰ, ਪਟੇਲ ਨਗਰ, ਗ੍ਰੇਟਰ ਕੈਲਾਸ਼, ਮਾਲਵੀ ਨਗਰ, ਕਸਤੂਰਬਾ ਨਗਰ ਆਦਿ ਪੰਜਾਬੀ ਬਹੁ ਗਿਣਤੀ ਵਾਲੇ ਇਲਾਕੇ ਹਨ। ਇਨ੍ਹਾਂ ਵਿੱਚ ਭਾਰਤ-ਪਾਕਿ ਵੰਡ ਸਮੇਂ ਵੱਡੀ ਗਿਣਤੀ ਵਿੱਚ ਪੰਜਾਬੀ ਲੋਕ ਆ ਕੇ ਵੱਸੇ ਸਨ। ਇਸ ਭਾਈਚਾਰੇ ਦੇ ਆਗੂਆਂ ਨੇ ਹੀ ਬਹੁਤਾ ਕਰ ਕੇ ਏਥੋਂ ਜਿੱਤ ਹਾਸਲ ਕੀਤੀ ਹੈ, ਜਿਨ੍ਹਾਂ ਵਿੱਚ ਰਾਜੇਸ਼ ਖੰਨਾ, ਜਗਮੋਹਨ, ਅਜੇ ਮਾਕਨ ਜਿਹੇ ਆਗੂਆਂ ਨਾਲ ਮੌਜੂਦਾ ਪਾਰਲੀਮੈਂਟ ਮੈਂਬਰ ਮੀਨਾਕਸ਼ੀ ਲੇਖੀ ਸ਼ਾਮਲ ਹਨ।

## ਭਾਜਪਾ ਐੱਮ ਪੀ ਸੁਬਰਾਮਨੀਅਮ ਨੇ ਮੋਦੀ ਅਤੇ ਜੇਤਲੀ ਨੂੰ ਅਰਥ ਸ਼ਾਸਤਰ ਤੋਂ ਕੋਰੇ ਕਿਹਾ



ਕੋਲਕਾਤਾ, 24 ਮਾਰਚ (ਪੋਸਟ ਬਿਊਰੋ)- ਭਾਜਪਾ ਦੇ ਪਾਰਲੀਮੈਂਟ ਮੈਂਬਰ ਸੁਬਰਾਮਨੀਅਮ ਸਵਾਮੀ ਨੇ ਕੱਲ੍ਹ ਇਹ ਵੀ ਦਾਅਵਾ ਕਰ ਦਿੱਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਵਿੱਤ ਮੰਤਰੀ ਅਰੁਣ ਜੇਤਲੀ ਅਰਥ ਸ਼ਾਸਤਰ ਤੋਂ ਕੋਰੇ ਹਨ ਕਿਉਂਕਿ ਉਹ ਭਾਰਤ ਨੂੰ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਦੱਸਦੇ ਹਨ, ਜਦ ਕਿ ਅੰਕੜਿਆਂ ਮਤਾਬਕ ਦੇਸ਼ ਤੀਜੇ ਨੰਬਰ 'ਤੇ ਹੈ। ਵਿਵਾਦਾਂ ਵਿੱਚ ਰਹਿਣ ਵਾਲੇ ਸੁਬਰਾਮਨੀਅਮ ਸਵਾਮੀ ਨੇ ਪ੍ਰਧਾਨ ਮੰਤਰੀ ਮੋਦੀ ਬਾਰੇ ਕਿਹਾ ਕਿ ਮੈਨੂੰ ਸਮਝ ਨਹੀਂ ਆਉਂਦੀ ਕਿ ਮੋਦੀ ਇਹ ਕਿਉਂ ਆਖਦੇ ਹਨ ਕਿ ਭਾਰਤ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਹੈ, ਜੀ ਡੀ ਪੀ ਬਾਰੇ ਗਿਣਤੀ-ਮਿਣਤੀ ਦੀ ਵਿਗਿਆਨਕ ਤੌਰ 'ਤੇ ਸਵੀਕਾਰ ਯੋਗ ਪ੍ਰਕਿਰਿਆ ਮੁਤਾਬਕ ਭਾਰਤੀ ਅਰਥਚਾਰਾ ਅਮਰੀਕਾ ਅਤੇ ਚੀਨ ਦੋਵਾਂ ਤੋਂ ਬਾਅਦ ਤੀਜੇ ਨੰਬਰ 'ਤੇ ਆਉਂਦਾ ਹੈ।

ਆਪਣੀਆਂ ਟਿੱਪਣੀਆਂ ਨਾਲ ਅਕਸਰ ਸੁਰਖੀਆਂ ਵਿੱਚ ਰਹਿਣ ਵਾਲੇ ਸੁਬਰਾਮਨੀਅਮ ਸਵਾਮੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿੱਤ ਮੰਤਰੀ ਅਰੁਣ ਜੇਤਲੀ ਅਰਥਸ਼ਾਸਤਰ ਨਹੀਂ ਜਾਣਦੇ ਅਤੇ ਉਹ ਗਲਤ ਬਿਆਨੀ ਕਰਦੇ ਹਨ। ਸਵਾਮੀ ਨੇ ਹਾਰਵਰਡ ਤੋਂ ਅਰਥਸ਼ਾਤਰ ਵਿੱਚ ਪੀ ਐੱਚ ਡੀ ਕੀਤੀ ਅਤੇ ਉਹ ਉਥੇ ਪੜ੍ਹਾਉਂਦੇ ਰਹੇ ਹਨ। ਉਹ ਕਈ ਵਾਰ ਅਰੁਣ ਜੇਤਲੀ ਦੀ ਆਲੋਚਨਾ ਕਰ ਚੁੱਕੇ ਹਨ। ਸਵਾਮੀ ਨੇ ਕਿਹਾ ਕਿ ਐਕਸਚੇਂਜ ਰੇਟ ਲਗਾਤਾਰ ਬਦਲਦਾ ਰਹਿੰਦਾ ਹੈ ਤੇ ਭਾਰਤੀ ਰੁਪਏ ਦੀ ਕੀਮਤ ਘਟਣ ਨਾਲ ਇਨ੍ਹਾਂ ਗਿਣਤੀਆਂ ਮਿਣਤੀਆਂ ਕਰ ਕੇ ਮੌਜੂਦਾ ਸਮੇਂ ਵਿੱਚ ਭਾਰਤੀ ਅਰਥਚਾਰਾ ਸੱਤਵੇਂ ਨੰਬਰ 'ਤੇ ਹੈ। ਉਨ੍ਹਾਂ ਮੁਤਾਬਕ ਅਰਥਚਾਰੇ ਦਾ ਆਕਾਰ ਪਤਾ ਲਾਉਣ ਦਾ ਸਹੀ ਢੰਗ ਉਸ ਦੀ ਖਰੀਦ ਸ਼ਕਤੀ ਹੈ ਤੇ ਇਸ ਆਧਾਰ ਉਤੇ ਭਾਰਤ ਤੀਜੇ ਨੰਬਰ 'ਤੇ ਹੈ। ਇਥੇ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਬਸਤੀਵਾਦੀ ਤਾਕਤਾਂ ਦੇ ਆਉਣ ਤੋਂ ਪਹਿਲਾਂ ਭਾਰਤ ਅਤੇ ਚੀਨ ਦੁਨੀਆ ਦੇ ਸਭ ਤੋਂ ਖੁਸ਼ਹਾਲ ਮੁਲਕਾਂ ਵਿੱਚ ਮੋਹਰੀ ਸਨ।

## ਹਰਿਆਣਵੀ ਸਿੰਗਰ ਸਪਨਾ ਚੌਧਰੀ ਕਾਂਗਰਸ 'ਚ ਗਈ ਕਿ ਨਹੀਂ ਗਈ!



ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਹਰਿਆਣਵੀ ਸਿੰਗਰ ਅਤੇ ਡਾਂਸਰ ਸਪਨਾ ਚੌਧਰੀ ਨੇ ਐਤਵਾਰ ਨੂੰ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਖੰਡਨ ਕੀਤਾ ਹੈ। ਦੂਸਰੇ ਪਾਸੇ ਕਾਂਗਰਸ ਨੇ ਉਨ੍ਹਾਂ ਦੀ ਮੈਂਬਰੀ ਦਾ ਫਾਰਮ ਜਾਰੀ ਕਰ ਕੇ ਕਿਹਾ ਕਿ ਇੱਕ ਦਿਨ ਪਹਿਲਾਂ ਨਾ ਸਿਰਫ਼ ਸਪਨਾ, ਸਗੋਂ ਉਸ ਦੀ ਭੈਣ ਨੇ ਵੀ ਕਾਂਗਰਸ ਦੀ ਮੈਂਬਰੀ ਲੈ ਲਈ ਸੀ।

ਵਰਨਣ ਯੋਗ ਹੈ ਕਿ ਇਕ ਦਿਨ ਪਹਿਲਾਂ ਸ਼ਨੀਵਾਰ ਦੀ ਰਾਤ ਉੱਤਰ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜ ਬੱਬਰ ਨੇ ਸਪਨਾ ਦੀ ਪ੍ਰਿਅੰਕਾ ਗਾਂਧੀ ਵਾਡਰਾ ਨਾਲ ਤਸਵੀਰ ਟਵੀਟ ਕਰਦੇ ਹੋਏ ਸਪਨਾ ਚੌਧਰੀ ਦਾ ਕਾਂਗਰਸ ਵਿੱਚ ਸਵਾਗਤ ਕੀਤਾ ਸੀ। ਅਗਲੇ ਦਿਨ ਸਪਨਾ ਨੇ ਪ੍ਰਿਅੰਕਾ ਗਾਂਧੀ ਨਾਲ ਆਪਣੀ ਤਸਵੀਰ ਨੂੰ ਪੁਰਾਣੀ ਦੱਸ ਕੇ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਖੰਡਨ ਕੀਤਾ ਤਾਂ ਪਾਰਟੀ ਨੇ ਕਿਰਕਿਰੀ ਤੋਂ ਬਚਣ ਲਈ ਸਪਨਾ ਦੇ ਦਸਖ਼ਤਾਂ ਵਾਲਾ ਮੈਂਬਰੀ ਫਾਰਮ ਜਾਰੀ ਕਰ ਦਿੱਤਾ।

ਇਸ ਬਾਰੇ ਉੱਤਰ ਪ੍ਰਦੇਸ਼ ਕਾਂਗਰਸ ਦੇ ਸਕੱਤਰ ਨਰੇਂਦਰ ਰਾਠੀ ਨੇ ਸਪਨਾ ਨਾਲ ਆਪਣੀ ਫੋਟੋ ਸ਼ੇਅਰ ਕਰਦੇ ਹੋਏ ਦੱਸਿਆ ਕਿ ਹਰਿਆਣਵੀ ਡਾਂਸਰ ਨੇ ਕਾਂਗਰਸ ਦਾ ਮੈਂਬਰੀ ਫਾਰਮ ਭਰ ਕੇ ਪਾਰਟੀ ਮੈਂਬਰੀ ਲਈ ਸੀ। ਫੋਟੋ ਵਿੱਚ ਸਪਨਾ ਚੌਧਰੀ ਕਾਗਜ਼ ਉੱਤੇ ਕੁਝ ਲਿਖਦੀ ਦਿੱਸਦੀ ਹੈ। ਰਾਠੀ ਨੇ ਸਪਨਾ ਦਾ ਮੈਂਬਰੀ ਫਾਰਮ ਦਿਖਾਇਆ ਹੈ, ਜਿਸ ਉੱਤੇ ਉਨ੍ਹਾਂ ਦੀ ਫੋਟੋ ਅਤੇ ਦਸਤਖ਼ਤ ਹਨ, ਜਿਸ ਅਨੁਸਾਰ ਉਹ 5 ਰੁਪਏ ਮੈਂਬਰੀ ਫੀਸ ਦੇ ਕੇ 23 ਮਾਰਚ ਨੂੰ ਕਾਂਗਰਸ ਵਿੱਚ ਸ਼ਾਮਲ ਹੋਈ ਸੀ। ਸਪਨਾ ਚੌਧਰੀ ਨੇ ਖੁਦ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਖੰਡਨ ਕੀਤਾ ਅਤੇ ਕਿਹਾ, 'ਮੈਂ ਕਾਂਗਰਸ ਵਿੱਚ ਸ਼ਾਮਲ ਨਹੀਂ ਹੋਈ। ਪ੍ਰਿਅੰਕਾ ਗਾਂਧੀ ਵਾਡਰਾ ਨਾਲ ਮੇਰੀ ਤਸਵੀਰ ਪੁਰਾਣੀ ਹੈ। ਮੈਂ ਕਿਸੇ ਪਾਰਟੀ ਦਾ ਚੋਣ ਪ੍ਰਚਾਰ ਨਹੀਂ ਕਰਾਂਗੀ।'

## ਬਜ਼ੁਰਗ ਭਾਜਪਾ ਆਗੂ ਸ਼ਾਂਤਾ ਕੁਮਾਰ ਦੀ ਟਿਕਟ ਵੀ ਕੱਟੀ ਗਈ

ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਭਾਜਪਾ ਨੇ ਕੱਲ੍ਹ ਲੋਕ ਸਭਾ ਚੋਣਾਂ ਲਈ 102 ਹੋਰ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੂੰ ਪਟਨਾ ਸਾਹਿਬ ਤੋਂ ਸ਼ਤਰੂਘਨ ਸਿਨਹਾ ਦੀ ਥਾਂ ਤੇ ਪਾਰਟੀ ਦੇ ਕੌਮੀ ਬੁਲਾਰੇ ਸੰਬਿਤ ਪਾਤਰਾ ਨੂੰ ਪੁਰੀ (ਉੜੀਸਾ) ਤੋਂ ਟਿਕਟ ਦਿੱਤੀ ਗਈ ਹੈ।

ਇਸ ਨਵੀਂ ਲਿਸਟ ਮੁਤਾਬਕ ਭਾਜਪਾ ਨੇ ਕੇਂਦਰੀ ਮੰਤਰੀ ਨਰਿੰਦਰ ਸਿੰਘ ਤੋਮਰ ਨੂੰ ਮੋਰੈਨਾ (ਮੱਧ ਪ੍ਰਦੇਸ਼), ਜਯੰਤ ਸਿਨਹਾ ਨੂੰ ਹਜ਼ਾਰੀਬਾਗ (ਝਾਰਖੰਡ) ਅਤੇ ਸ੍ਰੀਪਦ ਨਾਇਕ ਨੂੰ ਉੱਤਰੀ ਗੋਆ ਤੋਂ ਖੜਾ ਕੀਤਾ ਹੈ। ਪਾਰਟੀ ਆਗੂ ਅਨੁਰਾਗ ਠਾਕੁਰ ਨੂੰ ਹਮੀਰਪੁਰ (ਹਿਮਾਚਲ ਪ੍ਰਦੇਸ਼) ਤੋਂ ਮੁੜ ਟਿਕਟ ਮਿਲੀ ਹੈ। ਬਜ਼ੁਰਗ ਆਗੂ ਤੇ ਕਾਂਗੜਾ ਤੋਂ ਮੌਜੂਦਾ ਪਾਰਲੀਮੈਂਟ ਮੈਂਬਰ ਸ਼ਾਂਤਾ ਕੁਮਾਰ ਦੀ ਟਿਕਟ ਕੱਟ ਕੇ ਕਿਸ਼ਨ ਕਪੂਰ ਨੂੰ ਉਮੀਦਵਾਰ ਬਣਾਇਆ ਗਿਆ ਹੈ। ਭਾਜਪਾ ਨੇ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੂੰ ਨਵਾਦਾ ਤੋਂ ਬਦਲ ਕੇ ਬੇਗੂਸਰਾਏ (ਬਿਹਾਰ) ਤੋਂ ਟਿਕਟ ਦਿਤੀ ਹੈ।

## ਸਹੁੰ ਚੁੱਕਣ ਤੋਂ ਪਹਿਲਾਂ ਰਾਜੀਵ ਨੇ ਪੁੱਛਿਆ ਸੀ, 'ਕੀ ਮੈਂ ਇਹ ਕਰ ਸਕਾਂਗਾ?'

ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਭਾਰਤ ਦੇ ਤੀਸਰੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦਾ ਦੇਹਾਂਤ ਹੋਣ ਪਿੱਛੋਂ ਇੰਦਰਾ ਗਾਂਧੀ ਦੇ ਸਾਹਮਣੇ ਪ੍ਰਧਾਨ ਮੰਤਰੀ ਬਣਨ ਲਈ ਕਾਂਗਰਸ ਦੇ ਨੇਤਾਵਾਂ ਨਾਲ ਸਿਆਸੀ ਸੰਘਰਸ਼ ਦੀ ਚੁਣੌਤੀ ਸੀ, ਪਰ ਉਨ੍ਹਾਂ ਦੇ ਬੇਟੇ ਰਾਜੀਵ ਗਾਂਧੀ ਨੂੰ ਇਹ ਅਹੁਦਾ ਓਦੋਂ ਮਿਲਿਆ, ਜਦੋਂ ਉਨ੍ਹਾਂ ਦੀ ਮਾਂ ਦੀ ਮੌਤ ਹੋ ਗਈ ਅਤੇ ਕੁਝ ਘੰਟਿਆਂ ਵਿੱਚ ਹੀ ਉਸ ਵੇਲੇ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਉਨ੍ਹਾਂ ਨੂੰ ਇਸ ਅਹੁਦੇ ਦੀ ਸਹੁੰ ਚੁਕਾਈ। ਦੇਸ਼ ਦੇ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਕਿਤਾਬ 'ਦਿ ਟਰਬੁਲੈਂਟ ਈਅਰਸ 1980-1996' ਵਿਚ ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਦੇ ਘਟਨਾਕ੍ਰਮ ਦਾ ਜ਼ਿਕਰ ਕੀਤਾ ਹੈ।

ਇਸ ਕਿਤਾਬ ਮੁਤਾਬਕ 31 ਅਕਤੂਬਰ 1984 ਨੂੰ ਜਦੋਂ ਇੰਦਰਾ ਗਾਂਧੀ ਦਾ ਉਨ੍ਹਾਂ ਦੇ ਸੁਰੱਖਿਆ ਗਾਰਡਾਂ ਨੇ ਗੋਲੀ ਮਾਰ ਕੇ ਕਤਲ ਕੀਤਾ, ਓਦੋਂ ਰਾਜੀਵ ਗਾਂਧੀ ਪੱਛਮੀ ਬੰਗਾਲ ਦੌਰੇ 'ਤੇ ਇਕ ਜਲਸੇ ਨੂੰ ਸੰਬੋਧਤ ਕਰ ਰਹੇ ਸਨ। ਪ੍ਰਣਬ ਮੁਖਰਜੀ ਵੀ ਓਦੋਂ ਉਨ੍ਹਾਂ ਦੇ ਨਾਲ ਸਨ ਤੇ ਉਨ੍ਹਾਂ ਨੂੰ ਪੁਲਸ ਵਾਇਰਲੈਸ ਤੋਂ ਇੰਦਰਾ ਗਾਂਧੀ ਦੇ ਕਤਲ ਦਾ ਸੰਦੇਸ਼ ਮਿਲਿਆ ਤੇ ਉਨ੍ਹਾਂ ਨੂੰ ਤੁਰੰਤ ਦਿੱਲੀ ਪਰਤਣ ਨੂੰ ਕਿਹਾ ਗਿਆ। ਪ੍ਰਣਬ ਨੇ ਇਹ ਸੰਦੇਸ਼ ਮੰਚ ਉੱਤੇ ਭਾਸ਼ਣ ਕਰਦੇ ਰਾਜੀਵ ਗਾਂਧੀ ਤਕ ਪੁਚਾਇਆ ਤੇ ਉਨ੍ਹਾਂ ਨੂੰ ਭਾਸ਼ਣ ਛੇਤੀ ਖਤਮ ਕਰਨ ਨੂੰ ਕਿਹਾ। ਓਦੋਂ ਰਾਜੀਵ ਗਾਂਧੀ ਏ ਬੀ ਏ ਗਨੀ ਖਾਨ ਚੌਧਰੀ ਦੀ ਕਾਰ ਵਿੱਚ ਬੈਠੇ ਅਤੇ ਏਥੋਂ ਕਾਲਾਘਾਟ ਦੇ ਥਰਮਲ ਪਾਵਰ ਪਲਾਂਟ 'ਤੇ ਹੈਲੀਪੈਡ ਤੋਂ ਹੈਲੀਕਾਪਟਰ ਵਿਚ ਸਵਾਰ ਹੋ ਕੇ ਕਲਕੱਤਾ ਏਅਰਫੋਰਸ ਸਟੇਸ਼ਨ ਗਏ, ਜਿੱਥੋਂ ਇੰਡੀਅਨ ਏਅਰਲਾਈਨਜ਼ ਦੇ ਵਿਸ਼ੇਸ਼ ਜਹਾਜ਼ ਵਿਚ ਸਵਾਰ ਹੋ ਕੇ ਦਿੱਲੀ ਪਹੁੰਚੇ। ਇਸ ਦੌਰਾਨ ਉਨ੍ਹਾਂ ਨਾਲ ਪੱਛਮੀ ਬੰਗਾਲ ਦੇ ਗਵਰਨਰ ਉਮਾਸ਼ੰਕਰ ਦੀਕਸ਼ਿਤ ਅਤੇ ਉਨ੍ਹਾਂ ਦੇ ਨੂੰਹ ਸ਼ੀਲਾ ਦੀਕਸ਼ਿਤ, ਲੋਕ ਸਭਾ ਸਪੀਕਰ ਬਲਰਾਮ ਜਾਖੜ ਵੀ ਸਨ।

ਇਸ ਤੋਂ ਪਹਿਲਾਂ 2 ਪ੍ਰਧਾਨ ਮੰਤਰੀਆਂ ਜਵਾਹਰ ਲਾਲ ਨਹਿਰੂ ਅਤੇ ਲਾਲ ਬਹਾਦਰ ਸ਼ਾਸਤਰੀ ਦੇ ਦੇਹਾਂਤ ਮਗਰੋਂ ਅੰਤਰਿਮ ਪ੍ਰਧਾਨ ਮੰਤਰੀ ਵਜੋਂ ਗੁਲਜ਼ਾਰੀ ਲਾਲ ਨੰਦਾ ਨੂੰ ਸਹੁੰ ਚੁਕਾਈ ਗਈ ਸੀ। ਇੰਦਰਾ ਗਾਂਧੀ ਦੀ ਮੌਤ ਖਾਸ ਘਟਨਾ ਸੀ ਤੇ ਉਨ੍ਹਾਂ ਦੀ ਮੌਤ ਦੇ ਬਾਅਦ ਨਵੇਂ ਪ੍ਰਧਾਨ ਮੰਤਰੀ ਦੀ ਸਹੁੰ ਨਵੇਂ ਸਿਆਸੀ ਪੱਖੋਂ ਜ਼ਰੂਰੀ ਹੋ ਗਈ ਸੀ। ਪ੍ਰਣਬ ਮੁਖਰਜੀ ਉਸ ਸਮੇਂ ਰਾਜੀਵ ਗਾਂਧੀ ਨੂੰ ਜਹਾਜ਼ ਦੇ ਪਿਛਲੇ ਹਿੱਸੇ ਵਿਚ ਲੈ ਕੇ ਗਏ ਤੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਅਹੁਦੇ ਦੀ ਸਹੁੰ ਚੁੱਕਣ ਦੀ ਗੱਲ ਕਹੀ। ਇਹ ਸੁਣ ਕੇ ਰਾਜੀਵ ਗਾਂਧੀ ਨੇ ਕਿਹਾ, 'ਕੀ ਤੁਹਾਨੂੰ ਲੱਗਦਾ ਹੈ ਕਿ ਮੈਂ ਇਹ ਕਰ ਸਕਾਂਗਾ।' ਮੁਖਰਜੀ ਨੇ ਜਵਾਬ ਦਿੱਤਾ ਕਿ ਅਸੀਂ ਸਾਰੇ ਤੁਹਾਡੀ ਮਦਦ ਕਰਾਂਗੇ।






# ਥੈਰੇਸਾ ਮੇਅ ਨੂੰ ਬ੍ਰੈਗਜ਼ਿਟ ਲਈ 22 ਮਈ ਤਕ ਮੋਹਲਤ ਮਿਲੀ



ਲੰਡਨ, 24 ਮਾਰਚ, (ਪੋਸਟ ਬਿਊਰੋ)- ਬ੍ਰਿਟਿਸ਼ ਪ੍ਰਧਾਨ ਮੰਤਰੀ ਥੈਰੇਸਾ ਮੇਅ ਦੀ ਬੇਨਤੀ ਉੱਤੇ ਯੂਰਪੀ ਯੂਨੀਅਨ (ਈ ਯੂ) ਦੇ ਆਗੂਆਂ ਨੇ ਬ੍ਰੈਗਜ਼ਿਟ ਲਈ 22 ਮਈ ਤਕ ਮੋਹਲਤ ਦੇ ਦਿੱਤੀ ਹੈ।

ਵਰਨਣ ਯੋਗ ਹੈ ਕਿ ਹਾਲੇ ਤੱਕ ਬ੍ਰੈਗਜ਼ਿਟ ਦੀ ਆਖਰੀ ਤਰੀਕ 29 ਮਾਰਚ ਸੀ। ਬ੍ਰਿਟੇਨ ਦੀ ਪਾਰਲੀਮੈਂਟ ਦੋ ਵਾਰ ਬ੍ਰੈਗਜ਼ਿਟ ਸਮਝੌਤਾ ਰੱਦ ਕਰ ਚੁੱਕੀ ਹੈ। ਅਗਲੇ ਹਫ਼ਤੇ ਬ੍ਰਿਟਿਸ਼ ਪਾਰਲੀਮੈਂਟ ਦੇ ਹੇਠਲੇ ਸਦਨ ਹਾਊਸ ਆਫ ਕਾਮਨਜ਼ ਨੇ ਬ੍ਰੈਗਜ਼ਿਟ ਸਮਝੌਤੇ ਉੱਤੇ ਫਿਰ ਵੋਟਿੰਗ ਕਰਨੀ ਹੈ। ਯੂਰਪੀ ਯੂਨੀਅਨ ਨੇ ਬ੍ਰਿਟੇਨ ਨੂੰ ਅਗਲੇ ਕਦਮ ਲਈ 12 ਅਪ੍ਰੈਲ ਤਕ ਸਮਾਂ ਦਿੱਤਾ ਹੈ, ਜੇ ਬ੍ਰਿਟੇਨ ਨੇ ਸਮਝੌਤੇ ਦੇ ਨਾਲ ਯੂਰਪੀ ਯੂਨੀਅਨ ਤੋਂ ਵੱਖ ਹੋਣਾ ਹੈ ਤਾਂ ਬ੍ਰਿਟੇਨ ਦੀ ਪਾਰਲੀਮੈਂਟ ਨੂੰ ਇਸ ਤਰੀਕ ਤਕ ਉਸ ਸਮਝੌਤੇ ਨੂੰ ਮਨਜ਼ੂਰੀ ਦੇਣੀ ਹੋਵੇਗੀ। ਯੂਰਪੀ ਕੌਂਸਲ ਦੇ ਪ੍ਰਧਾਨ ਡੋਨਾਲਡ ਟਸਕ ਨੇ ਕਿਹਾ ਕਿ ਬ੍ਰਿਟਿਸ਼ ਸਰਕਾਰ ਕੋਲ ਅਜੇ ਵੀ ਸਮਝੌਤਾ ਕਰਨ, ਸਮਝੌਤਾ ਨਾ ਕਰਨ, ਲੰਮੇ ਸਮੇਂ ਤਕ ਮੋਹਲਤ ਜਾਂ ਧਾਰਾ 50 ਨੂੰ ਵਾਪਸ ਲੈਣ ਦਾ ਬਦਲ ਮੌਜੂਦ ਹੈ। ਬ੍ਰੈਗਜ਼ਿਟ ਸਮਝੌਤਾ ਨਾ ਹੋਣ ਦੇ ਸ਼ੱਕ ਕਾਰਨ ਬ੍ਰਿਟੇਨ ਦੇ ਰੱਖਿਆ ਮੰਤਰਾਲੇ ਨੇ ਮੱਧ ਲੰਡਨ ਵਿਚ ਆਪਣੇ ਦਫ਼ਤਰ ਦੇ ਹੇਠਾਂ ਨਿਊਕਲੀਅਰ ਬੰਕਰ ਵਿਚ ਹਥਿਆਰਬੰਦ ਫੋਰਸਾਂ ਦਾ ਕਮਾਨ ਸੈਂਟਰ ਬਣਾਉਣ ਦੀ ਤਿਆਰੀ ਛੋਹ ਦਿੱਤੀ ਹੈ। ਸਮਝੌਤਾ ਨਾ ਹੋਣ ਕਾਰਨ ਸਰਹੱਦ ਉੱਤੇ ਅਮਨ-ਕਾਨੂੰਨ ਦੀ ਹਾਲਤ ਵਿਗੜ ਸਕਦੀ ਹੈ। ਅਜੇ ਤਕ ਇਸ ਬੰਕਰ ਦੀ ਵਰਤੋਂ ਪੂਰੇ ਸਾਲ ਸੰਕਟ ਮੈਨੇਜਮੈਂਟ ਕੰਮਾਂ ਲਈ ਕੀਤੀ ਜਾ ਰਹੀ ਸੀ।


# ਚੀਨ ਦੇ ਕੈਮੀਕਲ ਪਲਾਂਟ ਵਿੱਚ ਧਮਾਕੇ ਨਾਲ 89 ਮੌਤਾਂ



ਬੀਜਿੰਗ, 24 ਮਾਰਚ (ਪੋਸਟ ਬਿਊਰੋ)- ਪੂਰਬੀ ਚੀਨ ਦੇ ਇਕ ਕੈਮੀਕਲ ਪਲਾਂਟ ਵਿੱਚ ਕੱਲ੍ਹ ਵੱਡਾ ਧਮਾਕਾ ਹੋਣ ਦੇ ਨਾਲ ਭਿਆਨਕ ਅੱਗ ਲੱਗ ਗਈ, ਜਿਸ ਵਿੱਚ 89 ਲੋਕ ਮਰ ਗਏ ਤੇ 90 ਗੰਭੀਰ ਜ਼ਖਮੀ ਦੱਸੇ ਗਏ ਹਨ। ਮੀਡੀਆ ਰਿਪੋਰਟਾਂ ਮੁਤਾਬਕ ਧਮਾਕਾ ਇੰਨਾ ਤੇਜ਼ ਸੀ ਕਿ ਕੈਮੀਕਲ ਪਲਾਂਟ ਦੇ ਨੇੜੇ ਇਮਾਰਤਾਂ ਦੇ ਸ਼ੀਸ਼ੇ ਤੱਕ ਟੁੱਟ ਗਏ ਅਤੇ ਪਲਾਂਟ ਦੀਆਂ ਇਮਾਰਤਾਂ ਢਹਿ ਗਈਆਂ। ਇਸ ਸ਼ਹਿਰ ਦੇ ਅਧਿਕਾਰੀਆਂ ਮੁਤਾਬਕ ਧਮਾਕਾ ਜਿਆਂਗਸੂ ਸੂਬੇ ਦੇ ਯਾਨਚੇਂਗ ਵਿੱਚ ਤਿਆਨਜਈ ਕੈਮੀਕਲ ਵੱਲੋਂ ਚਲਾਏ ਜਾਂਦੇ ਰਸਾਇਣਿਕ ਸੁਵਿਧਾ ਕੇਂਦਰ ਵਿੱਚ ਦੁਪਹਿਰ ਵੇਲੇ ਹੋਇਆ। ਇਸ ਘਟਨਾ ਦੀ ਵੀਡੀਓ ਮੁਤਾਬਕ ਧਮਾਕੇ ਦੇ ਬਾਅਦ ਯਾਨਚੇਂਗ ਨੇੜੇ ਦੇ ਸ਼ਹਿਰ ਲਿਆਨਯੰਗਆਂਗ ਵਿੱਚ 2.2 ਰਿਕਟਰ ਸਕੇਲ ਦਾ ਭੂਚਾਲ ਰਿਕਾਰਡ ਹੋਇਆ ਹੈ।

# ਅਮਰੀਕਾ ਦੀ ਰਾਸ਼ਟਰਪਤੀ ਚੋਣ ਵਿੱਚ ਰੂਸੀ ਦਖਲ ਦੀ ਜਾਂਚ ਪੂਰੀ

ਵਾਸ਼ਿੰਗਟਨ, 24 ਮਾਰਚ (ਪੋਸਟ ਬਿਊਰੋ)- ਅਮਰੀਕਾ ਵਿੱਚ 2016 ਵਿੱਚ ਹੋਈ ਰਾਸ਼ਟਰਪਤੀ ਚੋਣ ਦੌਰਾਨ ਰੂਸੀ ਦਖਲ ਬਾਰੇ ਚੱਲ ਰਹੀ ਜਾਂਚ ਪੂਰੀ ਹੋ ਗਈ ਹੈ। ਇਹ ਜਾਂਚ ਕਰ ਰਹੇ ਸਪੈਸ਼ਲ ਕੌਂਸਲ ਰਾਬਰਟ ਮੂਲਰ ਨੇ ਅਮਰੀਕੀ ਅਟਾਰਨੀ ਜਨਰਲ ਵਿਲੀਅਮ ਬਾਰ ਨੂੰ ਇਸ ਦੀ ਰਿਪੋਰਟ ਸੌਂਪ ਦਿੱਤੀ ਹੈ।



ਇੱਕ ਅਧਿਕਾਰੀ ਦੇ ਮੁਤਾਬਕ ਰਿਪੋਰਟ ਵਿੱਚ ਕਿਸੇ ਹੋਰ ਕੇਸ ਦੀ ਸਿਫਾਰਸ਼ ਨਹੀਂ ਕੀਤੀ ਗਈ। ਮੂਲਰ ਫੈਡਰਲ ਜਾਂਚ ਬਿਊਰੋ (ਐੱਫ ਬੀ ਆਈ) ਦੇ ਸਾਬਕਾ ਡਾਇਰੈਕਟਰ ਹਨ। 23 ਮਹੀਨੇ ਚੱਲੀ ਜਾਂਚ ਵਿੱਚ ਉਨ੍ਹਾਂ ਨੇ ਤਿੰਨ ਕੰਪਨੀਆਂ ਅਤੇ 34 ਲੋਕਾਂ 'ਤੇ ਅਪਰਾਧਕ ਕੇਸ ਦਰਜ ਕਰਾਇਆ ਸੀ। ਇਨ੍ਹਾਂ ਵਿੱਚੋਂ ਸੱਤ ਨੇ ਜੁਰਮ ਮੰਨ ਲਿਆ ਹੈ ਅਤੇ ਇੱਕ ਜਣਾ ਦੋਸ਼ੀ ਸਿੱਧ ਹੋਇਆ ਹੈ। ਉਨ੍ਹਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਵੀ ਸਵਾਲ ਕੀਤਾ ਸੀ। ਟਰੰਪ ਨੇ ਉਨ੍ਹਾਂ ਦੇ ਸਵਾਲ ਦੇ ਲਿਖਤੀ ਜਵਾਬ ਦਿੱਤੇ ਸਨ। ਇਸ ਜਾਂਚ ਬਾਰੇ ਰਾਸ਼ਟਰਪਤੀ ਡੋਨ-ਾਲਡ ਟਰੰਪ ਲਗਾਤਾਰ ਕਹਿੰਦੇ ਰਹੇ ਹਨ ਕਿ ਉਨ੍ਹਾਂ ਨੂੰ 'ਵਿੱਚ ਹੰਟ' (ਹਨੇਰੇ ਵਿੱਚ ਤੀਰ ਚਲਾਉਣ) ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਰਿਪੋਰਟ 'ਤੇ ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਸਾਰਾ ਸੈਂਡਰਸ ਨੇ ਕਿਹਾ ਕਿ ਅਗਲਾ ਕਦਮ ਅਟਾਰਨੀ ਜਨਰਲ ਬਾਰ ਚੁੱਕਣਗੇ। ਵ੍ਹਾਈਟ ਹਾਊਸ ਨੂੰ ਅਜੇ ਇਸ ਰਿਪੋਰਟ ਦੇ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ। ਰਾਸ਼ਟਰਪਤੀ ਟਰੰਪ ਦੇ ਕੌਂਸਲ ਜੇ. ਸੇਕੂਲੋਵ ਅਤੇ ਨਿੱਜੀ ਵਕੀਲ ਰੂਡੀ ਗੁਈਲਿਆਨੀ ਨੇ ਕਿਹਾ ਕਿ ਸਾਨੂੰ ਇਹ ਖੁਸ਼ੀ ਹੈ ਕਿ ਸਪੈਸ਼ਲ ਕੌਂਸਲ ਮੂਲਰ ਨੇ ਰਿਪੋਰਟ ਦੇ ਦਿੱਤੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਰਿਪੋਰਟ ਵਿੱਚ ਕਿਸੇ ਹੋਰ ਕੇਸ ਦੀ ਸਿਫਾਰਸ਼ ਨਹੀਂ ਕੀਤੀ ਗਈ।

## ਜਾਪਾਨ ਵਿੱਚ ਹੀਲਸ ਦੇ ਖਿਲਾਫ ਕੂ-ਟੂ ਮੁਹਿੰਮ ਛਿੜੀ

ਟੋਕੀਓ, 24 ਮਾਰਚ (ਪੋਸਟ ਬਿਊਰੋ)- ਪੱਛਮੀ ਦੇਸ਼ਾਂ ਵਿੱਚ ਸ਼ੁਰੂ ਹੋਈ ਮੀ-ਟੂ ਮੁਹਿੰਮ ਵਾਂਗ ਜਾਪਾਨ ਵਿੱਚ ਇੱਕ ਮੁਹਿੰਮ ਕੂ-ਟੂ ਚੱਲ ਰਹੀ ਹੈ। ਜਾਪਾਨ ਦੇ ਦਫਤਰਾਂ ਵਿੱਚ ਔਰਤਾਂ ਨੂੰ ਹਾਈ ਹੀਲਸ ਪਹਿਨਣਾ ਜ਼ਰੂਰੀ ਹੈ। ਹਾਈ ਹੀਲ ਕਾਰਨ ਕਈ ਵਾਰ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਹੁੰਦੀਆਂ ਹਨ। ਜਾਪਾਨ ਟਾਈਮਜ਼ ਦੇ ਮੁਤਾਬਕ ਇਸੇ ਦੇ ਵਿਰੋਧ ਵਿੱਚ ਔਰਤਾਂ ਨੇ ਸੋਸ਼ਲ ਮੀਡੀਆ ਉਤੇ ਇਹ ਮੁਹਿੰਮ ਸ਼ੁਰੂ ਕੀਤੀ ਹੈ। ਦਫਤਰਾਂ ਵਿੱਚ ਲਾਜ਼ਮੀ ਡਰੈੱਸ ਕੋਡ ਅਤੇ ਔਰਤਾਂ ਲਈ ਹਾਈ ਹੀਲਸ ਜ਼ਰੂਰੀ ਰਹਿਣ ਦੇ ਵਿਰੋਧ ਵਿੱਚ ਇਹ ਮੁਹਿੰਮ ਚਲਾਈ ਜਾ ਰਹੀ ਹੈ। ਜਾਪਾਨ ਵਿੱਚ ਡਰੈੱਸ ਕੋਡ ਤੇ ਹਾਈ ਹੀਲਸ ਦੇ ਖਿਲਾਫ ਚੱਲਦੀ ਇਸ ਮੁ-ਹਿੰਮ ਨੂੰ ਸੋਸ਼ਲ ਮੀਡੀਆ 'ਤੇ ਕਾਫੀ ਸਮਰਥਨ ਮਿਲ ਰਿਹਾ ਹੈ। ਸੋਸ਼ਲ ਮੀਡੀਆ ਯੂਜ਼ਰਸ ਹਾਈ ਹੀਲਸ ਅਤੇ ਫਾਰਮਲ ਡਰੈੱਸ ਕੋਡ ਲਾਜ਼ਮੀ ਰੱਖਣ ਦੀ ਪੁਰਾਣੀ ਸੋਚ ਨੂੰ ਹੀ ਅੱਗੇ ਲੈ ਕੇ ਜਾਣ ਵਾਲੀ ਪਰੰਪਰਾ ਦੱਸੀ ਜਾ ਰਹੀ ਹੈ। ਹਾਈ ਹੀਲਸ ਦੇ ਵਿਰੋਧ ਵਿੱਚ ਔਰਤਾਂ ਦਾ ਕਹਿਣਾ ਹੈ ਕਿ ਇਸ ਨਾਲ ਅੱਡੀ ਵਿੱਚ ਦਰਦ, ਕਮਰ ਦਰਦ ਆਦਿ ਕਈ ਸਰੀਰਕ ਤਕਲੀਫਾਂ ਵਿੱਚੋਂ ਲੰਘਣਾ ਪੈਂਦਾ ਹੈ। ਔਰਤਾਂ ਨੇ ਇਸ ਦੇ ਵਿਰੋਧ ਵਿੱਚ ਲਿਖਿਆ ਕਿ ਜੁੱਤੀਆਂ ਪਹਿਨਣ ਲਈ ਕੋਈ ਦਬਾਅ ਨਹੀਂ ਹੋਣਾ ਚਾਹੀਦਾ। ਇਹ ਇੱਕ ਤਰ੍ਹਾਂ ਦੀ ਔਰਤ ਵਿਰੋਧੀ ਮਾਨਸਿਕਤਾ ਹੈ, ਜਿਸ ਨਾਲ ਔਰਤਾਂ ਦੀ ਸਿਹਤ ਦੀ ਅਣਦੇਖੀ ਕਰ ਕੇ ਹਾਈ ਹੀਲਸ ਪਹਿਨਣੀ ਪੈਂਦੀ ਹੈ। ਜਾਪਾਨ ਦੇ ਦਫਤਰਾਂ ਵਿੱਚ ਔਰਤਾਂ ਅਤੇ ਮਰਦਾਂ ਲਈ ਡਰੈੱਸ ਕੋਡ ਜ਼ਰੂਰੀ ਹੈ।

# ਭਾਰਤੀ ਲੋਕਾਂ ਦੇ ਘਰਾਂ ਤੋਂ ਬੀਤੇ ਸਾਲਾਂ ਦੇ ਦੌਰਾਨ 1280 ਕਰੋੜ ਦੇ ਗਹਿਣੇ ਚੋਰੀ

ਲੰਡਨ, 24 ਮਾਰਚ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਰਹਿੰਦੇ ਭਾਰਤੀ ਮੂਲ ਦੇ ਲੋਕਾਂ ਦਾ ਸੋਨੇ ਲਈ ਪ੍ਰੇਮ ਉਨ੍ਹਾਂ ਨੂੰ ਭਾਰੀ ਪੈ ਰਿਹਾ ਹੈ। ਬੀਤੇ ਪੰਜ ਸਾਲਾਂ ਵਿੱਚ ਉਨ੍ਹਾਂ ਦੇ ਘਰਾਂ ਤੋਂ 140 ਮਿਲੀਅਨ ਪੌਂਡ (1280 ਕਰੋੜ ਰੁਪਏ) ਦੇ ਗਹਿਣੇ ਚੋਰੀ ਹੋਏ ਹਨ। ਇਹ ਜਾਣਕਾਰੀ ਸੂਚਨਾ ਅਧਿਕਾਰ ਹੇਠ ਮੰਗੀ ਗਈ ਜਾਣਕਾਰੀ ਤੋਂ ਸਾਹਮਣੇ ਆਈ ਹੈ।



ਬੀ ਬੀ ਸੀ ਵੱਲੋਂ ਖੋਜਪੂਰਨ ਪੱਤਰਕਾਰਤਾ ਰਾਹੀਂ ਇਕੱਠੀ ਕੀਤੀ ਜਾਣਕਾਰੀ ਦੇ ਮੁਤਾਬਕ ਬ੍ਰਿਟੇਨ ਦੀਆਂ ਦੁਕਾਨਾਂ ਵਿੱਚ ਏਸ਼ੀਅਨ ਗੋਲਡ ਦੇ ਨਾਂਅ ਨਾਲ ਵੇਚੇ ਜਾਣ ਵਾਲੇ ਗਹਿਣੇ ਅਕਸਰ ਵਿਆਹ ਦੇ ਮੌਕੇ ਤੋਹਫੇ ਵਜੋਂ ਦਿੱਤੇ ਜਾਂਦੇ ਹਨ। ਗਹਿਣੇ ਦੇਣ-ਲੈਣ ਦਾ ਇਹ ਰਿਵਾਜ ਦੱਖਣੀ ਏਸ਼ੀਆਈ ਪਰਵਾਰਾਂ ਵਿੱਚ ਚੋਖਾ ਚੱਲ ਰਿਹਾ ਹੈ। ਸਾਲ 2013 ਤੋਂ ਅੱਜ ਤੱਕ ਘਰਾਂ ਵਿੱਚ ਰੱਖੇ ਇਨ੍ਹਾਂ ਗਹਿਣਿਆਂ ਦੀ ਚੋਰੀ ਦੀਆਂ 28 ਹਜ਼ਾਰ ਘਟਨਾਵਾਂ ਹੋਈਆਂ ਹਨ। ਸਭ ਤੋਂ ਵੱਧ ਗਹਿਣੇ ਲੰਡਨ 'ਚ ਚੋਰੀ ਹੋਏ ਹਨ। ਇਥੋਂ 115.6 ਮਿਲੀਅਨ (ਪੌਂਡ (1056 ਕਰੋੜ ਰੁਪਏ) ਦੇ ਗਹਿਣੇ ਚੋਰੀ ਹੋਈ ਅਤੇ 9.6 ਮਿਲੀਅਨ ਪੌਂਡ (88 ਕਰੋੜ ਰੁਪਏ) ਦੇ ਗਹਿਣੇ ਮਾਨਚੈਸਟਰ ਇਲਾਕੇ ਵਿੱਚ ਚੋਰੀ ਹੋਏ ਸਨ। ਚੋਰੀ ਦੇ ਇਨ੍ਹਾਂ ਕੇਸਾਂ ਦੀ ਜਾਂਚ ਕਰ ਰਹੇ ਪੁਲਸ ਅਧਿਕਾਰੀ ਏਰਨ ਡੁੱਗਨ ਅਨੁਸਾਰ ਚੋਰ ਫੜਨ ਪਿੱਛੋਂ ਵੀ ਗਹਿਣਿਆਂ ਲੈਣ ਵਿੱਚ ਚੋਖੀ ਮੁਸ਼ਕਲ ਆਉਂਦੀ ਹੈ, ਕਿਉਂਕਿ ਗਹਿਣਿਆਂ ਨੂੰ ਬਹੁਤ ਜਲਦੀ ਗਲਾ ਕੇ ਸੋਨੇ ਨੂੰ ਵੇਚ ਦਿੱਤਾ ਜਾਂਦਾ ਹੈ।

ਭਾਰਤੀ ਭਾਈਚਾਰੇ ਦੇ ਲੋਕਾਂ ਵਿੱਚ ਗਹਿਣਿਆਂ ਲਈ ਪ੍ਰਸਿੱਧ ਸਟੋਰ ਚਲਾਉਣ ਵਾਲੇ ਸੰਜੇ ਕੁਮਾਰ ਦੇ ਮੁਤਾਬਕ ਉਹ ਆਪਣੇ ਗ੍ਰਾਹਕਾਂ ਨੂੰ ਗਹਿਣੇ ਸੁਰੱਖਿਅਤ ਰੱਖਣ ਦੇ ਢੰਗਾਂ ਦੀ ਜਾਣਕਾਰੀ ਦਿੰਦੇ ਰਹਿੰਦੇ ਹਨ ਅਤੇ ਗਹਿਣਿਆਂ ਦਾ ਬੀਮਾ ਕਰਾਉਣ ਦੀ ਵੀ ਸਲਾਹ ਦਿੰਦੇ ਹਨ। ਸੰਜੇ ਕੁਮਾਰ ਦਾ ਸਟੋਰ ਲੰਡਨ ਵਿੱਚ ਹੈ। ਉਨ੍ਹਾਂ ਦੱਸਿਆ ਕਿ ਬ੍ਰਿਟੇਨ ਵਿਚਲੇ ਭਾਰਤੀ ਮੂਲ ਦੇ ਲੋਕਾਂ ਦੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਉਨ੍ਹਾਂ ਨੂੰ ਸੋਨਾ ਖਰੀਦਣ ਨੂੰ ਕਹਿੰਦੇ ਹਨ। ਬਜ਼ੁਰਗ ਸੋਨੇ ਨੂੰ ਸੁਰੱਖਿਅਤ ਨਿਵੇਸ਼ ਮੰਨਦੇ ਹਨ, ਨਾਲ ਹੀ ਉਸ ਦਾ ਕੋਲ ਹੋਣਾ ਸ਼ੁੱਭ ਸ਼ਗਨ ਮੰਨਦੇ ਹਨ।

## ਪਾਕਿਸਤਾਨ ਵਿੱਚ ਦੋ ਹਿੰਦੂ ਲੜਕੀਆਂ ਦਾ ਜਬਰੀ ਧਰਮ ਬਦਲਾ ਕੇ ਵਿਆਹ ਕਰਾਇਆ

ਕਰਾਚੀ, 24 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਦੋ ਨਾਬਾਲਗ ਹਿੰਦੂ ਲੜਕੀਆਂ ਨੂੰ ਅਗਵਾ ਕਰ ਕੇ ਉਨ੍ਹਾਂ ਨੂੰ ਜਬਰੀ ਮੁਸਲਮਾਨ ਬਣਾਉਣ ਤੋਂ ਬਾਅਦ ਵਿਆਹ ਕਰ ਦਿੱਤਾ ਗਿਆ ਹੈ। ਘੱਟ ਗਿਣਤੀ ਭਾਈਚਾਰੇ ਉਤੇ ਹੋਏ ਇਸ ਹਮਲੇ ਦੇ ਖਿਲਾਫ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ।



ਮਿਲੀ ਜਾਣਕਾਰੀ ਅਨੁਸਾਰ ਇਥੋਂ ਦੇ ਗੋਟਕੀ ਜ਼ਿਲ੍ਹੇ ਵਿੱਚੋਂ ਹੋਲੀ ਵਾਲੇ ਦਿਨ ਕੁਝ ਲੋਕਾਂ ਨੇ 13 ਸਾਲਾ ਰਵੀਨਾ ਤੇ 15 ਸਾਲਾ ਰੀਨਾ ਨੂੰ ਉਨ੍ਹਾਂ ਦੇ ਘਰੋਂ ਅਗਵਾ ਕਰ ਲਿਆ ਅਤੇ ਥੋੜ੍ਹੀ ਦੇਰ ਪਿੱਛੋਂ ਇੱਕ ਵੀਡੀਓ ਵਾਇਰਲ ਹੋਈ ਜਿਸ ਵਿੱਚ ਇੱਕ ਮੌਲਵੀ ਦੋਵਾਂ ਲੜਕੀਆਂ ਦਾ ਵਿਆਹ ਕਰਵਾਉਂਦਾ ਨਜ਼ਰ ਆ ਰਿਹਾ ਹੈ। ਇਸ ਤੋਂ ਥੋੜ੍ਹੀ ਦੇਰ ਬਾਅਦ ਇੱਕ ਵੀਡੀਓ ਸਾਹਮਣੇ ਆਈ, ਜਿਸ ਵਿੱਚ ਦੋਵੇਂ ਲੜਕੀਆਂ ਕਹਿ ਰਹੀਆਂ ਸਨ ਕਿ ਉਨ੍ਹਾਂ ਆਪਣੀ ਮਰਜ਼ੀ ਨਾਲ ਧਰਮ ਬਦਲਿਆ ਹੈ ਤੇ ਉਨ੍ਹਾਂ ਨਾਲ ਕਿਸੇ ਨੇ ਜ਼ਬਰਦਸਤੀ ਨਹੀਂ ਕੀਤੀ। ਪਾਕਿਸਤਾਨ ਵਿੱਚ ਹਿੰਦੂ ਭਾਈਚਾਰੇ ਦੇ ਲੋਕਾਂ ਨੇ ਵੱਡੇ ਪੱਧਰ ਉੱਤੇ ਰੋਸ ਮੁਜ਼ਾਹਰੇ ਕਰਦਿਆਂ ਮੰਗ ਕੀਤੀ ਕਿ ਇਸ ਘਟਨਾ ਦੇ ਜ਼ਿੰਮੇਵਾਰ ਲੋਕਾਂ ਖਿਲਾਫ ਕਾਰਵਾਈ ਕੀਤੀ ਜਾਵੇ ਤੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਉਨ੍ਹਾਂ ਦਾ ਘੱਟ ਗਿਣਤੀਆਂ ਦੀ ਰਾਖੀ ਦਾ ਚੇਤਾ ਕਰਵਾਇਆ ਹੈ। ਪਾਕਿ-ਸਤਾਨ ਹਿੰਦੂ ਸੇਵਾ ਵੈਲਫੇਅਰ ਟਰੱਸਟ ਦੇ ਪ੍ਰਧਾਨ ਸੰਜੇਸ਼ ਧੰਜਾ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਤੋਂ ਮੰਗ ਕੀਤੀ ਇਸ ਘਟਨਾ ਦਾ ਨੋਟਿਸ ਲਿਆ ਜਾਵੇ ਤੇ ਸਾਬਿਤ ਕੀਤਾ ਜਾਵੇ ਕਿ ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰੇ ਦੇ ਲੋਕ ਸੁਰੱਖਿਅਤ ਹਨ। ਉਨ੍ਹਾਂ ਕਿਹਾ ਕਿ ਮੁਲਕ ਅੰਦਰ ਘੱਟ ਗਿਣਤੀ ਭਾਈਚਾਰੇ 'ਤੇ ਲਗਾਤਾਰ ਹਮਲੇ ਹੋ ਰਹੇ ਹਨ।

ਸਸਤੀਆਂ ਹਵਾਈ ਟਿਕਟਾਂ
RC Tours Specially Designed to Save Money in Travel
Tico# 50023814
Special Flights to India and Pakistan
Special Packages to cuba, mexico
Online visa application (India)
Cruise Booking
Travel insurance
Manjit Batra
manjit.rctours@gmail.com | www.rctours.ca
647.766.3929/647.490.4650
3459 Sheppard Ave. East, Suite 207 Scarborough

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?
ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!
If you have 'G' license, 3 years experience & a clean record call today for the lowest & best insurance rates
Sujit Majumdar
Agent
Cell: 647-292-1996
Paying too much for auto insurance?
Call today for best & low rates!
27 Rean Drive, Unit 11,
Toronto, ON M2K 0A6

Honesty, Reliability, Commitment
Hira Randhawa
Broker
HomeLife SilverCity
- 1yr Home Warranty
- 40% Discount on Brand Name
- Appliances & Furniture
- Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 — William Prkwy/Chinguacouasy — All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 — Morning Star/Airport — Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 — Charolais & Chinguacouasy — Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.
$789,000 — Chinguacousy/Drinkwater — Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...
Call For:
RESP, SUPER -VISA,& TRAVEL
Insurance
H.Randhawa
416-319-0551

MICHELIN Hankook Continental ROADLUX BFGoodrich AEOLUS COMPASAL
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਵਿਦੇਸ਼ੀ ਲਾੜੀ ਦੱਸ ਕੇ ਲੱਖਾਂ ਦੀ ਠੱਗੀ ਮਾਰਨ ਵਾਲੇ ਫਸੇ



ਫਰੀਦਕੋਟ, 24 ਮਾਰਚ (ਪੋਸਟ ਬਿਊਰੋ)- ਇੱਕ ਠੱਗ ਗਰੋਹ ਦੀਆਂ ਕੁੜੀਆਂ ਦੇ ਜਾਅਲੀ ਪਾਸਪੋਰਟ ਬਣਵਾ ਕੇ ਕੈਨੇਡਾ ਦੀਆਂ ਵਸਨੀਕ ਦੱਸ ਕੇ ਭੋਲੇ ਮੁੰਡਿਆਂ ਨਾਲ ਰਿਸ਼ਤੇ ਤੇ ਵਿਆਹ ਦੇ ਚੱਕਰ ਵਿੱਚ ਲੱਖਾਂ ਦੀ ਠੱਗੀ ਮਾਰਨ ਵਾਲੇ ਗਰੋਹ ਦਾ ਭੇਦ ਖੁੱਲ੍ਹਣ ਉੱਤੇ ਪੁਲਸ ਨੇ ਇਸ ਗਰੁੱਪ ਦੇ ਮੁਖੀ ਨੂੰ ਫੜ ਲਿਆ ਹੈ।

ਇਸ ਸੰਬੰਧ ਵਿੱਚ ਗੁਰਮੀਤ ਕੌਰ ਐਸ ਪੀ ਨੇ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਪੁਲਸ ਨੂੰ ਸਰਦੂਲ ਸਿੰਘ ਪਿੰਡ ਗੋਲੇਵਾਲਾ ਨੇ ਅਰਜ਼ੀ ਦਿੱਤੀ ਸੀ, ਜਿਸ ਦੀ ਪੜਤਾਲ ਐੱਸ ਐੱਸ ਪੀ ਰਾਜਬਚਨ ਸਿੰਘ ਸੰਧੂ ਨੇ ਉਨ੍ਹਾਂ ਨੂੰ ਸੌਂਪੀ ਸੀ। ਜਾਂਚ ਦੌਰਾਨ ਭੇਦ ਖੁੱਲ੍ਹਾ ਕਿ ਨਰਿੰਦਰ ਪੁਰੇਵਾਲ ਵਾਸੀ ਜਲੰਧਰ ਨੇ ਲੜਕੀ ਮਨਪ੍ਰੀਤ ਧਾਲੀਵਾਲ ਉਰਫ ਪ੍ਰਵੀਨ ਕੌਰ ਨੂੰ ਆਪਣੀ ਰਿਸ਼ਤੇਦਾਰ ਤੇ ਕੈਨੇਡਾ ਵਾਸੀ ਦੱਸ ਕੇ ਉਸ ਦਾ ਵਿਆਹ ਦਰਖਾਸਤ ਕਰਤਾ ਦੇ ਲੜਕੇ ਪਰਵਿੰਦਰ ਸਿੰਘ ਵਾਸੀ ਗੋਲੇਵਾਲਾ ਨਾਲ 29 ਜਨਵਰੀ 2017 ਨੂੰ ਇਥੋਂ ਦੀ ਸ਼ਾਹੀ ਹਵੇਲੀ ਵਿਖੇ ਕੀਤਾ ਅਤੇ ਇਸ ਮੌਕੇ ਸਰਦੂਲ ਸਿੰਘ ਤੋਂ ਤੀਹ ਲੱਖ ਰੁਪਏ ਨਕਦ ਤੇ ਚਾਰ ਤੋਲੇ ਸੋਨਾ ਵੀ ਲਿਆ ਸੀ। ਵਿਆਹ ਤੋਂ ਬਾਅਦ ਕੁੜੀ ਗੋਲੇਵਾਲਾ ਵਿਖੇ ਕਰੀਬ ਤਿੰਨ ਮਹੀਨੇ ਰਹੀ ਤੇ ਫਿਰ ਵਿਦੇਸ਼ ਜਾਣ ਦਾ ਬਹਾਨਾ ਬਣਾ ਕੇ ਨਰਿੰਦਰ ਪੁਰੇਵਾਲ ਨਾਲ ਚਲੀ ਗਈ, ਪਰ ਪਿੱਛੋਂ ਪਤਾ ਲੱਗਾ ਕਿ ਕੁੜੀ ਕੈਨੇਡਾ ਵਾਸੀ ਨਹੀਂ ਸੀ ਤੇ ਇਨ੍ਹਾਂ ਨੇ ਗਗਨਦੀਪ ਸਿੰਘ ਵਾਸੀ ਅੰਮ੍ਰਿਤਸਰ ਨਾਲ ਮਿਲ ਕੇ ਨਕਦੀ ਅਤੇ ਸੋਨੇ ਦੀ ਠੱਗੀ ਮਾਰੀ ਹੈ। ਪੁਲਸ ਨੇ ਨਰਿੰਦਰ ਪੁਰੇਵਾਲ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸੇ ਤਰ੍ਹਾਂ ਇੱਕ ਦਰਖਾਸਤ ਗੁਰਚਰਨ ਸਿੰਘ ਵਾਸੀ ਗੋਬਿੰਦਗੜ੍ਹ ਨੇ ਦਿੱਤੀ ਸੀ, ਜਿਸ ਦੀ ਜਾਂਚ ਤੋਂ ਪਤਾ ਲੱਗਾ ਕਿ ਨਰਿੰਦਰ ਪੁਰੇਵਾਲ ਨੇ ਇੱਕ ਹੋਰ ਕੁੜੀ ਸਿਮਰਨ ਸੈਣੀ ਉਰਫ ਰੁਬੀਨਾ ਸ਼ਰਮਾ ਵਾਸੀ ਬਿਦੀਪੁਰ ਜਲੰਧਰ ਦਾ ਜਾਅਲੀ ਪਾਸਪੋਰਟ ਬਣਾ ਕੇ ਉਸ ਨੂੰ ਕੈਨੇਡੀਅਨ ਦੱਸ ਕੇ ਗੋਲੇਵਾਲਾ ਦੇ ਮਾਸਟਰ ਪਰਮਪਾਲ ਨਾਲ ਰਲ ਕੇ ਸੁਖਵੀਰ ਸਿੰਘ ਨਾਲ ਮਈ 2018 ਵਿੱਚ ਵਿਆਹ ਕਰਵਾ ਕੇ 55 ਲੱਖ ਰੁਪਏ ਲੈ ਕੇ ਠੱਗੀ ਮਾਰੀ ਤੇ ਦੋ ਮਹੀਨੇ ਪਿੱਛੋਂ ਕੈਨੇਡਾ ਜਾਣ ਦਾ ਡਰਾਮਾ ਰਚ ਕੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਬੁਲਾ ਲਿਆ। ਉਥੋਂ ਨਰਿੰਦਰ ਪੁਰੇਵਾਲ ਨੇ ਪੀੜਤ ਧਿਰ ਨੂੰ ਵਾਪਸ ਭੇਜ ਦਿੱਤਾ ਅਤੇ ਕੁੜੀ ਨੂੰ ਲੈ ਕੇ ਖਿਸਕ ਗਏ। ਇਸ ਬਾਰੇ ਨਰਿੰਦਰ ਪੁਰੇਵਾਲ ਦੇ ਨਾਲ ਰੁਬੀਨਾ ਸ਼ਰਮਾ ਤੇ ਮਾਸਟਰ ਪਰਮਪਾਲ ਸਿੰਘ 'ਤੇ ਕੇਸ ਦਰਜ ਕੀਤਾ ਗਿਆ ਹੈ। ਐਸ ਪੀ ਗੁਰਮੀਤ ਕੌਰ ਨੇ ਦੱਸਿਆ ਕਿ ਜਾਂਚ ਤੋਂ ਸਪੱਸ਼ਟ ਹੋ ਗਿਆ ਕਿ ਨਰਿੰਦਰ ਪੁਰੇਵਾਲ ਨੇ ਇੱਕ ਗੈਂਗ ਬਣਾਇਆ ਹੋਇਆ ਹੈ ਤੇ ਇਹ ਭੋਲੇ ਲੋਕਾਂ ਨੂੰ ਵਿਦੇਸ਼ਾਂ ਦੇ ਸੁਫਨੇ ਵਿਖਾ ਕੇ ਜਾਅਲੀ ਵਿਆਹ ਕਰਵਾ ਲੱਖਾਂ ਰੁਪਏ ਦੀਆਂ ਠੱਗੀਆਂ ਮਾਰਨ ਤੋਂ ਇਲਾਵਾ ਬਲੈਕਮੇਲ ਕਰ ਕੇ ਮੋਟੀ ਰਕਮ ਵੀ ਵਸੂਲਦੇ ਹਨ ਤੇ ਜੇ ਕੋਈ ਰਕਮ ਦੇਣ ਤੋਂ ਮਨ੍ਹਾ ਕਰਦਾ ਹੈ ਤਾਂ ਉਨ੍ਹਾਂ ਖਿਲਾਫ ਝੂਠੇ ਕੇਸ ਦਰਜ ਕਰਵਾ ਦਿੰਦੇ ਸਨ। ਪੜਤਾਲ 'ਚ ਸਾਹਮਣੇ ਆਇਆ ਹੈ ਕਿ ਨਰਿੰਦਰ ਪੁਰੇਵਾਲ ਨੇ ਆਪਣੇ ਗਿਰੋਹ ਦੀਆਂ ਕੁੜੀਆਂ ਕੋਲੋਂ ਮਰਦਾਂ ਖਿਲਾਫ ਦਿੱਲੀ, ਅੰਮ੍ਰਿਤਸਰ, ਲੁਧਿਆਣਾ, ਮੋਗਾ ਤੇ ਖੰਨਾ ਆਦਿ ਥਾਵਾਂ ਉਤੇ 18 ਕੇਸ ਦਰਜ ਕਰਵਾਏ ਹੋਏ ਹਨ, ਜਿਨ੍ਹਾਂ ਵਿੱਚ ਸਭ ਤੋਂ ਵੱਧ ਅੱਠ ਕੇਸ ਲੁਧਿਆਣਾ ਦੇ ਹਨ।

# ਬਾਕੀ ਸਾਰੇ ਪਾਸੇ ਧੱਕੇ, ਸਿਰਫ ਇਕ ਜਥੇਦਾਰ ਨੇ ਹੋਲੇ-ਮਹੱਲੇ ਦੀ ਅਗਵਾਈ ਕੀਤੀ

* ਬਾਹਰਲੇ ਜਥੇਦਾਰਾਂ ਨੂੰ ਸ਼੍ਰੋਮਣੀ ਕਮੇਟੀ ਨੇ ਸੱਦਾ ਹੀ ਨਹੀਂ ਭੇਜਿਆ
* ਮਰਿਆਦਾ ਦੇ ਉਲਟ ਗੁਲਾਲ ਲਾਉਣ ਦੀ ਰੀਤ ਫਿਰ ਸ਼ੁਰੂ

ਆਨੰਦਪੁਰ ਸਾਹਿਬ, 24 ਮਾਰਚ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਵਾਲੇ ਸਾਲ ਵਿੱਚ ਸਮੁੱਚੀ ਕੌਮ ਨੂੰ ਇਕਜੁੱਟ ਕਰਨ ਦੇ ਸੱਦੇ ਤਾਂ ਕਈ ਵਾਰ ਦਿੱਤੇ ਹਨ, ਪਰ ਖਾਲਸਾ ਪੰਥ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਹੋਲੇ ਮਹੱਲੇ ਦੇ ਵਕਤ ਨਿਹੰਗ ਸਿੰਘਾਂ ਨੂੰ ਵੱਖਰਾ ਮਹੱਲਾ ਕੱਢਣ ਦੇ ਫੈਸਲੇ ਤੋਂ ਰੋਕਣ ਦੀ ਥਾਂ ਆਪਣੀ ਸਮੁੱਚੀ ਸੰਸਥਾ ਨੂੰ ਵੀ ਇੱਕ ਥਾਂ ਲਿਆਉਣ ਤੋਂ ਨਾਕਾਮ ਹੋ ਗਈ ਹੈ।

ਅਸਲ ਵਿੱਚ ਤਖਤ ਕੇਸਗੜ੍ਹ ਸਾਹਿਬ ਤੋਂ ਸਜਾਏ ਗਏ ਹੋਲੇ ਮਹੱਲੇ ਵਿੱਚ ਪਹਿਲੀ ਵਾਰੀ ਬਾਕੀ ਸਾਰੇ ਤਖਤਾਂ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਆਪਣੇ ਪ੍ਰਧਾਨ ਦੀ ਗੈਰ ਹਾਜ਼ਰੀ ਵੀ ਏਨੀ ਰੜਕੀ ਕਿ ਪੰਥਕ ਸਫਾਂ 'ਚ ਨਵੀਂ ਚਰਚਾ ਛਿੜ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਤਖਤ ਕੇਸਗੜ੍ਹ ਸਾਹਿਬ ਤੋਂ ਸਜਾਏ ਮਹੱਲੇ ਦੀ ਅਗਵਾਈ ਸਿਰਫ ਇਕੋ ਜਥੇਦਾਰ ਨੇ ਕੀਤੀ ਅਤੇ ਇਸ ਮੌਕੇ ਥੋੜ੍ਹੇ ਸਮੇਂ ਲਈ ਪਹੁੰਚੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਸਿੱਖ ਮਰਿਆਦਾ ਤੋਂ ਉਲਟ ਜਾਂਦੀ ਗੁਲਾਲ ਖੇਡਣ ਦੀ ਰਸਮ ਕਰ ਕੇ ਸੰਬੋਧਨ ਕਰਦੇ ਸਾਰ ਚਲੇ ਗਏ। ਇਸ ਤਰ੍ਹਾਂ ਦੇ ਵਿਹਾਰ ਦੀ ਹਰ ਥਾਂ ਨਿੰਦਾ ਕੀਤੀ ਜਾ ਰਹੀ ਹੈ। ਦੂਸਰੇ ਪਾਸੇ ਇਹ ਵੀ ਦੱਸਿਆ ਜਾ ਰਿਹਾ ਹੈ ਕਿ 13 ਸਾਲ ਤਖਤ ਕੇਸਗੜ੍ਹ ਸਾਹਿਬ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਹੁੰਦਿਆਂ ਪ੍ਰੋਫੈਸਰ ਮਨਜੀਤ ਸਿੰਘ ਨੇ ਗੁਲਾਲ ਲਵਾਉਣ ਤੋਂ ਸਾਫ ਨਾਂਹ ਕਰ ਦਿੱਤੀ ਸੀ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਗੁਰੂ ਸਾਹਿਬ ਨੇ ਨਾਮ ਦੇ ਰੰਗ ਵਿੱਚ ਰੰਗਣਾ ਚਾਹੀਦਾ ਹੈ, ਦੁਨਿਆਵੀ ਰੰਗਾਂ 'ਚ ਰੰਗਣ ਨੂੰ ਸਿੱਖੀ ਰਿਵਾਇਤ ਨਹੀਂ ਸਮਝਣਾ ਚਾਹੀਦਾ। ਇਹ ਰਿਵਾਇਤ ਇਸ ਵਾਰ ਫਿਰ ਚਲਾ ਦਿੱਤੀ ਗਈ ਹੈ।



ਪਿਛਲੇ ਕਈ ਦਿਨਾਂ ਤੋਂ ਇਹ ਮੁੱਦਾ ਵੀ ਵਿਵਾਦ ਦਾ ਵਿਸ਼ਾ ਸੀ ਕਿ ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਹੱਲਾ 21 ਮਾਰਚ ਨੂੰ ਕੱਢਿਆ ਜਾਣਾ ਹੈ ਤੇ ਨਿਹੰਗ ਸਿੰਘ ਜਥੇਬੰਦੀਆਂ ਨੇ ਆਪਣੀ ਰਵਾਇਤ ਦੇ ਅਨੁਸਾਰ 22 ਮਾਰਚ ਨੂੰ ਮਹੱਲਾ ਕੱਢਣ ਲਈ ਜ਼ਿਦ ਕਰ ਲਈ ਹੈ। ਇਸ ਸੰਬੰਧ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਰਖਵਾਏ ਅਖੰਡ ਪਾਠ ਭੋਗ ਮੌਕੇ ਨਿਹੰਗ ਸਿੰਘਾਂ ਨੇ ਕੇਸਗੜ੍ਹ ਸਾਹਿਬ 'ਚ ਆਪਣੀ ਬੇਸ਼ੱਕ ਹਾਜ਼ਰੀ ਲਵਾਈ, ਪਰ ਸ਼੍ਰੋਮਣੀ ਕਮੇਟੀ ਵੱਲੋਂ ਸਜਾਏ ਮਹੱਲੇ 'ਚ ਉਹ ਸ਼ਾਮਲ ਨਹੀਂ ਸਨ ਹੋਏ। ਸ਼੍ਰੋਮਣੀ ਕਮੇਟੀ ਵੱਲੋਂ 21 ਮਾਰਚ ਨੂੰ ਕੱਢੇ ਗਏ ਮਹੱਲੇ ਵਿੱਚ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ, ਹਿਮਾਚਲ ਪ੍ਰਦੇਸ਼ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਡਾ. ਦਿਲਜੀਤ ਸਿੰਘ ਭਿੰਡਰ, ਸਹਾਇਕ ਹੈਡ ਗ੍ਰੰਥੀ ਦਰਬਾਰ ਸਾਹਿਬ ਗਿਆਨੀ ਜਗਤਾਰ ਸਿੰਘ ਅਤੇ ਹੈਡ ਗ੍ਰੰਥੀ ਕੇਸਗੜ੍ਹ ਸਾਹਿਬ ਗਿਆਨੀ ਫੂਲਾ ਸਿੰਘ ਹੀ ਸ਼ਾਮਲ ਹੋਏ। ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਆਪਣੇ ਰੁਝੇਵਿਆਂ ਕਰਕੇ ਮਹੱਲੇ 'ਚ ਨਹੀਂ ਆਏ, ਪਰ ਸ਼੍ਰੋਮਣੀ ਕਮੇਟੀ ਨੇ ਇਸ ਵਾਰ ਹੋਲੇ ਮਹੱਲੇ ਲਈ ਤਖਤ ਪਟਨਾ ਸਾਹਿਬ ਤੇ ਤਖਤ ਹਜ਼ੂਰ ਸਾਹਿਬ ਦੇ ਜਥੇਦਾਰਾਂ ਨੂੰ ਸੱਦੇ ਹੀ ਨਹੀਂ ਭੇਜੇ ਅਤੇ ਖੁਦ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਜ਼ਿਲਾ ਰੂਪਨਗਰ ਦੇ ਸ਼੍ਰੋਮਣੀ ਕਮੇਟੀ ਮੈਂਬਰ, ਦੁਆਬੇ ਨਾਲ ਸਬੰਧਤ ਮੈਂਬਰਾਂ ਅਤੇ ਹੋਰ ਆਗੂ ਵੀ ਗੈਰ ਹਾਜ਼ਰ ਰਹੇ।

## ਪਾਇਲਟ ਮਾਂ-ਬੇਟੀ ਨੇ ਇਕੱਠਿਆਂ ਜਹਾਜ਼ ਉਡਾਇਆ

ਵਾਸ਼ਿੰਗਟਨ, 24 ਮਾਰਚ (ਪੋਸਟ ਬਿਊਰੋ)- ਅਮਰੀਕਾ ਦੇ ਲਾਸ ਏਂਜਲਸ ਤੋਂ ਅਟਲਾਂਟਾ ਜਾਣ ਵਾਲੀ ਡੈਲਟਾ ਫਲਾਈਟ ਨੂੰ ਇਕੋ ਪਰਿਵਾਰ ਦੀ ਪਾਇਲਟ ਟੀਮ ਨੇ ਉਡਾਇਆ ਹੈ। ਇਹ ਜਾਣ ਕੇ ਜਹਾਜ਼ ਦੇ ਸਾਰੇ ਯਾਤਰੀ ਹੈਰਾਨ ਰਹਿ ਗਏ। ਅਸਲ ਵਿਚ ਇਸ ਫਲਾਈਟ ਨੂੰ ਉਡਾ ਰਹੀਆਂ ਦੋ ਔਰਤਾਂ ਮਾਂ-ਬੇਟੀ ਹਨ। ਯਾਤਰੀਆਂ ਨੇ ਉਸ ਮਾਂ-ਬੇਟੀ ਨਾਲ ਮਿਲਣ ਦੀ ਇੱਛਾ ਜ਼ਾਹਰ ਕੀਤੀ ਤਾਂ ਬਾਅਦ ਵਿਚ ਉਨ੍ਹਾਂ ਨੂੰ ਇਹ ਮੌਕਾ ਵੀ ਦਿੱਤਾ ਗਿਆ।

ਇਹ ਮਾਂ-ਬੇਟੀ ਦੋਵੇਂ ਫਲਾਈਟ ਦੀਆਂ ਚਾਲਕ ਸਨ। ਫਲਾਈਟ ਵਿਚ ਮਾਂ ਵੇਂਡੀ ਰੈਕਸਨ ਕੈਪਟਨ ਅਹੁਦੇ ਉੱਤੇ ਹੈ ਤੇ ਉਨ੍ਹਾਂ ਦੀ ਬੇਟੀ ਕੇਲੀ ਰੈਕਸਨ ਫਸਟ ਅਫਸਰ ਹੈ। ਇਸ ਖਾਸ ਮੌਕੇ ਦੀ ਫੋਟੋ ਡੈਲਟਾ ਫਲਾਈਟ ਨੇ ਆਪਣੇ ਟਵਿੱਟਰ ਹੈਂਡਲ ਉੱਤੇ ਪਾ ਕੇ ਲਿਖਿਆ ਹੈ: 'ਫੈਮਿਲੀ ਫਲਾਈਟ ਕਰੂਅ ਗੋਲਸ'। ਮਾਂ-ਬੇਟੀ ਦੀ ਫੋਟੋ ਐਂਬਰੀ-ਰਿਡਲ ਵਰਲਡਵਾਈਡ ਦੇ ਚਾਂਸਲਰ ਜੌਨ ਆਰ ਵੇਟ੍ਰਟ ਨੇ ਲਈ ਹੈ। ਇਸ ਪਿੱਛੋਂ ਉਨ੍ਹਾਂ ਨੇ ਇਹ ਫੋਟੋ ਆਪਣੇ ਟਵਿੱਟਰ ਹੈਂਡਲ ਉੱਤੇ ਵੀ ਪਾਈ। ਮੀਡੀਆ ਰਿਪੋਰਟਾਂ ਮੁਤਾਬਕ ਇਸ ਫਲਾਈਟ ਦੇ ਯਾਤਰੀਆਂ ਨੂੰ ਕੌਕਪਿਟ ਵਿਚ ਦੋਵਾਂ ਦੀਆਂ ਗੱਲਾਂ ਸੁਣ ਕੇ ਪਤਾ ਲੱਗਾ ਕਿ ਉਹ ਮਾਂ-ਬੇਟੀ ਹਨ। ਦੱਸਿਆ ਗਿਆ ਹੈ ਕਿ ਕੇਲੀ ਰੈਕਸਨ ਦੀ ਭੈਣ ਵੀ ਪਾਇਲਟ ਹੈ।

## ਪੁਲਸ ਹਿਰਾਸਤ ਵਿੱਚੋਂ ਭੱਜੇ ਕੈਦੀ ਵੱਲੋਂ ਪਤਨੀ ਤੇ ਧੀ ਦਾ ਕਤਲ

ਹੁਸ਼ਿਆਰਪੁਰ, 24 ਮਾਰਚ (ਪੋਸਟ ਬਿਊਰੋ)- ਪੁਲਸ ਦੀ ਹਿਰਾਸਤ ਵਿੱਚੋਂ ਭਗੌੜੇ ਮੇਜਰ ਨਾਂਅ ਦੇ ਕੈਦੀ ਨੇ ਕੱਲ੍ਹ ਸ਼ਾਮ ਆਪਣੇ ਘਰ ਵਿੱਚ ਆਪਣੀ ਪਤਨੀ ਰਜਨੀ (35) ਅਤੇ ਧੀ ਪ੍ਰਿਆ (15) ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ। ਪੁਲਸ ਦੇ ਦੱਸਣ ਮੁਤਾਬਕ ਵੱਖ-ਵੱਖ ਕੇਸਾਂ ਕਾਰਨ ਹੁਸ਼ਿਆਰਪੁਰ ਜੇਲ੍ਹ ਵਿੱਚ ਬੰਦ ਮੇਜਰ ਕੁਝ ਮਹੀਨੇ ਪਹਿਲਾਂ ਪੇਸ਼ੀ ਵੇਲੇ ਫਰਾਰ ਹੋ ਗਿਆ ਸੀ। ਪਤਾ ਲੱਗਾ ਹੈ ਕਿ ਮੇਜਰ ਹੁਸ਼ਿਆਰਪੁਰ ਅਦਾਲਤ ਤੋਂ 19 ਜੂਨ 2018 ਤੋਂ ਭਗੌੜਾ ਹੈ ਤੇ ਉਸ ਉੱਤੇ ਸੱਤ ਕੇਸ ਦਰਜ ਹਨ। ਉਸ ਵੱਲੋਂ ਮਾਰ ਦਿੱਤੀ ਗਈ ਧੀ ਪ੍ਰਿਆ ਨੌਵੀਂ ਜਮਾਤ ਦੀ ਵਿਦਿਆਰਥਣ ਸੀ।

## ਅੰਮ੍ਰਿਤਸਰ ਵਿੱਚ ਭਾਜਪਾ ਮਲਿਕ-ਜੋਸ਼ੀ ਧੜੇ ਵਿੱਚ ਵੰਡੀ ਗਈ

ਅੰਮ੍ਰਿਤਸਰ, 24 ਮਾਰਚ (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਦਾ ਐਲਾਨ ਹੋਣ ਪਿੱਛੋਂ ਵੀ ਭਾਜਪਾ ਵਿੱਚ ਧੜੇਬਾਜ਼ੀ ਖਤਮ ਨਹੀਂ ਹੋ ਰਹੀ। ਪੰਜਾਬ ਭਾਜਪਾ ਦੇ ਪ੍ਰਧਾਨ ਤੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਦੇ ਆਪਣੇ ਜ਼ਿਲੇ ਅੰਮ੍ਰਿਤਸਰ ਵਿੱਚ ਵੀ ਧੜੇਬਾਜ਼ੀ ਦੇ ਕੁਝ ਵੱਡੇ ਝਲਕਾਰੇ ਮਿਲਣ ਲੱਗ ਪਏ ਹਨ।

ਮਿਲੀ ਜਾਣਕਾਰੀ ਅਨੁਸਾਰ ਅੰਮ੍ਰਿਤਸਰ ਸ਼ਹਿਰ ਦੀ ਭਾਜਪਾ ਵਿੱਚ ਸੂਬਾ ਪ੍ਰਧਾਨ ਸ਼ਵੇਤ ਮਲਿਕ ਅਤੇ ਪੰਜਾਬ ਦੇ ਸਾਬਕਾ ਮੰਤਰੀ ਅਨਿਲ ਜੋਸ਼ੀ ਦੇ ਧੜੇ ਬਣੇ ਹੋਏ ਹਨ ਅਤੇ ਕਈ ਸਮਾਗਮਾਂ ਵਿੱਚ ਇਹ ਧੜੇਬਾਜ਼ੀ ਖੁੱਲ੍ਹ ਕੇ ਜ਼ਾਹਰ ਹੋਈ ਹੈ। ਇਸ ਦੇ ਬਾਵਜੂਦ ਹਾਈ ਕਮਾਨ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਅਤੇ ਅੰਮ੍ਰਿਤਸਰ ਤੋਂ ਐਲਾਨ ਕੀਤੇ ਜਾ ਰਹੇ ਭਾਜਪਾ-ਅਕਾਲੀ ਉਮੀਦਵਾਰ ਲਈ ਮੁਸ਼ਕਲਾਂ ਦਾ ਮੁੱਢ ਬੱਝਣ ਵਾਲਾ ਜਾਪਦਾ ਹੈ। ਵਰਨਣ ਯੋਗ ਹੈ ਕਿ ਆਰ ਐੱਸ ਐੱਸ ਦੇ ਪਿਛੋਕੜ ਵਾਲੇ ਅਨਿਲ ਜੋਸ਼ੀ ਦਸ ਸਾਲ (2007-17) ਪੰਜਾਬ ਦੇ ਮੰਤਰੀ ਸਨ ਅਤੇ ਵਿਧਾਨ ਸਭਾ ਚੋਣਾਂ ਦੇ ਬਾਅਦ ਤੋਂ ਪਾਰਟੀ ਵਿੱਚ ਖੂੰਜੇ ਲੱਗੇ ਹੋਏ ਹਨ। ਪਾਰਟੀ ਦੇ ਸਮਾਗਮਾਂ ਲਈ ਉਨ੍ਹਾਂ ਨੂੰ ਦੱਸਿਆ ਤੱਕ ਨਹੀਂ ਜਾਂਦਾ। ਇਸ ਕਾਰਨ ਹੀ ਲੋਕ ਸਭਾ ਟਿਕਟ ਦੇ ਚਾਹਵਾਨਾਂ ਦੀ ਸੂਚੀ ਵਿੱਚ ਸ਼ਾਮਲ ਉਹ ਆਪਣੇ ਤੌਰ ਉੱਤੇ ਸਰਗਰਮ ਹੋ ਗਏ ਹਨ।

AZ ਡਰਾਇਵਰਾਂ ਦੀ ਲੋੜ ਹੈ
"New Drivers are welcome"
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ Texas, USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715



BRITANNIA AUTO BODY
We deal with All Major Insurance companies
401 & Dixie Rd
Call: 416.671.7252
6087 Netherhart Rd, #1 & 2, Mississauga, ON L5T 1G5



Get the right INSURANCE for you!
AUTO | HOME | BUSINESS
Life Insurance, Critical Illness, Disability, Super Visa Insurance, Travel & Visitor Insurance, Investments
Damanjit S. Kainth (KD) 416.554.1869
damanjit@hotmail.com



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਾਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਗਿੱਲ ਲੜਕਾ, ਉਮਰ 31 ਸਾਲ, ਕੱਦ 5'6", ਪਿਛਲੇ 10 ਸਾਲਾਂ ਤੋਂ ਦੁਬਾਈ ਵਿੱਚ ਟੱਰਕ ਚਲਾ ਰਿਹ ਲੜਕੇ ਲਈ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 00918699923074 | 00971559436629(Whatsapp)

Jat Sikh Boy, 23, 6'3", vegetarian, student in Canada. Canadian PR or Citizen preferred. For more details kindly contact 216-556-2080.

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੀ ਦੀ ਲੋੜ

ਜੱਟ ਸਿੱਖ ਸੇਖੋਂ ਲੜਕਾ ਉਮਰ 36 ਸਾਲ, ਕੱਦ 5'-8", ਕੇਸ਼ਧਾਰੀ ਤੇ ਨਸ਼ੀਆਂ ਤੋਂ ਦੂਰ, A.Z Driver, Divorced ਲੜਕੇ ਲਈ Student/citizen ਜਾਂ ਵੀਜ਼ਿਟਰ ਵਿਜ਼ੇ ਤੇ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ- 647-456-8667 | joraward96@gmail.com

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 | 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋਂ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :
91-9888871813 | 306-612-4093
ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

Wanted Office Clerk & Office Administrator
◦Fluent in English & Hindi are essential
◦Good communication skills
◦Good computer skills
◦Willing to work in a fast paced work environment.
Please Email Resume at: molly@jfgroup.ca

## ਲੜਕੇ ਦੀ ਲੋੜ

Jat sikh virk family looking for a well educated,tall & handome canadian citizen/Immigrant , never married vegetarian, non-drinker match for their 36 years old, 5-6" tall never married well educated and working in reputed bank, spiritual and family oriented daughter. Please send your picture at jeetk1631@gmail.com or call between Weekdays 6pm till 9pm; weekend 8 am to 9 pm and at 647-562-1631. Marriage bureau please stay away. 1 week

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures. E -mail: matri.response2018@gmail. com

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
◦$29 per hr
◦Experience: 3-5 years
◦Education has to be secondary high school or equivalent experience
Email Resume at umar.w@cellntell.com

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 | 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 | 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢਲੋਆ

# ਅਪਰਾਧੀ ਰਿਕਾਰਡ ਵਾਲੇ ਉਮੀਦਵਾਰਾਂ ਨੂੰ ਅਖਬਾਰਾਂ ਤੇ ਚੈਨਲਾਂ 'ਚ ਖੁਦ ਇਸ਼ਤਿਹਾਰ ਦੇਣਾ ਪਵੇਗਾ

### * ਨਾਮਜ਼ਦਗੀ ਪੱਤਰ ਦੇ ਨਿਯਮਾਂ ਵਿੱਚ ਕਮਿਸ਼ਨ ਵੱਲੋਂ ਨਵੀਂ ਸੋਧ

ਚੰਡੀਗੜ੍ਹ, 24 ਮਾਰਚ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਚੋਣ ਕਮਿਸ਼ਨ ਨੇ ਨਾਮਜ਼ਦਗੀ ਪੱਤਰ ਦੇ ਫਾਰਮ ਨੰਬਰ 26 ਵਿੱਚ ਸੋਧ ਕਰ ਦਿੱਤੀ ਹੈ ਅਤੇ ਅੱਗੇ ਤੋਂ ਚੋਣ ਲੜਨ ਦੇ ਚਾਹਵਾਨ ਅਤੇ ਰਾਜਨੀਤਕ ਪਾਰਟੀਆਂ ਦੇ ਇਸ ਬਾਰੇ ਸ਼ੰਕਾ ਦੂਰ ਕਰਨ ਲਈ ਆਮ ਤੌਰ 'ਤੇ ਪੁੱਛੇ ਜਾਂਦੇ ਪ੍ਰਸ਼ਨਾਂ ਦੇ ਉਤਰ ਜਾਰੀ ਕਰ ਦਿੱਤੇ ਗਏ ਹਨ, ਜਿਹੜੇ ਚੋਣ ਕਮਿਸ਼ਨ ਦੀ ਵੈਬਸਾਈਟ 'ਤੇ ਦਰਜ ਕਰ ਦਿੱਤੇ ਗਏ ਹਨ।




ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾ. ਐਸ ਕਰੁਣਾ ਰਾਜੂ ਨੇ ਦੱਸਿਆ ਕਿ ਨਵੀਂ ਕੀਤੀ ਗਈ ਸੋਧ ਅਨੁਸਾਰ ਲੋਕ ਸਭਾ, ਰਾਜ ਸਭਾ ਤੇ ਵਿਧਾਨ ਸਭਾ ਦੀ ਚੋਣ ਲੜਨ ਦੇ ਚਾਹਵਾਨ ਉਮੀਦਵਾਰਾਂ ਨੂੰ ਆਪਣੇ ਨਾਮਜ਼ਦਗੀ ਪੱਤਰ ਵਿੱਚ ਆਪਣੇ ਪੂਰੇ ਅਪਰਾਧਿਕ ਮਾਮਲਿਆਂ/ ਜਿਨ੍ਹਾਂ ਮਾਮਲਿਆਂ 'ਚ ਉਨ੍ਹਾਂ ਨੂੰ ਅਦਾਲਤ ਵੱਲੋਂ ਸਜ਼ਾ ਸੁਣਾਈ ਗਈ ਹੈ, ਬਾਰੇ ਫਾਰਮ 26 'ਚ ਪੂਰੀ ਜਾਣਕਾਰੀ ਦੇਣੀ ਪਵੇਗੀ ਅਤੇ ਇਹ ਜਾਣਕਾਰੀ ਅਖਬਾਰਾਂ ਅਤੇ ਟੀ ਵੀ ਚੈਨਲਾਂ ਰਾਹੀਂ ਆਮ ਜਨਤਾ ਨੂੰ ਵੀ ਦੇਣੀ ਪਵੇਗੀ। ਜਿਨ੍ਹਾਂ ਅਖਬਾਰਾਂ ਅਤੇ ਚੈਨਲਾਂ ਵਿੱਚ ਇਹ ਜਾਣਕਾਰੀ ਛਪਾਈ/ ਚਲਾਈ ਜਾਣੀ ਹੈ, ਉਸ ਦੀ ਸੂਚੀ ਦਫਤਰ ਮੁੱਖ ਚੋਣ ਅਫਸਰ ਪੰਜਾਬ ਵੱਲੋਂ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਨੂੰ ਦਿੱਤੀ ਜਾਵੇਗੀ। ਇਹ ਇਸ਼ਤਿਹਾਰ ਸਿਰਫ ਉਨ੍ਹਾਂ ਉਮੀਦਵਾਰਾਂ ਨੂੰ ਹੀ ਦੇਣਾ ਹੋਵੇਗਾ, ਜਿਨ੍ਹਾਂ ਦੇ ਖਿਲਾਫ ਕੋਈ ਅਪਰਾਧਕ ਕੇਸ ਚੱਲਦਾ ਹੈ ਜਾਂ ਫਿਰ ਕਦੇ ਕਿਸੇ ਕੇਸ ਦੇ ਲਈ ਉਨ੍ਹਾਂ ਨੂੰ ਸਜ਼ਾ ਸੁਣਾਈ ਜਾ ਚੁੱਕੀ ਹੈ। ਫਾਰਮ ਨੰਬਰ 26 ਦੇ ਨੁਕਤਾ ਨੰਬਰ ਪੰਜ ਦੇ ਵਿੱਚ ਕੇਸ ਚੱਲਦਾ ਹੋਣ ਦੀ ਸਥਿਤੀ ਵਿੱਚ ਕੇਸ ਨੰਬਰ ਅਤੇ ਕੇਸ ਦਾ ਵੇਰਵਾ ਦੇਣਾ ਜ਼ਰੂਰੀ ਹੈ। ਜੇ ਕਿਸੇ ਉਮੀਦਵਾਰ ਵੱਲੋਂ ਨਾਮਜ਼ਦਗੀ ਪੱਤਰ ਪੇਸ਼ ਕਰਨ ਤੋਂ ਬਾਅਦ ਉਸ ਦੇ ਕੇਸ ਦਾ ਸਟੇਟਸ ਬਦਲ ਜਾਵੇ ਤਾਂ ਉਮੀਦਵਾਰ ਦੀ ਮਰਜ਼ੀ ਹੈ ਕਿ ਉਸ ਨੇ ਨਵੀਂ ਸਥਿਤੀ ਬਾਰੇ ਸਬੰਧਤ ਰਿਟਰਨਿੰਗ ਅਫਸਰ ਨੂੰ ਜਾਣੂ ਕਰਵਾਉਣ ਲਈ ਨੋਟੀਫਿਕੇਸ਼ਨ ਕਰਨਾ ਹੈ ਜਾਂ ਨਹੀਂ।

# ਨੇਪਾਲ ਵਿੱਚ ਬੱਕਰੀਆਂ ਦੇ ਰਾਖੇ ਕੁੱਤਿਆਂ ਨੇ ਚੀਤਾ ਮਾਰ ਸੁੱਟਿਆ

ਕਾਠਮੰਡੂ, 24 ਮਾਰਚ (ਪੋਸਟ ਬਿਊਰੋ)- ਬੱਕਰੀਆਂ ਨੂੰ ਮਾਰ ਕੇ ਖਾਣ ਆਏ ਚੀਤੇ ਨੂੰ ਅੱਧਾ ਦਰਜਨ ਪਾਲਤੂ ਕੁੱਤਿਆਂ ਨੇ ਫਾਰਮ ਹਾਊਸ ਵਿੱਚ ਕਰੀਬ ਇਕ ਘੰਟੇ ਦੀ ਲੜਾਈ ਵਿੱਚ ਮਾਰ ਸੁੱਟਿਆ। ਇਸ ਦੌਰਾਨ ਇਕ ਕੁੱਤੇ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਦੋ ਹੋਰ ਜ਼ਖਮੀ ਹੋ ਗਏ।

ਕਾਠਮੰਡੂ ਤੋਂ ਕਰੀਬ 150 ਕਿਲੋਮੀਟਰ ਦੂਰ ਗੋਰਖਾ ਜ਼ਿਲੇ ਦੀ ਪਾਲੁਙਟਾਰ ਨਗਰ ਪਾਲਿਕਾ ਦੇ ਚਿਸਾਪਾਨੀ ਪਿੰਡ ਵਿੱਚ ਕੁੱਤਿਆਂ ਨਾਲ ਸੰਘਰਸ਼ ਵਿੱਚ ਚੀਤੇ ਦੀ ਮੌਤ ਦੀ ਖਬਰ ਮਿਲਦੇ ਸਾਰ ਨੇੜਲੇ ਪਿੰਡਾਂ ਦੇ ਲੋਕਾਂ ਦੀ ਭੀੜ ਲੱਗ ਗਈ। ਚਿਸਾਪਾਨੀ ਪਿੰਡ ਦੇ ਰਾਮ ਸੇਙਾਈ ਨੇ ਦੱਸਿਆ ਕਿ ਏਥੇ ਫੁਚੜ ਲਾਮਾ ਦਾ ਬੱਕਰੀ ਫਾਰਮ ਹਾਊਸ ਹੈ। ਸਵੇਰੇ ਕਰੀਬ ਚਾਰ ਵਜੇ ਇਕ ਚੀਤਾ ਏਥੇ ਬੱਕਰੀ ਨੂੰ ਮਾਰ ਕੇ ਖਾਣ ਲਈ ਫਾਰਮ ਹਾਊਸ ਵਿੱਚ ਆਣ ਵੜਿਆ। ਉਸ ਵੇਲੇ ਉਥੇ ਮੌਜੂਦ ਅੱਧਾ ਦਰਜਨ ਪਾਲਤੂ ਕੁੱਤਿਆਂ ਨੇ ਉਸ 'ਤੇ ਹਮਲਾ ਕਰ ਦਿੱਤਾ। ਪਾਲਤੂ ਕੁੱਤਿਆਂ ਅਤੇ ਚੀਤੇ ਦੇ ਵਿਚਾਲੇ ਜ਼ਬਰਦਸਤ ਲੜਾਈ ਵਿੱਚ ਕੁੱਤਿਆਂ ਨੇ ਹਾਰ ਨਹੀਂ ਮੰਨੀ। ਪਿੰਡ ਵਾਸੀਆਂ ਨੇ ਦੇਖਿਆ ਕਿ ਮ੍ਰਿਤਕ ਚੀਤੇ ਦਾ ਕੰਨ ਕੱਟਿਆ ਹੋਇਆ ਸੀ ਤੇ ਪੈਰ ਵਿੱਚ ਜ਼ਖਮ ਸਨ। ਵਣ ਵਿਭਾਗ ਦੇ ਪ੍ਰਮੁੱਖ ਇਮਨਾਥ ਪੌਡੇਲ ਨੇ ਦੱਸਿਆ ਕਿ ਚੀਤਾ ਭੋਜਨ ਦੀ ਭਾਲ ਵਿੱਚ ਬੱਕਰੀ ਫਾਰਮ ਹਾਊਸ ਗਿਆ ਤਾਂ ਅੱਧਾ ਦਰਜਨ ਪਾਲਤੂ ਕੁੱਤਿਆਂ ਨੇ ਘੇਰ ਕੇ ਮਾਰ ਦਿੱਤਾ।

# ਇਟਲੀ ਦੀਆਂ ਪ੍ਰਵਾਸੀ ਵਿਰੋਧੀ ਨੀਤੀਆਂ ਤੋਂ ਖਿਝੇ ਬੰਦੇ ਨੇ ਸਕੂਲ ਬੱਸ ਨੂੰ ਅੱਗ ਲਾਈ

ਰੋਮ, 24 ਮਾਰਚ (ਪੋਸਟ ਬਿਊਰੋ)- ਇਟਲੀ ਸਰਕਾਰ ਦੀਆਂ ਪ੍ਰਵਾਸੀ ਵਿਰੋਧੀ ਨੀਤੀਆਂ ਤੋਂ ਤੰਗ ਆਏ ਅਪਰਾਧਿਕ ਰਿਕਾਰਡ ਵਾਲੇ ਇੱਕ ਵਿਅਕਤੀ ਓਸੇਨੀਆ ਸਈ, ਜਿਹੜਾ ਮੂਲ ਤੌਰ 'ਤੇ ਸ਼ੈਨੇਗਲ ਦਾ ਹੈ, ਪਰ 2004 ਤੋਂ ਇਟਾਲੀਅਨ ਨਾਗਰਿਕਤਾ ਲੈ ਚੁੱਕਾ ਹੈ, ਨੇ ਇਟਲੀ ਦੇ ਕਿਰਮੋਨਾ ਸ਼ਹਿਰ ਦੇ ਇਕ ਮਿਡਲ ਸਕੂਲ ਦੀ 51 ਮਾਸੂਮ ਬੱਚਿਆਂ ਨਾਲ ਭਰੀ ਬੱਸ ਨੂੰ 47 ਸਾਲਾ ਡਰਾਈਵਰ ਸਮੇਤ ਅਗਵਾ ਕਰ ਲਿਆ। 40 ਮਿੰਟ ਇਹ ਬੱਚੇ ਉਸ ਦੇ ਕਬਜ਼ੇ ਵਿੱਚ ਰਹੇ, ਜਿਨ੍ਹਾਂ ਨੂੰ ਅਗਵਾਕਾਰ ਸਈ ਨੇ ਪ੍ਰੇਸ਼ਾਨ ਕੀਤਾ ਅਤੇ ਫਿਰ ਬੱਸ ਵਿੱਚ ਮੌਜੂਦ ਇਕ ਟੀਚਰ ਨੂੰ ਬੱਚਿਆਂ ਦੇ ਫੋਨ ਖੋਹ ਕੇ ਪਲਾਸਟਿਕ ਵਰਗੀ ਕਿਸੇ ਚੀਜ਼ ਨਾਲ ਮਾਰਨ ਦੇ ਇਰਾਦੇ ਨਾਲ ਹੱਥ ਬੰਨ੍ਹਣ ਲਈ ਕਿਹਾ, ਪਰ ਇਨ੍ਹਾਂ ਵਿੱਚੋਂ ਇਕ 13 ਸਾਲਾ ਬੱਚਾ ਕਿਸੇ ਤਰ੍ਹਾਂ ਪੁਲਸ ਨੂੰ ਇਸ ਘਟਨਾ ਦੀ ਜਾਣਕਾਰੀ ਦੇਣ ਵਿੱਚ ਕਾਮਯਾਬ ਹੋ ਗਿਆ।



ਦੱਸਿਆ ਗਿਆ ਹੈ ਕਿ ਇਸ ਦੀ ਜਾਣਕਾਰੀ ਮਿਲਦੇ ਹੀ ਪੁਲਸ ਬੱਚਿਆਂ ਨੂੰ ਬਚਾਉਣ ਲਈ ਕਾਰਵਾਈ ਵਿੱਚ ਜੁਟ ਗਈ। ਅਗਵਾਕਾਰ, ਜਿਹੜਾ ਵਾਰ-ਵਾਰ ਬੱਚਿਆਂ ਨੂੰ ਇਹ ਕਹਿ ਰਿਹਾ ਸੀ ਕਿ ਕੋਈ ਨਹੀਂ ਬਚੇਗਾ, ਨੇ ਬੱਸ ਨੂੰ ਇਕ ਰੋਡ ਵਿੱਚ ਖੜੀ ਕਰਕੇ ਰਸਤੇ ਵੀ ਬੰਦ ਕਰਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਪਹਿਲਾਂ ਕਿ ਉਹ ਬੱਚਿਆਂ ਦਾ ਕੋਈ ਨੁਕਸਾਨ ਕਰ ਸਕਦਾ, ਪੁਲਸ ਨੇ ਪਿਛਲੇ ਸ਼ੀਸ਼ੇ ਤੋੜ ਕੇ ਬੱਚਿਆਂ ਨੂੰ ਕੱਢ ਲਿਆ, ਪਰ ਇੰਨੇ ਵਿੱਚ ਦੋਸ਼ੀ ਨੇ ਅੱਗ ਲਾ ਦਿੱਤੀ, ਜਿਸ ਦੇ ਧੂੰਏਂ ਦੇ ਪ੍ਰਭਾਵ ਕਾਰਨ 12 ਬੱਚਿਆਂ ਨੂੰ ਹਸਪਤਾਲ ਲਿਜਾਣਾ ਪਿਆ।

ਇਟਲੀ ਸਰਕਾਰ ਦੀਆਂ ਪ੍ਰਵਾਸੀ ਵਿਰੋਧੀ ਨੀਤੀਆਂ ਤੋਂ ਖਿਝੇ ਓਸੇਨੀਆ ਸਈ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਸਕੂਲ ਬੱਸ ਪੂਰੀ ਤਰ੍ਹਾਂ ਸੜ ਕੇ ਸਵਾਹ ਹੋ ਗਈ, ਪਰ ਸਭ ਬੱਚੇ ਬਿਲਕੁਲ ਠੀਕ ਠਾਕ ਹਨ।

# ਮੰਦਰ-ਗੁਰਦੁਆਰੇ ਦੇ ਕੰਪਲੈਕਸ ਦੀ ਕੰਧ ਤੋਂ ਦੋ ਧਿਰਾਂ ਲੜੀਆਂ, ਇਕ ਜਣੇ ਦੀ ਮੌਤ

ਗੂਹਲਾ ਚੀਕਾ (ਕੈਥਲ), 24 ਮਾਰਚ (ਪੋਸਟ ਬਿਊਰੋ)- ਹਰਿਆਣਾ ਦੇ ਪਿੰਡ ਬਦਸੂਈ ਦੇ ਲੋਕਾਂ ਨੇ 2016 ਵਿੱਚ ਚੰਦਾ ਇਕੱਠਾ ਕਰਕੇ ਇਕੋ ਕੰਪਲੈਕਸ ਵਿੱਚ ਮੰਦਰ ਅਤੇ ਗੁਰਦੁਆਰਾ ਬਣਾਇਆ ਸੀ। ਕਰੀਬ ਦੋ ਸਾਲ ਬਾਅਦ ਪਾਰਲੀਮੈਂਟ ਦੇ ਮੈਂਬਰ ਵੱਲੋਂ ਦਿੱਤੀ ਗਈ ਪੰਜ ਲੱਖ ਰੁਪਏ ਦੀ ਰਕਮ ਨਾਲ ਇਹ ਸਦਭਾਵਨਾ ਖਤਮ ਹੋ ਗਈ।

ਪਤਾ ਲੱਗਾ ਹੈ ਕਿ ਮੰਦਰ ਤੇ ਗੁਰਦੁਆਰੇ ਦੇ ਕੰਪਲੈਕਸ ਨੂੰ ਵੱਖ-ਵੱਖ ਕਰਨ ਲਈ ਦੋਵੇਂ ਧਿਰਾਂ ਕੰਧ ਬਣਾਉਣ 'ਤੇ ਅੜ ਗਈਆਂ ਅਤੇ ਝਗੜਾ ਇੰਨਾ ਵਧਿਆ ਕਿ ਦੋਵੇਂ ਧਿਰਾਂ ਦੇ ਲੋਕਾਂ ਨੇ ਡਾਂਗਾਂ ਅਤੇ ਗੰਡਾਸੀਆਂ ਚਲਾਈਆਂ, ਜਿਸ ਦੇ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਦੋਵਾਂ ਧਿਰਾਂ ਦੇ 17 ਲੋਕ ਜ਼ਖਮੀ ਹੋ ਗਏ। ਪੁਲਸ ਨੇ ਸਾਬਕਾ ਸਰਪੰਚ ਸਮੇਤ 35 ਲੋਕਾਂ ਉੱਤੇ ਕਤਲ ਸਮੇਤ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕਰ ਲਿਆ ਹੈ। ਸਥਾਨਕ ਲੋਕਾਂ ਨੇ ਦੱਸਿਆ ਕਿ ਮੰਦਰ ਵਿੱਚ ਧਰਮਸ਼ਾਲਾ ਬਣਾਉਣ ਲਈ ਕੁਝ ਲੋਕ ਪਾਰਲੀਮੈਂਟ ਮੈਂਬਰ



ਰਾਜਕੁਮਾਰ ਸੈਣੀ ਤੋਂ ਪੰਜ ਲੱਖ ਰੁਪਏ ਗਰਾਂਟ ਮਨਜ਼ੂਰ ਕਰਵਾ ਕੇ ਲਿਆਏ ਸਨ ਅਤੇ ਉਨ੍ਹਾਂ ਦਾ ਕਹਿਣਾ ਸੀ ਕਿ ਪੈਸੇ ਦੀ ਵਰਤੋਂ ਓਦੋਂ ਹੋਵੇਗੀ, ਜਦ ਮੰਦਰ ਅਤੇ ਗੁਰਦੁਆਰੇ ਦੋਵਾਂ ਦਾ ਕੰਪਲੈਕਸ ਵੱਖੋ-ਵੱਖ ਹੋਵੇ। ਇਸ ਕਾਰਨ ਮੰਦਰ ਅਤੇ ਗੁਰਦੁਆਰੇ ਵਿਚਾਲੇ ਜ਼ਮੀਨ ਦੀ ਵੰਡ ਦੀ ਗੱਲ ਆਈ ਤਾਂ ਵਿਵਾਦ ਹੋ ਗਿਆ। ਦੋਵੇਂ ਪੱਖਾਂ ਦੀ ਪੰਚਾਇਤ ਵਿੱਚ ਫੈਸਲਾ ਹੋਇਆ ਕਿ 110 ਫੁੱਟ ਚੌੜਾਈ ਗੁਰਦੁਆਰੇ ਨੂੰ ਤੇ 90 ਫੁੱਟ ਮੰਦਰ ਨੂੰ ਦੇ ਦਿੱਤੀ ਜਾਵੇ। ਜ਼ਿੰਮੇਵਾਰ ਲੋਕਾਂ ਨੇ ਨਿਸ਼ਾਨਦੇਹੀ ਕਰਕੇ ਕੰਧ ਬਣਾਉਣ ਲਈ ਜ਼ਮੀਨ 'ਤੇ ਕਲੀ ਛਿੜਕ ਦਿੱਤੀ। ਇਹ ਦੋਸ਼ ਲਾਇਆ ਗਿਆ ਹੈ ਕਿ ਪਿੰਡ ਦੇ ਇਕ ਪੱਖ ਨੇ ਪੰਚਾਇਤੀ ਫੈਸਲੇ ਨੂੰ ਰੱਦ ਕਰ ਕੇ 100 ਫੁੱਟ ਚੌੜਾਈ ਉਤੇ ਜਾ ਕੇ ਨੀਂਹ ਪੁੱਟੀ ਅਤੇ ਕੰਧ ਬਣਾਉਣੀ ਸ਼ੁਰੂ ਕਰ ਦਿੱਤੀ। ਇਸ ਕਾਰਨ ਦੂਸਰੇ ਪੱਖ ਦੇ 15-16 ਲੋਕ ਮੀਟਿੰਗ ਲਈ ਗੁਰਦੁਆਰੇ ਵਿੱਚ ਆਏ ਤਾਂ ਓਮ ਪ੍ਰਕਾਸ਼ ਗਰੁੱਪ ਦੇ ਕਈ ਦਰਜਨ ਲੋਕਾਂ ਨੇ ਗੁਰਦੁਆਰੇ ਵਿੱਚ ਬੈਠਕ ਕਰ ਰਹੇ ਲੋਕਾਂ 'ਤੇ ਹਮਲਾ ਕਰ ਦਿੱਤਾ, ਜਿਸ ਵਿੱਚ ਇੱਕ ਜਣੇ ਦੀ ਮੌਤ ਹੋ ਗਈ। ਇਸ ਦੀ ਸੂਚਨਾ ਮਿਲਣ ਉੱਤੇ ਭਾਰੀ ਪੁਲਸ ਮੌਕੇ 'ਤੇ ਪੁੱਜੀ ਅਤੇ ਗਸ਼ਤ ਸ਼ੁਰੂ ਕੀਤੀ। ਐਸ ਡੀ ਐਮ ਗੂਹਲਾ ਸੰਜੇ ਕੁਮਾਰ, ਡੀ ਐਸ ਪੀ ਗੂਹਲਾ ਪ੍ਰਮੋਦ ਕੁਮਾਰ ਅਤੇ ਹੋਰ ਅਧਿਕਾਰੀ ਸ਼ਾਮ ਤੱਕ ਪਿੰਡ ਵਿੱਚ ਰਹੇ ਅਤੇ ਘਰ-ਘਰ ਜਾ ਕੇ ਲੋਕਾਂ ਨੂੰ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕਰਦੇ ਰਹੇ। ਇਸ ਮੌਕੇ ਪੁਲਸ ਨੇ ਸਾਬਕਾ ਸਰਪੰਚ ਓਮ ਪ੍ਰਕਾਸ਼ ਤੇ ਉਸ ਦੇ ਦੋ ਲੜਕਿਆਂ ਨੂੰ ਗੂਹਲਾ ਦੇ ਸਰਕਾਰੀ ਹਸਪਤਾਲ ਤੋਂ ਗ੍ਰਿਫਤਾਰ ਕੀਤੇ ਤੇ ਪਿੰਡ ਤੋਂ ਕੁਝ ਹੋਰ ਲੋਕਾਂ ਨੂੰ ਵੀ ਕਾਬੂ ਕੀਤਾ ਹੈ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿੱਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Free Blood Pressure Machine for Seniors
*Some conditions apply
ਫਰੀ ਡਲੀਵਰੀ - Free Delivery
Ph: 905-454-2000
51 Mcmurchy Ave (S) Brampton, ON L6Y 1Y5
Near Queen St (W) & Main st (S)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE TEMS
CANADIAN RED CROSS Training Partner

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

# ਮਨੁੱਖਤਾ ਦੇ ਸੱਚੇ ਸੇਵਕ ਭਾਈ ਕਨ੍ਹੱਈਆ ਜੀ

-ਜਗਤਾਰ ਸਮਾਲਸਰ



ਮਨੁੱਖਤਾ ਦੇ ਸੱਚੇ ਸੇਵਕ ਭਾਈ ਕਨ੍ਹੱਈਆ ਜੀ ਦਾ ਜਨਮ 1643 ਨੂੰ ਪਿੰਡ ਸਹੋਦਰਾ ਜ਼ਿਲਾ ਸ਼ਾਹਕੋਟ ਨਜ਼ਦੀਕ ਵਜ਼ੀਰਾਬਾਦ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਦਾ ਨਾਂ ਭਾਈ ਨੱਥੂ ਰਾਮ ਤੇ ਮਾਤਾ ਦਾ ਨਾਮ ਸੁੰਦਰੀ ਸੀ। ਪਿਤਾ ਪਿੰਡ ਦੇ ਅਮੀਰ ਆਦਮੀ ਸਨ। ਬੱਚੇ ਦਾ ਮੁੱਖ ਦੇਖ ਕੇ ਭਗਵਾਨ ਕ੍ਰਿਸ਼ਨ ਦੇ ਨਾਮ 'ਤੇ ਉਨ੍ਹਾਂ ਦਾ ਨਾਂ 'ਕਨ੍ਹੱਈਆ' ਰੱਖਿਆ ਗਿਆ। ਬਚਪਨ ਤੋਂ ਹੀ ਉਨ੍ਹਾਂ ਨੂੰ ਸੇਵਾ ਦਾ ਸ਼ੌਕ ਸੀ। ਜਦੋਂ ਉਹ ਵੱਡੇ ਹੋਏ ਤਾਂ ਜਿਸ ਮਜ਼ਦੂਰ ਕੋਲ ਜ਼ਿਆਦਾ ਵਜ਼ਨ ਉਠਾਇਆ ਵੇਖਦੇ, ਉਸ ਦਾ ਅੱਧਾ ਭਾਰ ਆਪ ਲੈ ਲੈਂਦੇ ਤੇ ਪਿੰਡ ਪਾਰ ਕਰਵਾ ਕੇ ਵਾਪਸ ਆਉਂਦੇ। ਜਵਾਨੀ ਵਿੱਚ ਭਾਈ ਜੀ ਸਾਧੂ ਨਾਨੂ ਦੇ ਸੰਪਰਕ ਵਿੱਚ ਆਏ ਅਤੇ ਉਨ੍ਹਾਂ ਨਾਲ ਰਹਿ ਕੇ ਗੁਰਬਾਣੀ ਅਤੇ ਗੁਰੂ ਘਰ ਨਾਲ ਪ੍ਰੇਮ ਹੋ ਗਿਆ। ਰਾਹੀਆਂ ਨੂੰ ਪਾਣੀ ਪਿਲਾਉਣਾ ਤੇ ਸੰਗਤ ਦੀ ਸੇਵਾ ਕਰਨੀ ਉਨ੍ਹਾਂ ਦਾ ਰੋਜ਼ਾਨਾ ਦਾ ਕੰਮ ਸੀ। ਸਾਲ 1674 ਵਿੱਚ ਭਾਈ ਕਨ੍ਹੱਈਆ ਨੇ ਪਹਿਲੀ ਵਾਰ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਦੀ ਸੇਵਾ ਵਿੱਚ ਲੱਗ ਗਏ। ਦਿੱਲੀ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪਿੱਛੋਂ ਭਾਈ ਕਨ੍ਹੱਈਆ ਜੀ ਪਿੰਡ ਕਾਹਵਾ ਜ਼ਿਲਾ ਕਾਬਲਪੁਰਾ (ਪਾਕਿਸਤਾਨ) ਚਲੇ ਗਏ ਅਤੇ ਲੋਕ ਸੇਵਾ ਵਿੱਚ ਜੁੱਟ ਗਏ। ਇਥੇ ਭਾਈ ਕਨ੍ਹੱਈਆ ਨੇ ਰਾਹੀਆਂ ਦੇ ਠਹਿਰਨ ਲਈ ਧਰਮਸ਼ਾਲਾ ਅਤੇ ਖੂਹ ਬਣਵਾਇਆ। ਸਾਲ 1678 ਵਿੱਚ ਉਨ੍ਹਾਂ ਨੇ ਪਹਿਲੀ ਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕੀਤੇ ਤੇ ਆਨੰਦਪੁਰ ਸਾਹਿਬ ਵਿੱਚ ਰਹਿਣ ਲੱਗ ਪਏ। ਸਾਲ 1702 ਵਿੱਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਅਤੇ ਮੁਗਲ ਫੌਜ ਵਿਚਕਾਰ ਯੁੱਧ ਹੋਇਆ ਤਾਂ ਭਾਈ ਕਨ੍ਹੱਈਆ ਨੂੰ ਜ਼ਖਮੀ ਸੈਨਿਕਾਂ ਨੂੰ ਪਾਣੀ ਪਿਲਾਉਣ ਦੀ ਸੇਵਾ ਮਿਲੀ। ਭਾਈ ਕਨ੍ਹੱਈਆ ਜੀ ਸਾਰਾ ਦਿਨ ਕਮਰ ਨਾਲ ਮਸ਼ਕ ਬੰਨ੍ਹ ਕੇ ਜ਼ਖਮੀਆਂ ਨੂੰ ਪਾਣੀ ਪਿਲਾਉਂਦੇ ਰਹਿੰਦੇ।

ਇਕ ਦਿਨ ਮੁਗਲ ਸੈਨਾ ਦਾ ਸੈਨਾਪਤੀ ਜ਼ਖਮੀ ਹੋ ਕੇ ਧਰਤੀ 'ਤੇ ਡਿੱਗਿਆ ਪਿਆ ਸੀ, ਉਸ ਨੇ ਭਾਈ ਕਨ੍ਹੱਈਆ ਤੋਂ ਪਾਣੀ ਦੀ ਮੰਗ ਕੀਤੀ ਤਾਂ ਉਨ੍ਹਾਂ ਨੇ ਉਸ ਨੂੰ ਵੀ ਪਾਣੀ ਪਿਲਾਇਆ। ਇਸ ਵਾਰ ਸੈਨਾਪਤੀ ਨੂੰ ਪਾਣੀ ਪਿਲਾਉਣ ਉਤੇ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਅੱਗੇ ਭਾਈ ਕਨ੍ਹੱਈਆ ਦੀ ਸ਼ਿਕਾਇਤ ਕਰ ਦਿੱਤੀ। ਗੁਰੂ ਜੀ ਨੇ ਭਾਈ ਕਨ੍ਹੱਈਆ ਨੂੰ ਸੱਦ ਕੇ ਸ਼ਿਕਾਇਤ ਬਾਰੇ ਪੁੱਛਿਆ ਤਾਂ ਭਾਈ ਕਨ੍ਹੱਈਆ ਨੇ ਗੁਰੂ ਜੀ ਨੂੰ ਆਖਿਆ, 'ਮੈਨੂੰ ਹਿੰਦੂ, ਸਿੱਖ ਅਤੇ ਮੁਸਲਮਾਨਾਂ ਵਿੱਚ ਕੋਈ ਫਰਕ ਨਹੀਂ ਦਿਸਦਾ। ਮੈਨੂੰ ਤਾਂ ਹਰ ਇਕ ਵਿੱਚ ਆਪ ਜੀ ਦਾ ਰੂਪ ਹੀ ਦਿਖਾਈ ਦਿੰਦਾ ਹੈ। ਜਦੋਂ ਵੀ ਮੈਂ ਕਿਸੇ ਨੂੰ ਪਾਣੀ ਪਿਲਾਉਂਦਾ ਹਾਂ ਤਾਂ ਮੈਨੂੰ ਉਸ ਵਿੱਚ ਪਰਮਾਤਮਾ ਦਿਖਾਈ ਦਿੰਦਾ ਹੈ।' ਗੁਰੂ ਜੀ ਨੇ ਇਹ ਸੁਣ ਕੇ ਭਾਈ ਕਨ੍ਹੱਈਆ ਨੂੰ ਆਪਣੇ ਗਲ ਨਾਲ ਲਾ ਲਿਆ ਤੇ ਮੱਲ੍ਹਮ ਅਤੇ ਪੱਟੀ ਦੇ ਕੇ ਕਿਹਾ, 'ਤੁਸੀਂ ਸੱਚੇ ਸੇਵਕ ਹੋ, ਅੱਜ ਤੋਂ ਬਾਅਦ ਜਿਸ ਜ਼ਖਮੀ ਨੂੰ ਪਾਣੀ ਪਿਲਾਓ, ਉਸ ਨੂੰ ਮੱਲ੍ਹਮ-ਪੱਟੀ ਵੀ ਦੇਣਾ।' ਉਸ ਦਿਨ ਤੋਂ ਬਾਅਦ ਜਦੋਂ ਤੱਕ ਲੜਾਈ ਚੱਲੀ, ਭਾਈ ਕਨ੍ਹੱਈਆ ਜ਼ਖਮੀਆਂ ਨੂੰ ਪਾਣੀ ਪਿਲਾਉਂਦੇ ਰਹੇ ਤੇ ਮੱਲ੍ਹਮ ਪੱਟੀ ਕਰਦੇ ਰਹੇ। ਲੜਾਈ ਖਤਮ ਹੋਣ ਤੋਂ ਬਾਅਦ ਭਾਈ ਜੀ ਆਪਣੇ ਪਿਤਾ ਪੁਰਖੀ ਪਿੰਡ ਚਲੇ ਗਏ। ਜਦੋਂ ਤੱਕ ਜਿਉਂਦੇ ਰਹੇ, ਰਾਹੀਆਂ ਵਾਸਤੇ ਧਰਮਸ਼ਾਲਾ ਬਣਾਉਂਦੇ ਰਹੇ ਅਤੇ ਗਰੀਬਾਂ ਤੇ ਲੋੜਵੰਦਾਂ ਦੀ ਸੇਵਾ ਕਰਦੇ ਰਹੇ। ਸਾਲ 1718 ਈਸਵੀ ਵਿੱਚ ਅਕਾਲ ਚਲਾਣੇ ਤੋਂ ਪਹਿਲਾ ਭਾਈ ਕਨ੍ਹੱਈਆ ਸੇਵਾਪੰਥੀ ਨਾਂ ਦੇ ਸ਼ਰਧਾਲੂ ਨੂੰ ਆਪਣੇ ਵੱਲੋਂ ਚਲਾਈ ਗਈ ਸੇਵਾ ਇੰਜ ਹੀ ਜਾਰੀ ਰੱਖਣ ਲਈ ਕਹਿ ਗਏ ਸਨ, ਜਿਨ੍ਹਾਂ ਨੇ 'ਸੇਵਾਪੰਥੀ' ਨਾਂ ਦੀ ਇਕ ਸੰਸਥਾ ਬਣਾਈ ਜੋ ਹੁਣ ਵੀ ਸਾਰੇ ਦੇਸ਼ ਵਿੱਚ ਇਸੇ ਨਾਂ ਨਾਲ ਲੋਕਾਂ ਦੀ ਸੇਵਾ ਕਰ ਰਹੇ ਹਨ।

# ਅਸੀਂ ਲੱਭ ਰਹੇ ਸੀ ਭਗਵਾਨ ਤੇ ਉਹ ਨਿਕਲਿਆ ਸ਼ੈਤਾਨ

-ਹਿਮਾਂਸ਼ੀ ਧਵਨ

''ਮੈਨੂੰ ਨਹੀਂ ਪਤਾ ਕਿ ਮੇਰੀ ਧੀ ਨੂੰ ਕਿੱਥੇ ਰੱਖਿਆ ਗਿਆ ਹੈ ਅਤੇ ਉਹ ਕਿਸ ਹਾਲ ਵਿੱਚ ਹੈ? ਮੈਨੂੰ ਉਸ ਨਾਲ ਮਿਲਣ ਵੀ ਨਹੀਂ ਦਿੱਤਾ ਗਿਆ। ਮੈਨੂੰ ਪਤਾ ਲੱਗਾ ਹੈ ਕਿ ਇਸ ਆਸ਼ਰਮ ਵਿੱਚ ਕੁਝ ਗੰਦਾ ਕੰਮ ਹੋ ਰਿਹਾ ਹੈ।''

''ਜਦੋਂ ਅਸੀਂ ਆਪਣੀ ਧੀ ਨੂੰ ਮਿਲੇ ਤਾਂ ਉਸ ਨੇ ਕਿਹਾ ਕਿ ਉਹ ਬਹੁਤ ਖੁਸ਼ ਹੈ ਤੇ ਆਸ਼ਰਮ ਵਿੱਚ ਹੀ ਰਹਿਣਾ ਚਾਹੁੰਦੀ ਹੈ, ਪਰ ਉਹ ਕਮਜ਼ੋਰ ਅਤੇ ਡਰੀ ਹੋਈ ਲੱਗਦੀ ਸੀ। ਮੈਨੂੰ ਲੱਗਾ ਕਿ ਉਸ ਉੱਤੇ ਅਜਿਹਾ ਕਹਿਣ ਲਈ ਦਬਾਅ ਪਾਇਆ ਜਾ ਰਿਹਾ ਸੀ। ਮੇਰੀ ਤੁਹਾਨੂੰ ਬੇਨਤੀ ਹੈ ਕਿ ਕਿਸੇ ਤਰ੍ਹਾਂ ਮੇਰੀ ਧੀ ਮੈਨੂੰ ਵਾਪਸ ਦਿਵਾਓ।''

ਨਿਰਾਸ ਅਤੇ ਲਾਚਾਰ ਮਾਪਿਆਂ ਵੱਲੋਂ ਭੇਜੀਆਂ ਗਈਆਂ ਅਜਿਹੀਆਂ ਚਿੱਠੀਆਂ ਦਾ ਵਕੀਲ ਸ਼ਲਭ ਗੁਪਤਾ ਦੇ ਮੇਜ਼ ਉਤੇ ਢੇਰ ਵਧਦਾ ਜਾ ਰਿਹਾ ਹੈ। ਜਦੋਂ ਆਪੇ ਬਣੇ ਦੇਵ ਪੁਰਸ਼ ਵੀਰੇਂਦਰ ਦੇਵ ਦੀਕਸ਼ਿਤ ਦੇ ਦਿੱਲੀ ਤੇ ਰਾਜਸਥਾਨ ਵਿਚਲੇ ਆਸ਼ਰਮਾਂ 'ਤੇ ਪਿਛਲੇ ਮਹੀਨੇ ਪੁਲਸ ਨੇ ਛਾਪੇ ਮਾਰੇ ਸਨ, ਉਦੋਂ ਤੋਂ ਬਹੁਤ ਸਾਰੇ ਮਾਪਿਆਂ ਨੇ ਦਿੱਲੀ ਪੁਲਸ ਤੇ ਫਾਊਂਡੇਸ਼ਨ ਫਾਰ ਸੋਸ਼ਲ ਐਂਪਾਵਰਮੈਂਟ ਨਾਮੀ ਐੱਨ ਜੀ ਓ ਨਾਲ ਜੁੜੇ ਸ਼ਲਭ ਗੁਪਤਾ ਨੂੰ ਕਾਫੀ ਚਿੱਠੀਆਂ ਲਿਖੀਆਂ ਹਨ। ਸ਼ਲਭ ਗੁਪਤਾ ਨੇ ਹੀ ਸਭ ਤੋਂ ਪਹਿਲਾਂ ਇਸ ਕਥਿਤ 'ਭਗਵਾਨ' ਵਿਰੁੱਧ ਕੇਸ ਦਰਜ ਕਰਵਾਇਆ ਸੀ। ਕਈ 'ਭਗਤਾਂ' ਨੇ ਦੀਕਸ਼ਿਤ ਵੱਲੋਂ ਪਿਛਲੇ ਚਾਰ ਦਹਾਕਿਆਂ ਦੌਰਾਨ ਬਣਾਏ ਵੱਡੇ ਸਾਮਰਾਜ ਦੀਆਂ ਅੰਦਰੂਨੀ ਸਰਗਰਮੀਆਂ ਦਾ ਖੁਲਾਸਾ ਕੀਤਾ।

ਸ਼ਰਧਾਲੂ ਰੰਗਰੂਟਾਂ ਦੀ ਭਰਤੀ ਕਿਵੇਂ ਹੁੰਦੀ ਸੀ? ਇਸ 75 ਸਾਲਾ ਢੋਂਗੀ ਬਾਬੇ ਦੇ ਜ਼ਿਆਦਾ ਸ਼ਿਕਾਰ ਬ੍ਰਹਮ ਕੁਮਾਰੀਆਂ ਦੇ ਪੈਰੋਕਾਰ ਸਨ। ਬ੍ਰਹਮ ਕੁਮਾਰੀਆਂ ਨਾਲ ਦੀਕਸ਼ਿਤ ਦੇ ਸ਼ੁਰੂ ਦੇ ਦੌਰ ਵਿੱਚ ਸੰਬੰਧ ਸਨ। ਬਾਅਦ ਵਿੱਚ ਉਸ ਦੀ ਇਨ੍ਹਾਂ ਨਾਲ ਅਣਬਣ ਹੋ ਗਈ। ਦੀਕਸ਼ਿਤ ਨੇ 'ਮਾਤਾਓਂ' ਅਤੇ 'ਭਾਈਓਂ' ਦਾ ਇੱਕ ਲੰਮਾ-ਚੌੜਾ ਨੈਟਵਰਕ ਬਣਾਇਆ ਹੋਇਆ ਸੀ, ਜਿਹਵਾ ਯੂ ਪੀ ਅਤੇ ਰਾਜਸਥਾਨ ਦੇ ਹੇਠਲੇ ਮੱਧ ਵਰਗ ਦੇ ਘਰਾਂ ਵਿੱਚ ਸਤਿਸੰਗ ਜਾਂ ਗੀਤਾ ਪਾਠ ਕਰਦੇ ਸਨ। ਇਹ 'ਏਜੰਟ' ਹੌਲੀ ਹੌਲੀ ਸ਼ਰਧਾਲੂਆਂ ਦੇ ਮਨ ਵਿੱਚ ਇਹ ਖਿਆਲ ਭਰਦੇ ਸਨ ਕਿ ਬ੍ਰਹਮ ਕੁਮਾਰੀ ਮਤ ਦੇ ਬਾਨੀ ਲੇਖਰਾਜ ਕ੍ਰਿਪਲਾਨੀ ਜੀ ਦੀ ਆਤਮਾ ਦੀਕਸ਼ਿਤ ਵਿੱਚ ਦਾਖਲ ਹੋ ਚੁੱਕੀ ਹੈ। ਇਸ ਤੋਂ ਬਾਅਦ ਸ਼ਰਧਾਲੂ/ ਚੇਲਿਆਂ ਨੂੰ ਸੱਤ ਦਿਨਾ ਸਾਧਨਾ ਕੇਂਦਰ ਵਿੱਚ ਲਿਜਾਇਆ ਜਾਂਦਾ, ਜਿੱਥੇ ਉਹ ਦੀਕਸ਼ਿਤ ਦੇ ਪ੍ਰਵਚਨ ਸੁਣਦੇ ਸਨ। ਕੈਂਪ ਤੋਂ ਵਾਪਸ ਆਉਣ 'ਤੇ ਬਹੁਤੇ ਸ਼ਰਧਾਲੂਆਂ ਨੂੰ ਇਹ ਪੱਕਾ ਯਕੀਨ ਹੋ ਚੁੱਕਾ ਹੁੰਦਾ ਸੀ ਕਿ ਉਹ ਸੱਚਮੁੱਚ ਭਗਵਾਨ ਦਾ ਅਵਤਾਰ ਹੈ। ਇਥੋਂ ਤੱਕ ਕਿ ਉਸ ਦੇ ਪੈਰੋਕਾਰਾਂ 'ਚੋਂ ਇੱਕ ਪੁਲਸ ਸਬ ਇੰਸਪੈਕਟਰ ਕੇ. ਗਰਗ ਦੇ ਦਿਮਾਗ ਵਿੱਚ ਵੀ ਇਹੋ ਗੱਲ ਬੈਠ ਗਈ ਸੀ।

ਇਨ੍ਹਾਂ ਪੈਰੋਕਾਰਾਂ ਨੂੰ ਖਾਸ ਨਿਯਮਾਂ ਦੀ ਪਾਲਣਾ ਵੀ ਕਰਨੀ ਪੈਂਦੀ ਸੀ, ਜਿਵੇਂ ਜੀਵਨ ਸਾਥੀ ਨਾਲ ਸੈਕਸ ਕਰਨ ਤੋਂ ਪ੍ਰਹੇਜ਼ ਕਰਨਾ, ਸਾਦਾ ਭੋਜਨ ਕਰਨਾ, ਸਮਾਜਕ ਸਮਾਰੋਹ ਤੇ ਹੋਰਨਾਂ ਲੋਕਾਂ ਤੋਂ ਦੂਰ ਰਹਿਣਾ। ਸਬ ਇੰਸਪੈਕਟਰ ਗਰਗ ਦਾ ਕਹਿਣਾ ਹੈ ਕਿ ਸਮਾਂ ਪਾ ਕੇ ਇਨ੍ਹਾਂ ਪੈਰੋਕਾਰਾਂ ਦਾ 'ਬ੍ਰੇਨਵਾਸ਼' ਇਸ ਤਰ੍ਹਾਂ ਹੋ ਜਾਂਦਾ ਸੀ ਕਿ ਉਹ ਨਾ ਸਿਰਫ ਆਪਣਾ ਪੈਸਾ ਤੇ ਜਾਇਦਾਦ, ਸਗੋਂ ਆਪਣੀਆਂ ਧੀਆਂ ਵੀ ਇਸ ਢੋਂਗੀ ਬਾਬੇ ਨੂੰ ਸੌਂਪ ਦਿੰਦੇ ਸਨ। ਖੁਦ ਗਰਗ ਨੇ 16 ਸਾਲਾ ਧੀ ਨੂੰ ਬਾਬੇ ਦੇ ਕਹਿਣ 'ਤੇ ਆਸ਼ਰਮ ਵਿੱਚ ਭੇਜ ਦਿੱਤਾ ਸੀ। ਉਦੋਂ ਹਰ ਕੋਈ ਸੋਚਦਾ ਸੀ ਕਿ ਜੇ ਉਸ ਦੀ ਧੀ ਉਥੇ ਜਾ ਕੇ ਅਧਿਆਤਮ ਵਿੱਚ ਲੀਨ ਹੋ ਜਾਵੇਗੀ ਤਾਂ ਜ਼ਿੰਦਗੀ ਵਿੱਚ ਇਸ ਤੋਂ ਵੱਡੀ ਹੋਰ ਕੀ ਗੱਲ ਹੋ ਸਕਦੀ ਹੈ? ਗਰਗ ਨੇ ਦੱਸਿਆ ਕਿ ਉਸ ਦੀ ਧੀ ਨੂੰ 2003 ਵਿੱਚ ਯੂ ਪੀ ਦੇ ਇੱਕ ਛੋਟੇ ਜਿਹੇ ਕਸਬੇ ਕਾਂਪਿਲ ਵਾਲੇ ਆਸ਼ਰਮ ਵਿੱਚ ਲਿਜਾਇਆ ਗਿਆ ਸੀ। 2004-05 ਦਰਮਿਆਨ ਉਹ ਆਪਣੀ ਧੀ ਨੂੰ ਨਹੀਂ ਮਿਲੇ ਸਨ, ਹਾਲਾਂਕਿ ਉਹ ਹਰ ਹਫਤੇ ਉਥੇ ਸਾਧਨਾ ਲਈ ਜਾਂਦੇ ਸਨ। ਉਨ੍ਹਾਂ ਨੇ ਦੋ ਵਾਰ ਫੋਨ 'ਤੇ ਵੀ ਉਸ ਨਾਲ ਗੱਲਬਾਤ ਕੀਤੀ ਸੀ। ਕਿੰਨੀ ਅਜੀਬ ਗੱਲ ਹੈ ਕਿ ਪੁਲਸ ਟਰੇਨਿੰਗ ਦੇ ਬਾਵਜੂਦ ਗਰਗ ਨੂੰ ਇਸ ਆਸ਼ਰਮ ਦੇ ਮਤ ਵਿੱਚ ਕੋਈ ਗੱਲ ਸ਼ੱਕੀ ਨਹੀਂ ਲੱਗੀ। ਉਸ ਦੀ ਧੀ ਦਾ ਵੀ ਅਜੇ ਤੱਕ ਕੋਈ ਥਹੁ-ਪਤਾ ਨਹੀਂ। ਪੁਲਸ ਇਸ ਸੰਬੰਧੀ ਕੇਸ ਦਰਜ ਕਰ ਚੁੱਕੀ ਹੈ।

ਦੀਕਸ਼ਿਤ ਦੀ ਕਾਰਜ ਸ਼ੈਲੀ ਸਰਲ ਜਿਹੀ ਹੈ, ਫਿਰ ਵੀ ਲੋਕ ਉਸ ਜਾਲ ਵਿੱਚ ਫਸਦੇ ਗਏ। ਪੈਰੋਕਾਰਾਂ ਨੂੰ ਦੱਸਿਆ ਜਾਂਦਾ ਸੀ ਕਿ ਵੀਰੇਂਦਰ ਦੇਵ ਦੀਕਸ਼ਿਤ, ਭਾਵ ਬਾਬਾ ਜੀ 'ਭਗਵਾਨ' ਹਨ। ਇਸ ਦੇ ਨਾਲ ਉਨ੍ਹਾਂ ਨੂੰ ਇਹ ਦੱਸਿਆ ਜਾਂਦਾ ਸੀ ਕਿ 2020 ਵਿੱਚ ਦੁਨੀਆ ਮੁੱਕ ਜਾਵੇਗੀ ਤੇ ਜੇ ਉਹ ਜ਼ਿੰਦਾ ਰਹਿਣਾ ਚਾਹੁੰਦੇ ਹਨ ਤਿਾਂ ਉਨ੍ਹਾਂ ਨੂੰ ਦਾਨ-ਦੱਖਣਾ ਦੇ ਰੂਪ ਵਿੱਚ ਕੁਝ ਕੁਰਬਾਨੀ ਦੇਣੀ ਪਵੇਗੀ।

ਯੂ ਪੀ ਦੇ ਬਾਂਦਾ ਸ਼ਹਿਰ ਦੀ ਰਹਿਣ ਵਾਲੀ ਸਵਿਤਾ ਨੇ ਦੋਸ਼ ਲਾਇਆ ਕਿ ਜਦੋਂ ਉਹ ਆਸ਼ਰਮ ਵਿੱਚ ਇੱਕ ਸੇਵਿਕਾ ਸੀ ਤਾਂ ਦੀਕਸ਼ਿਤ ਨੇ ਉਸ ਨਾਲ ਬਲਾਤਕਾਰ ਕੀਤਾ ਸੀ। ਸਵਿਤਾ ਨੇ ਆਪਣੀ 10 ਵਿੱਘੇ ਜ਼ਮੀਨ ਵੇਚ ਕੇ ਬਾਬੇ ਨੂੰ 10 ਲੱਖ ਰੁਪਏ ਦੱਖਣਾ ਦੇ ਰੂਪ ਵਿੱਚ ਦਿੱਤੇ ਸਨ। ਇਹ ਹੀ ਨਹੀਂ, ਉਸ ਨੇ ਆਪਣੀ ਧੀ 2007 ਵਿੱਚ ਬਾਬੇ ਦੇ ਆਸ਼ਰਮ ਵਿੱਚ ਭੇਜ ਦਿੱਤੀ ਸੀ। ਸਾਲ 2015 ਵਿੱਚ ਸਵਿਤਾ ਇਹ ਬਹਾਨਾ ਬਣਾ ਕੇ ਆਪਣੀ ਧੀ ਸਮੇਤ ਆਸ਼ਰਮ 'ਚੋਂ ਭੱਜਣ ਵਿੱਚ ਸਫਲ ਹੋ ਗਈ ਕਿ ਉਹ ਕੁਝ ਨਵੇਂ ਪੈਰੋਕਾਰਾਂ ਨੂੰ ਲਿਆਉਣਾ ਚਾਹੁੰਦੀਆਂ ਹਨ। ਪੂਰੀ ਤਰ੍ਹਾਂ ਮੋਹ-ਭੰਗ ਹੋਣ ਤੋਂ ਬਾਅਦ ਸਵਿਤਾ ਨੇ ਆਪਣੀ ਪੀੜਾ ਇਨ੍ਹਾਂ ਸ਼ਬਦਾਂ ਵਿੱਚ ਬਿਆਨ ਕੀਤੀ, ''ਅਸੀਂ ਲੱਭ ਰਹੇ ਸੀ ਭਗਵਾਨ ਤੇ ਉਹ ਨਿਕਲਿਆ ਸ਼ੈਤਾਨ।''

ਅਧਿਆਤਮਿਕ ਸਿਖਿਆ ਦੇਣ ਦੇ ਬਹਾਨੇ ਦੀਕਸ਼ਿਤ ਕੁੜੀਆਂ ਨੂੰ ਆਪਣੇ ਜਾਲ ਵਿੱਚ ਫਸਾਉਂਦਾ ਸੀ। ਉਨ੍ਹਾਂ ਚੋਂ ਕੁਝ ਦੀ ਉਮਰ 14 ਕੁ ਸਾਲ ਹੁੰਦੀ ਸੀ। ਸਭ ਤੋਂ ਪਹਿਲਾਂ ਉਹ ਕੁੜੀਆਂ ਨੂੰ ਆਪਣੇ ਗ੍ਰਹਿ ਸੂਬੇ ਤੋਂ ਦੂਰ ਕਿਸੇ ਹੋਰ ਸੂਬੇ ਵਿੱਚ ਭੇਜ ਦਿੰਦਾ ਸੀ ਤਾਂ ਕਿ ਉਨ੍ਹਾਂ ਦੇ ਆਪਣੇ ਪਰਵਾਰਾਂ ਨਾਲ ਸੰਬੰਧ ਸੀਮਿਤ ਹੋ ਜਾਣ। ਦਿੱਲੀ ਦੇ ਜਿਸ ਆਸ਼ਰਮ ਵਿੱਚ ਛਾਪਾ ਮਾਰਿਆ ਗਿਆ, ਉਥੇ ਪਿੰਜਰੇ ਵਰਗੇ ਛੋਟੇ-ਛੋਟੇ ਕਈ ਕਮਰੇ ਸਨ, ਜਿਨ੍ਹਾਂ ਵਿੱਚ ਸੀ ਸੀ ਟੀ ਵੀ ਕੈਮਰੇ ਲੱਗੇ ਹੋਏ ਸਨ। ਉਥੇ ਬਾਹਰਲੇ ਲੋਕਾਂ ਦਾ ਹੀ ਨਹੀਂ, ਸਗੋਂ ਆਸ਼ਰਮ ਵਿੱਚ ਰਹਿੰਦੇ ਸ਼ਰਧਾਲੂਆਂ ਦਾ ਜਾਣਾ ਵੀ ਮਨ੍ਹਾ ਸੀ। ਮਾਪੇ ਆਪਣੀਆਂ ਧੀਆਂ ਨੂੰ ਸਿਰਫ ਇੱਕ ਵੱਡੇ ਜਿਹੇ ਹਾਲ ਵਿੱਚ ਹੋਰਨਾਂ ਕਈ ਲੋਕਾਂ ਦੀ ਮੌਜੂਦਗੀ ਵਿੱਚ ਮਿਲ ਸਕਦੇ ਸਨ ਤੇ ਉਹ ਵੀ ਕੁਝ ਘੰਟੇ ਉਡੀਕ ਤੋਂ ਬਾਅਦ। ਇੱਕ ਪਰਵਾਰ, ਜੋ ਆਪਣੀ ਧੀ ਨੂੰ ਅਕਸਰ ਮਿਲਣਾ ਚਾਹੁੰਦਾ ਸੀ, ਤੇਲੰਗਾਨਾ ਤੋਂ ਦਿੱਲੀ ਆ ਕੇ ਵਸਿਆ ਸੀ, ਪਰ ਦੋ ਸਾਲਾਂ ਵਿੱਚ ਸਿਰਫ ਦੋ-ਤਿੰਨ ਵਾਰ ਹੀ ਧੀ ਮਿਲ ਸਕਿਆ। ਪਰਵਾਰ ਦਾ ਕਹਿਣਾ ਸੀ ਕਿ ਜੁਲਾਈ 2015 ਵਿੱਚ ਉਨ੍ਹਾਂ ਦੀ ਧੀ ਅਮਰੀਕਾ ਤੋਂ ਰਹੱਸਮਈ ਢੰਗ ਨਾਲ ਗਾਇਬ ਹੋ ਗਈ ਸੀ, ਜਿੱਥੇ ਉਹ ਇੱਕ ਖੋਜਕਾਰ ਵਜੋਂ ਕੰਮ ਕਰ ਰਹੀ ਸੀ।

ਆਸ਼ਰਮ ਦੀਆਂ ਕਰਤੂਤਾਂ ਉੱਤੋਂ ਪਰਦਾ ਉਦੋਂ ਉਠਿਆ, ਜਦੋਂ ਰਾਜਸਥਾਨ ਦੇ ਝੁਨਝੁਨੂ ਜ਼ਿਲ੍ਹੇ ਦਾ ਇੱਕ ਪਰਵਾਰ ਇਸ ਗੱਲ 'ਤੇ ਅੜ ਗਿਆ ਕਿ ਉਹ ਆਪਣੀ ਧੀ ਨੂੰ ਮਿਲੇ ਬਿਨਾਂ ਨਹੀਂ ਜਾਵੇਗਾ। ਫਾਊਂਡੇਸ਼ਨ ਫਾਰ ਸੋਸ਼ਲ ਐਂਪਾਵਰਮੈਂਟ ਦੀ ਸਹਾਇਤਾ ਨਾਲ ਉਨ੍ਹਾਂ ਨੇ ਪੀ ਸੀ ਆਰ ਨੂੰ ਫੋਨ ਕੀਤਾ ਤੇ ਬਾਅਦ ਵਿੱਚ ਨੌਂ ਦਸੰਬਰ ਨੂੰ ਪੁਲਸ ਨੇ ਉਥੇ ਛਾਪਾ ਮਾਰਿਆ ਤਾਂ ਪਤਾ ਲੱਗਾ ਕਿ ਰੋਹਿਣੀ ਵਾਲੇ ਆਸ਼ਰਮ ਵਿੱਚ 50 ਔਰਤਾਂ ਨੂੰ ਬੰਦ ਕਰ ਕੇ ਰੱਖਿਆ ਗਿਆ ਸੀ।

ਵੱਡੀ ਉਮਰ ਦੀਆਂ ਔਰਤਾਂ ਅਤੇ ਮਰਦਾਂ ਦੀ ਸੇਵਾਦਾਰ ਵਜੋਂ ਡਿਊਟੀ ਲਾਈ ਜਾਂਦੀ ਸੀ ਤੇ ਉਹ ਬਾਹਰਲੀ ਰੱਖਿਆ ਕਤਾਰ ਦਾ ਕੰਮ ਕਰਦੇ ਸਨ। ਬੰਦ ਦਰਵਾਜ਼ਿਆਂ ਪਿੱਛੇ ਜੋ 'ਭੈਣਾਂ' ਅਤੇ 'ਮਾਵਾਂ' ਕੈਦੀਆਂ ਵਰਗਾ ਜੀਵਨ ਬਿਤਾਉਂਦੀਆਂ ਸਨ, ਉਨ੍ਹਾਂ ਤੱਕ ਇਨ੍ਹਾਂ ਸੇਵਾਦਾਰਾਂ ਦੀ ਕੋਈ ਪਹੁੰਚ ਨਹੀਂ ਸੀ। ਸਵਿਤਾ ਦੀ ਧੀ ਇਨ੍ਹਾਂ 'ਭੈਣਾਂ', ਵਿੱਚੋਂ ਇੱਕ ਸੀ, ਜਿਸ ਨੇ ਖੁਲਾਸਾ ਕੀਤਾ ਹੈ ਕਿ ਕੁੜੀਆਂ ਨੂੰ ਸਵੇਰੇ ਦੋ-ਢਾਈ ਵਜੇ ਜਗਾ ਕੇ ਟੀ ਵੀ ਸੈੱਟਾਂ ਉਤੇ ਦੀਕਸ਼ਿਤ ਦੇ ਪ੍ਰਵਚਨ ਸੁਣਨ ਲਈ ਕਿਹਾ ਜਾਂਦਾ ਸੀ। ਫਿਰ ਉਨ੍ਹਾਂ ਨੂੰ ਕਿਹਾ ਜਾਂਦਾ ਸੀ ਕਿ ਉਹ ਦੀਕਸ਼ਿਤ ਦੀ ਫੋਟੋ ਉਤੇ 'ਧਿਆਨ' ਇਕਾਗਰ ਕਰਨ ਤੇ ਇਸੇ ਅਵਸਥਾ ਵਿੱਚ ਕੁਝ ਘੰਟੇ ਬੈਠੀਆਂ ਰਹਿਣ। ਸਵੇਰੇ ਚਾਰ ਵਜੇ ਉਹ ਨਹਾ ਕੇ ਤਿਆਰ ਹੋ ਜਾਂਦੀਆਂ ਅਤੇ ਆਪਣਾ ਦਿਨ 'ਮੁਰਲੀ' (ਭਾਵ ਦੀਕਸ਼ਿਤ ਦੇ ਪ੍ਰਵਚਨ) ਸੁਣਦਿਆਂ ਬਿਤਾਉਂਦੀਆਂ। 'ਮੁਰਲੀ' ਸ਼ਬਦ ਬ੍ਰਹਮ ਕੁਮਾਰੀਆਂ ਤੋਂ ਉਧਾਰ ਲਿਆ ਗਿਆ ਹੈ, ਜਿਨ੍ਹਾਂ ਦਾ ਮੰਨਣਾ ਹੈ ਕਿ ਭਗਵਾਨ ਸ਼ਿਵ ਨੇ ਬ੍ਰਹਮ ਕੁਮਾਰੀ ਮਤ ਦੇ ਬਾਨੀ ਲੇਖਰਾਜ ਕ੍ਰਿਪਲਾਨੀ ਨੂੰ ਗਿਆਨ ਦਾ ਉਪਦੇਸ਼ ਦਿੱਤਾ ਸੀ ਤੇ ਦੀਕਸ਼ਿਤ ਨੇ ਇਸ ਗਿਆਨ ਨਾਲ ਇਹ ਧਮਕੀ ਜੋੜ ਦਿੱਤੀ ਕਿ ਜੋ ਕੁੜੀਆਂ ਤੇ ਔਰਤਾਂ ਆਸ਼ਰਮ ਛੱਡ ਕੇ ਜਾਣਗੀਆਂ, ਉਨ੍ਹਾਂ ਦੇ ਮਾਪਿਆਂ ਨੂੰ ਸਰਾਪ ਲੱਗੇਗਾ।

ਦੀਕਸ਼ਿਤ ਆਸ਼ਰਮ 'ਚ ਆਉਂਦਾ ਤਾਂ ਰਾਤ ਨੂੰ ਦਿੱਤੇ ਜਾਣ ਵਾਲੇ 'ਗੁਪਤ ਪ੍ਰਸ਼ਾਦ' ਲਈ ਉਹ 8-10 ਕੁੜੀਆਂ ਦੀ ਚੋਣ ਕਰਦਾ ਸੀ। ਸਬ ਇੰਸਪੈਕਟਰ ਗਰਗ ਅਤੇ ਸਵਿਤਾ ਨੇ ਦੱਸਿਆ ਕਿ ''ਗੁਪਤ ਪ੍ਰਸ਼ਾਦ ਤਾਂ ਵਿਭਚਾਰ ਲਈ ਇੱਕ ਕੋਡ ਵਰਡ ਸੀ। ਗੁਪਤ ਪ੍ਰਸ਼ਾਦ ਹਾਸਲ ਕਰਨ ਵਾਲੀਆਂ ਕੁੜੀਆਂ ਨੂੰ 'ਰਾਣੀਆਂ' ਕਿਹਾ ਜਾਂਦਾ ਤੇ ਦੀਕਸ਼ਿਤ ਖੁਦ ਨੂੰ 'ਕ੍ਰਿਸ਼ਨ' ਦੱਸਦਾ ਸੀ।'' ਆਸ਼ਰਮ ਵਿੱਚ ਰਹਿਣ ਵਾਲੀਆਂ ਔਰਤਾਂ ਨੇ ਦੱਸਿਆ ਕਿ ਕ੍ਰਿਸ਼ਨ ਵਾਂਗ ਉਹ ਵੀ 16108 ਰਾਣੀਆਂ ਧਾਰਨ ਕਰੇਗਾ। ਸਵਿਤਾ ਨੇ ਇਹ ਵੀ ਖੁਲਾਸਾ ਕੀਤਾ ਕਿ ਆਸ਼ਰਮ ਵਿੱਚ ਕੁੜੀਆਂ ਤੇ ਔਰਤਾਂ ਦੀ ਮਾਹਵਾਰੀ ਦਾ ਰਿਕਾਰਡ ਰੱਖਣ ਲਈ ਬਕਾਇਦਾ ਰਜਿਸਟਰ ਲੱਗਾ ਹੋਇਆ ਸੀ। ਆਸ਼ਰਮ ਵਿੱਚ ਛਾਪੇਮਾਰੀ ਦੌਰਾਨ ਮਿਲੇ ਦਸਤਾਵੇਜ਼ਾਂ 'ਚੋਂ ਅਜਿਹੇ ਪੇਪਰ ਵੀ ਮਿਲੇ ਹਨ, ਜਿਨ੍ਹਾਂ 'ਤੇ ਆਸ਼ਰਮ 'ਚ ਰਹਿਣ ਵਾਲੀਆਂ ਕੁੜੀਆਂ ਨੇ ਆਪਣੇ ਰਿਸ਼ਤੇਦਾਰਾਂ ਵਿਰੁੱਧ ਉਨ੍ਹਾਂ ਦਾ ਬੁਰਾ ਸਲੂਕ ਕਰਨ ਅਤੇ ਕੁਝ ਮਾਮਲਿਆਂ ਵਿੱਚ ਯੌਨ ਸ਼ੋਸ਼ਣ ਤੱਕ ਦੇ ਦੋਸ਼ ਲਾਉਂਦਿਆਂ ਸ਼ਿਕਾਇਤਾਂ ਲਿਖ ਕੇ ਦਸਤਖਤ ਕੀਤੇ ਹੋਏ ਹਨ।

ਵਕੀਲ ਸ਼ਲਭ ਗੁਪਤਾ ਦਾ ਕਹਿਣਾ ਹੈ ਕਿ ''ਇਨ੍ਹਾਂ ਦਸਤਖਤਾਂ ਵਾਲੇ ਪੇਪਰਾਂ ਤੋਂ ਬਿਨਾ ਇੱਕ ਵਿਜ਼ਿਟਰ ਰਜਿਸਟਰ ਵੀ ਮਿਲਿਆ ਹੈ, ਜਿਸ 'ਤੇ ਸਿਰਫ ਮਰਦਾਂ ਦੇ ਹੀ ਨਾਂਅ ਲਿਖੇ ਹੋਏ ਹਨ, ਜਿਸ ਤੋਂ ਇਨ੍ਹਾਂ ਲੋਕਾਂ ਦੀ ਆਸ਼ਰਮ ਯਾਤਰਾ ਦੇ ਸਬੰਧ ਵਿੱਚ ਕਈ ਸ਼ੱਕ ਪੈਦਾ ਹੁੰਦੇ ਹਨ।'' ਅਜੇ ਤੱਕ ਗਾਇਬ ਚੱਲ ਰਹੇ ਦੀਕਸ਼ਿਤ ਨੇ ਜੋ ਕੁਝ ਕੀਤਾ ਹੈ, ਉਸ ਨੂੰ ਜਾਣ ਕੇ ਬੇਸ਼ੱਕ ਕਈ ਲੋਕਾਂ ਨੂੰ ਸਦਮਾ ਲੱਗੇਗਾ, ਪਰ ਭਗਵਾਨ ਦੇ ਅਵਤਾਰ ਬਣਨ ਦਾ ਇਹ ਸਿਲਸਿਲਾ ਕੋਈ ਨਵਾਂ ਨਹੀਂ। ਆਸਾ ਰਾਮ, ਗੁਰਮੀਤ ਰਾਮ ਰਹੀਮ ਅਤੇ ਰਾਮਪਾਲ ਸਾਰਿਆਂ ਨੂੰ ਵੱਡੀ ਗਿਣਤੀ ਵਿੱਚ ਪੈਰੋਕਾਰ ਮਿਲੇ। ਸਮਾਜ ਸ਼ਾਸਤਰੀ ਸ਼ਿਵ ਵਿਸ਼ਵਨਾਥ ਆਪੇ ਬਣੇ ਭਗਵਾਨ ਦੀ ਵਧਦੀ ਹਰਮਨ ਪਿਆਰਤਾ ਦੀ ਵਜ੍ਹਾ ਇਹ ਦੱਸਦੇ ਹਨ ਕਿ ਜ਼ਿੰਦਗੀ ਵਿੱਚ ਭਾਈਚਾਰੇ ਦੇ ਅਰਥ ਅਤੇ ਭਾਵਨਾਵਾਂ ਦੀ ਤਲਾਸ਼ ਲਗਾਤਾਰ ਜਾਰੀ ਹੈ। ਅਤੀਤ ਵਿੱਚ ਸਿਆਸੀ ਪਾਰਟੀਆਂ ਲੋਕਾਂ ਨੂੰ ਆਕਰਸ਼ਿਤ ਕਰਦੀਆਂ ਸਨ, ਹੁਣ ਫਿਰ ਧਰਮ ਇੱਕ ਕੇਂਦਰੀ ਖਿਚ ਬਣਦਾ ਜਾ ਰਿਹਾ ਹੈ। ਹੁਣ ਗੁਰੂ ਨੂੰ ਇੱਕ ਸਰਬ ਸ਼ਕਤੀਮਾਨ ਅਤੇ ਏਕਤਾ ਦੇ ਸੂਤਰ ਵਿੱਚ ਪਿਰਾਉਣ ਵਾਲੇ ਕਾਰਕ ਵਜੋਂ ਦੇਖਿਆ ਜਾਂਦਾ ਹੈ।

# ਇੱਕ ਨਿਰਾਸ਼ ਸੜਕ

-ਰਾਬਰਟ ਕਲੀਮੈਂਟਸ



''ਹਾ, ਹਾ, ਹਾ! ਕੋਈ ਮੈਨੂੰ ਗੁਦਗੁਦਾ ਰਿਹਾ ਹੈ'' ਲੰਮੀ-ਪਤਲੀ ਸੜਕ ਨੇ ਠਹਾਕਾ ਲਾਇਆ।

ਮੈਂ ਕਿਹਾ, ''ਉਹ ਤੇਰੇ ਦੋਵੇਂ ਪਾਸੇ ਜਗ੍ਹਾ ਪੁੱਟ ਰਹੇ ਹਨ ਤਾਂ ਕਿ ਤੇਰੀ ਚੌੜਾਈ ਵਧਾਈ ਜਾ ਸਕੇ।''

ਸੜਕ ਨੇ ਨਿਰਾਸ਼ਾ 'ਚ ਚੀਕਦੇ-ਚਿੱਲਾਉਂਦੇ ਕਿਹਾ, ''ਹੇ ਭਗਵਾਨ, ਇਹ ਲੋਕ ਕੀ ਕਰ ਰਹੇ ਹਨ? ਆਖਰ ਮੇਰੇ ਪਤਲੇ ਤਨ ਨਾਲ ਖਿਲਵਾੜ ਕਿਉਂ ਕਰ ਰਹੇ ਹਨ, ਜਦ ਕਿ ਮੈਂ ਖੁਦ ਇਸੇ ਰੂਪ 'ਚ ਨਜ਼ਰ ਆਉਣਾ ਪਸੰਦ ਕਰਦੀ ਹਾਂ।''

ਮੈਂ ਕਿਹਾ, ''ਹੋ ਸਕਦਾ ਹੈ ਤੇਰੀ ਗੱਲ ਠੀਕ ਹੋਵੇ, ਪਰ ਅਧਿਕਾਰੀਆਂ ਨੂੰ ਚੌੜੀ ਸੜਕ ਚਾਹੀਦੀ ਹੈ। ਦਿਸਦਾ ਨਹੀਂ, ਟਰੈਫਿਕ ਕਿੰਨੀ ਵਧ ਗਈ ਹੈ ਅਤੇ ਲੋਕ ਆਪਣੇ ਟਿਕਾਣਿਆਂ ਤੱਕ ਜ਼ਿਆਦਾ ਤੇਜ਼ੀ ਨਾਲ ਪਹੁੰਚਣਾ ਚਾਹੁੰਦੇ ਹਨ।''

ਇੰਨੇ ਨੂੰ ਇੱਕ ਬੁਲਡੋਜ਼ਰ ਨੇ ਬੜੀ ਸਾਵਧਾਨੀ ਨਾਲ ਸੜਕ ਦੇ ਕਿਨਾਰਿਆਂ ਨੂੰ ਛਿੱਲਣਾ ਸ਼ੁਰੂ ਕਰ ਦਿੱਤਾ, ਤਾਂ ਪੀੜ ਨਾਲ ਤੜਫਦਿਆਂ ਸੜਕ ਨੇ ਕਿਹਾ, ''ਮੈਨੂੰ ਚੌੜੀ ਕਰਨ 'ਤੇ ਇਹ ਲੋਕ ਆਪਣਾ ਸਮਾਂ ਬਰਬਾਦ ਕਰ ਰਹੇ ਹਨ। ਮੈਂ ਚਾਹੇ ਤੰਗ ਹੋਵਾਂ ਜਾਂ ਚੌੜੀ, ਮੈਨੂੰ ਇਸਤੇਮਾਲ ਕਰਨ ਵਾਲੇ ਲੋਕਾਂ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਮੈਨੂੰ ਚੌੜੀ ਕਰਨ ਦੀ ਬਜਾਏ ਇਹ ਲੋਕ ਆਪਣਾ ਪੈਸਾ ਮੰਤਰੀਆਂ ਦੀਆਂ ਤਨਖਾਹਾਂ ਵਧਾਉਣ ਜਾਂ ਪੁਲਾੜ 'ਚ ਉਪ ਗ੍ਰਹਿ ਭੇਜਣ ਜਾਂ ਵਿਧਾਨ ਸਭਾਵਾਂ 'ਚ ਜ਼ਿਆਦਾ ਚੀਕਣ-ਚਿੱਲਾਉਣ ਵਾਲੀਆਂ ਔਰਤਾਂ ਦੀ ਗਿਣਤੀ ਵਧਾਉਣ 'ਤੇ ਵੀ ਖਰਚ ਕਰ ਸਕਦੇ ਹਨ।''

ਮੈਂ ਕਿਹਾ, ''ਸ਼ਰਾਰਤਾਂ ਕਰਨ ਤੇ ਤਾਅਨੇ ਮਾਰਨ ਦਾ ਤੈਨੂੰ ਇਹੋ ਮੌਕਾ ਸੁੱਝਿਆ ਹੈ? ਤੇਰੀ ਜਗ੍ਹਾ ਕੋਈ ਹੋਰ ਸੜਕ ਹੁੰਦੀ ਤਾਂ ਇਸ ਗੱਲ ਨਾਲ ਖੁਸ਼ ਹੁੰਦੀ ਕਿ ਚੌੜਾਉਣ ਵਧਾਉਣ ਲਈ ਉਸ ਨੂੰ ਚੁਣਿਆ ਗਿਆ ਹੈ। ਤੂੰ ਇਹ ਕਿਉਂ ਕਹਿੰਦੀ ਹੈਂ ਕਿ ਤੇਰੀ ਚੌੜਾਈ ਵਧਾਉਣਾ ਸਿਰਫ ਧਨ ਦੀ ਬਰਬਾਦੀ ਕਰਨਾ ਹੋਵੇਗਾ? ਕੀ ਇਸ ਪਿੱਛੇ ਤੇਰੇ ਹਉਮੈ ਤੋਂ ਇਲਾਵਾ ਕੋਈ ਹੋਰ ਵਜ੍ਹਾ ਵੀ ਹੈ?''

ਸੜਕ ਨੇ ਕਿਹਾ, ''ਜ਼ਰਾ ਮੇਰੇ ਨਾਲ-ਨਾਲ ਚੱਲ ਕੇ ਦੇਖੋ, ਮੈਂ ਤੁਹਾਨੂੰ ਦੱਸਦੀ ਹਾਂ। ਮੇਰੇ ਐਨ ਵਿਚਕਾਰ ਜੋ ਰੋਸ਼ਨੀ ਸਾਡੇ ਵੱਲ ਆਉਂਦੀ ਦਿਖਾਈ ਦੇ ਰਹੀ ਹੈ, ਉਸ ਬਾਰੇ ਤੁਹਾਡਾ ਕੀ ਕਹਿਣਾ ਹੈ?''

''ਕਹਿਣਾ ਕੀ ਹੈ? ਇੱਕ ਆਟੋ ਰਿਕਸ਼ਾ ਆ ਰਿਹਾ ਹੈ।''

ਸੜਕ ਨੇ ਪੁੱਛਿਆ, ''ਕੀ ਤੁਸੀਂ ਦੇਖ ਸਕਦੇ ਹੋ ਕਿ ਉਹ ਕੀ ਕਰ ਰਿਹਾ ਹੈ?''

''ਕੀ ਤੂੰ ਦੇਖ ਸਕਦੀ ਹੈਂ ਕਿ ਉਹ ਕਿਸੇ ਵੀ ਹੋਰ ਗੱਡੀ ਨੂੰ ਅੱਗੇ ਨਿਕਲਣ ਤੋਂ ਰੋਕ ਰਿਹਾ ਹੈ? ਕੀ ਤੈਨੂੰ ਉਹ ਢੇਰ ਸਾਰੀਆਂ ਗੱਡੀਆਂ ਦਿਖਾਈ ਨਹੀਂ ਦਿੰਦੀਆਂ, ਜੋ ਖੱਬਿਓਂ ਸੱਜਿਓਂ ਅੱਗੇ ਲੰਘਣਾ ਚਾਹੁੰਦੀਆਂ ਹਨ? ਕੀ ਤੈਨੂੰ ਉਨ੍ਹਾਂ ਦੇ ਹਾਰਨਾਂ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ?''

ਸੜਕ ਨੇ ਕਿਹਾ, ''ਮੈਂ ਚਾਹੇ 10 ਫੁੱਟ ਚੌੜੀ ਹੋਵਾਂ ਜਾਂ 100 ਫੁੱਟ, ਇਹ ਆਟੋ ਵਾਲਾ ਐਨ ਵਿਚਕਾਰ ਹੀ ਚੱਲੇਗਾ। ਉਹ ਸਮਝਦਾ ਹੈ ਕਿ ਸੜਕ ਦਾ ਵਿਚਕਾਰਲਾ ਹਿੱਸਾ ਉਸ ਦੇ ਪਿਓ-ਦਾਦੇ ਦੀ ਜਾਗੀਰ ਹੈ। ਇਸ ਤੋਂ ਵੀ ਵੱਧ ਕੇ ਉਹ ਇਹ ਸੋਚਦਾ ਹੈ ਕਿ ਕੋਈ ਵੀ ਉਸ ਤੋਂ ਅੱਗੇ ਨਹੀਂ ਨਿਕਲਣਾ ਚਾਹੀਦਾ। ਮੇਰੇ ਕਹਿਣ ਦਾ ਭਾਵ ਸਮਝ ਗਏ?''

ਮੈਂ ਕਿਹਾ, ''ਠੀਕ ਹੈ, ਇਸ ਮਾਮਲੇ 'ਚ ਤੇਰੀ ਦਲੀਲ ਵਿੱਚ ਵਜ਼ਨ ਹੈ।''

''ਜ਼ਰਾ ਬਚ ਕੇ'' ਜਦੋਂ ਇੱਕ ਬਸ ਬਿਲਕੁਲ ਮੇਰੇ ਨੇੜੇ ਆ ਕੇ ਰੁਕੀ, ਸੜਕ ਨੇ ਚਿੱਲਾਉਂਦਿਆਂ ਮੈਨੂੰ ਚੌਕਸ ਕੀਤਾ।

ਮੈਂ ਕਿਹਾ, ''ਉਹ ਮੈਨੂੰ ਕੁਚਲਣ ਨਹੀਂ ਲੱਗੀ ਸੀ।''

ਸੜਕ ਨੇ ਅਕਲਮੰਦੀ ਵਾਲਾ ਜਵਾਬ ਦਿੱਤਾ, ''ਤੁਹਾਡੀ ਗੱਲ ਠੀਕ ਹੈ। ਤੁਸੀਂ ਬਸ ਸਟੈਂਡ 'ਤੇ ਖੜ੍ਹੇ ਹੋ, ਪਰ ਇਹ ਰਾਖਸ਼-ਨੁਮਾ ਡਬਲ ਡੈਕਰ ਬਸ ਐਨ ਸੜਕ ਦੇ ਵਿਚਕਾਰ ਆ ਕੇ ਰੁਕੀ ਹੈ। ਕੀ ਤੁਸੀਂ ਲੋਕਾਂ ਨੂੰ ਇਸ ਵਿੱਚ ਚੜ੍ਹਨ ਜਾਂ ਉਤਰਨ ਲਈ ਛਾਲਾਂ ਮਾਰਦੇ ਦੇਖ ਰਹੇ ਹੋ? ਦੇਖੋ, ਉਨ੍ਹਾਂ ਨੇ ਕਿਵੇਂ ਟਰੈਫਿਕ ਰੋਕੀ ਹੋਈ ਹੈ? ਜ਼ਰਾ ਇਹ ਕਲਪਨਾ ਕਰੋ ਕਿ ਜੇ ਮੈਂ ਜ਼ਿਆਦਾ ਚੌੜੀ ਹੁੰਦੀ ਤਾਂ ਇਨ੍ਹਾਂ ਲੋਕਾਂ ਨੇ ਕਿੰਨੀ ਜ਼ਿਆਦਾ ਟਰੈਫਿਕ ਰੋਕੀ ਹੁੰਦੀ?''

ਮੈਂ ਡਬਲ ਡੈਕਰ ਬਸ ਨੂੰ ਹੈਰਾਨ ਨਜ਼ਰਾਂ ਨਾਲ ਦੇਖਦਿਆਂ ਕਿਹਾ, ''ਅਜਿਹਾ ਲੱਗਦਾ ਹੈ, ਜਿਵੇਂ ਤੂੰ ਸਵਾਲ-ਜਵਾਬ ਕਰਨ ਦੀ ਚੰਗੀ ਤਿਆਰ ਕੀਤੀ ਹੋਈ ਹੈ।''

ਸੜਕ ਨੇ ਉੱਚੀ-ਉੱਚੀ ਸਿਸਕੀਆਂ ਭਰਦਿਆਂ ਕਿਹਾ, ''ਮੇਰੀ ਚੌੜਾਈ ਵਧਾਉਣ ਦੀ ਤੁਹਾਨੂੰ ਕੋਈ ਲੋੜ ਨਹੀਂ। ਪਤਾ ਨਹੀਂ ਮੇਰੇ, 'ਤੇ ਚੱਲਣ ਦਾ ਤਰੀਕਾ ਸਿੱਖਣ ਤੋਂ ਪਹਿਲਾਂ ਤੁਸੀਂ ਮੈਨੂੰ ਚੌੜੀ ਕਰਨ 'ਤੇ ਪੈਸਾ ਬਰਬਾਦ ਕਿਉਂ ਕਰਨਾ ਚਾਹੁੰਦੇ ਹੋ?''

ਪ੍ਰੇਸ਼ਾਨ ਹੋ ਕੇ ਮੈਂ ਵੀ ਆਪਣੇ ਰਾਹ ਚੱਲ ਪਿਆ, ਪਰ ਅਨੁਸ਼ਾਸਨਹੀਣ ਲੋਕਾਂ ਦੇ ਰਵੱਈਏ ਤੋਂ ਨਿਰਾਸ਼ ਸੜਕ ਦੀਆਂ ਸਿਸਕੀਆਂ ਮੇਰੇ ਕੰਨਾਂ ਵਿੱਚ ਗੂੰਜਦੀਆਂ ਰਹੀਆਂ।

## ਬਿਊਟੀ ਟਿਪਸ

# ਚਿਹਰੇ 'ਤੇ ਨਾ ਰਹੇ ਪਿਗਮੈਂਟੇਸ਼ਨ



ਜੇ ਤੁਸੀਂ ਆਪਣਾ ਚਿਹਰਾ ਸ਼ੀਸ਼ੇ ਦੇ ਸਾਹਮਣੇ ਜਾ ਕੇ ਦੇਖੋ ਤਾਂ ਤੁਸੀਂ ਦੇਖੋਗੇ ਕਿ ਤੁਹਾਡੇ ਚਿਹਰੇ 'ਤੇ ਕਿਤੇ ਨਾ ਕਿਤੇ ਪਿਗਮੈਂਟੇਸ਼ਨ ਹੋਵੇਗੀ। ਸਾਫ ਅਤੇ ਗੋਰੀ ਚਮੜੀ 'ਤੇ ਕਾਲੇ ਰੰਗੇ ਦੇ ਛੋਟੇ-ਛੋਟੇ ਧੱਬੇ ਦਿਖਣ ਨਾਲ ਬੜੇ ਖਰਾਬ ਲੱਗਦੇ ਹਨ। ਇਸ ਲਈ ਤੁਸੀਂ ਘਰ ਵਿੱਚ ਅਜਿਹਾ ਮਾਸਕ ਬਣਾ ਸਕੇ ਹੋ, ਜਿਸ ਨਾਲ ਚਿਹਰੇ ਦੀ ਪਿਗਮੈਂਟੇਸ਼ਨ ਤੋਂ ਛੁਟਕਾਰਾ ਹਾਸਲ ਕੀਤਾ ਜਾ ਸਕਦਾ ਹੈ, ਪਰ ਪਹਿਲਾਂ ਤੁਹਾਨੂੰ ਧਿਆਨ ਰੱਖਣਾ ਹੋਵੇਗਾ ਕਿ ਤੁਸੀਂ ਧੁੱਪ 'ਚ ਨਿਕਲਣ ਤੋਂ ਪਹਿਲਾਂ ਚਿਹਰਾ ਢੱਕ ਕੇ ਨਿਕਲੋ ਜਾਂ ਉਸ 'ਤੇ ਸਨਸਕ੍ਰੀਨ ਲਗਾਓ।

**ਹਲਦੀ ਅਤੇ ਨਿੰਬ ਦਾ ਮਾਸਕ**

ਇੱਕ ਚਮਚ ਨਿੰਬੂ ਦੇ ਰਸ ਵਿੱਚ ਚੁਟਕੀ ਭਰ ਹਲਦੀ ਮਿਲਾਓ ਅਤੇ ਗਰਦਨ ਤੇ ਚਿਹਰੇ 'ਤੇ ਲਗਾਓ। ਫਿਰ ਇਸ ਨੂੰ 15-20 ਮਿੰਟ ਤੱਕ ਚਿਹਰੇ 'ਤੇ ਲੱਗਾ ਰਹਿਣ ਦਿਓ। ਜਦੋਂ ਹਲਕਾ ਜਿਹਾ ਸੁੱਕ ਜਾਵੇ ਤਾਂ ਇਸ ਨੂੰ ਧੋ ਲਓ। ਇਸ ਨੂੰ ਹਰ ਦੂਸਰੇ ਦਿਨ ਕਰੋ।

**ਨਿੰਬੂ, ਗੁਲਾਬ ਜਲ ਅਤੇ ਸੰਤਰੇ ਦਾ ਮਾਸਕ**

ਇੱਕ ਕਟੋਰੀ ਵਿੱਚ ਇੱਕ ਚਮਚ ਸੰਤਰੇ ਦਾ ਰਸ, ਗੁਲਾਬ ਜਲ ਅਤੇ ਕੁਝ ਬੂੰਦਾਂ ਨਿੰਬੂ ਦੇ ਰਸ ਦੀਆਂ ਮਿਲਾਓ। ਫਿਰ ਉਸ ਵਿੱਚ ਕਾਟਨ ਡੁਬੋ ਲਓ ਅਤੇ ਇਸ ਨੂੰ ਚਿਹਰੇ ਅਤੇ ਗਰਦਨ 'ਤੇ ਲਗਾਓ। ਜਦੋਂ ਇਹ ਸੁੱਕ ਜਾਵੇ ਤਾਂ ਕੋਸੇ ਪਾਣੇ ਨਾਲ ਧੋ ਲਓ। ਉਸ ਤੋਂ ਬਾਅਦ ਪੋਰਸ ਬੰਦ ਕਰਨ ਲਈ ਠੰਢੇ ਪਾਣੀ ਨਾਲ ਚਿਹਰਾ ਧੋਵੋ।

**ਦੁੱਧ ਕਰੀਮ ਅਤੇ ਵੇਸਣ**

ਦੁੱਧ ਦੀ ਕਰੀਮ ਵਿੱਚ ਲੈਕਟਿਕ ਐਸਿਡ ਹੁੰਦਾ ਹੈ, ਜੋ ਚਮੜੀ ਨੂੰ ਅੰਦਰੋਂ ਹਾਈਡ੍ਰੇਟ ਕਰਦਾ ਹੈ ਅਤੇ ਪੋਸ਼ਣ ਵੀ ਦਿੰਦਾ ਹੈ। ਇਸ ਨੂੰ ਲਗਾਉਣ ਨਾਲ ਤੁਹਾਡੀ ਡੈੱਡ ਸਕਿਨ ਹਟੇਗੀ ਅਤੇ ਸਾਫ ਸਕਿੱਨ ਸਾਹਮਣੇ ਆਵੇਗੀ। ਇਸ ਨੂੰ ਬਣਾਉਣ ਲਈ ਇੱਕ ਚਮਚ ਵੇਸਣ ਵਿੱਚ ਦੁੱਧ ਦੀ ਮਲਾਈ ਮਿਲਾ ਲਓ ਅਤੇ ਪੇਸਟ ਬਣਾਓ ਫਿਰ ਉਸ 'ਚ ਨਿੰਬੂ ਦਾ ਰਸ ਮਿਲਾਓ। ਆਪਣੇ ਚਿਹਰੇ ਨੂੰ ਸਾਫ ਕਰ ਕੇ ਉਸ 'ਤੇ ਪੇਸਟ ਲਗਾਓ। ਇਹ ਪੇਸਟ 15 ਤੋਂ 30 ਮਿੰਟ ਤੱਕ ਸੁੱਕਣ ਦਿਓ। ਇਸ ਨੂੰ ਧੋਣ ਲਈ ਚਿਹਰੇ 'ਤੇ ਹਲਕਾ ਜਿਹਾ ਪਾਣੀ ਲਗਾਓ ਅਤੇ ਹੌਲੀ ਹੌਲੀ ਚਿਹਰਾ ਧੋ ਲਵੋ।







# ਡਰ ਕੇ ਕੰਮ ਨਹੀਂ ਕਰ ਸਕਦੀ : ਕੰਗਨਾ ਰਣੌਤ

ਅੱਜ ਦੇ ਦੌਰ 'ਚ ਕੰਗਨਾ ਰਣੌਤ ਬਾਲੀਵੁੱਡ ਦੀਆਂ ਕਈ ਹੀਰੋਇਨਾਂ ਦੀ ਰੋਲ ਮਾਡਲ ਬਣ ਚੁੱਕੀ ਹੈ। ਫਿਲਮ ਨਗਰੀ ਦੇ ਵੱਡੇ-ਵੱਡੇ ਨਾਵਾਂ ਦੀ ਪੋਲ ਖੋਲ੍ਹ ਕੇ ਉਨ੍ਹਾਂ ਨਾਲ ਨਾਰਾਜ਼ਗੀ ਮੁੱਲ ਲੈਣ ਵਾਲੀ ਕੰਗਨਾ ਬੇਹੱਦ ਹਿੰਮਤ ਨਾਲ ਵਿਵਾਦਾਂ ਦਾ ਸਾਹਮਣਾ ਕਰਦੀ ਅਤੇ ਦੋਸ਼ਾਂ ਦੇ ਜਵਾਬ ਦਿੰਦੀ ਹੈ। ਗਾਡਫਾਦਰ ਨਾ ਹੋਣ ਦੇ ਬਾਵਜੂਦ ਆਪਣੇ ਅਭਿਨੈ ਦੇ ਦਮ 'ਤੇ ਫਿਲਮੀ ਦੁਨੀਆ 'ਚ ਆਪਣੀ ਮੰਜ਼ਿਲ ਪ੍ਰਾਪਤ ਕਰਨ ਵਾਲੀ ਕੰਗਨਾ ਅੱਜ ਇਸੇ ਵਜ੍ਹਾ ਨਾਲ ਬਾਲੀਵੁੱਡ ਦੀ 'ਕਵੀਨ' ਕਹੀ ਜਾਂਦੀ ਹੈ। ਤਦੇ ਉਸ ਦੇ ਕਰੀਅਰ 'ਚ 'ਗੈਂਗਸਟਰ', 'ਫੈਸ਼ਨ', 'ਵੋ ਲਮਹੇਂ', 'ਤਨੂ ਵੈਡਸ ਮਨੂ', 'ਕਵੀਨ', 'ਕ੍ਰਿਸ਼', 'ਰਿਵਾਲਵਰ ਰਾਣੀ', 'ਤਨੂ ਵੈਡਸ ਮਨੂ ਰਿਟਰਨਸ', 'ਰੰਗੂਨ', 'ਸਿਮਰਨ', 'ਮਣੀਕਰਣਿਕਾ' ਵਰਗੀਆਂ ਇੱਕ ਤੋਂ ਇੱਕ ਵੱਧ ਫਿਲਮਾਂ ਹਨ। ਫਿਲਹਾਲ ਕਈ ਫਿਲਮਾਂ 'ਚ ਬਿਜ਼ੀ ਕੰਗਨਾ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਜਦੋਂ ਫਿਲਮ ਪੂਰੀ ਤਰ੍ਹਾਂ ਤੁਹਾਡੇ ਮੋਢੇ 'ਤੇ ਹੁੰਦੀ ਹੈ ਤਾਂ ਤੁਸੀਂ ਕਿੰਨੀ ਜ਼ਿੰਮੇਵਾਰੀ ਮਹਿਸੂਸ ਕਰਦੇ ਹੋ?

– ਇਹ ਸੱਚ ਨਹੀਂ ਹੈ ਕਿ ਮੈਂ ਪੂਰੀ ਫਿਲਮ ਆਪਣੇ ਮੋਢਿਆਂ 'ਤੇ ਲੈ ਕੇ ਚੱਲਦੀ ਹਾਂ। ਕਿਸੇ ਵੀ ਫਿਲਮ ਦਾ ਨਿਰਮਾਣ ਟੀਮ ਵਰਕ ਹੁੰਦਾ ਹੈ, ਜਿਸ 'ਚ ਨਿਰਦੇਸ਼ਕ ਤੇ ਅਭਿਨੇਤਾ ਤੋਂ ਸਪਾਟ ਬੁਆਏ ਤੱਕ ਸਾਰਿਆਂ ਦਾ ਫਿਲਮ 'ਚ ਯੋਗਦਾਨ ਹੁੰਦਾ ਹੈ, ਪਰ ਫਿਲਮ ਦੀ ਮੁੱਖ ਕਿਰਦਾਰ ਮੈਂ ਹੁੰਦੀ ਹਾਂ, ਇਸ ਲਈ ਮੇਰੇ 'ਤੇ ਜ਼ਿੰਮੇਵਾਰੀ ਵੱਧ ਹੁੰਦੀ ਹੈ। ਇਸ ਲਈ ਪੂਰੀ ਕੋਸ਼ਿਸ਼ ਹੁੰਦੀ ਹੈ ਕਿ ਮੈਂ ਆਪਣੀ ਫਿਲਮ ਨੂੰ ਸੌ ਫੀਸਦੀ ਟਾਈਮ ਦੇ ਸਕਾਂ ਤੇ ਫਿਲਮ ਦਰਸ਼ਕਾਂ ਨੂੰ ਪਸੰਦ ਆਵੇ।

* ਸਾਲ ਦੀ ਸ਼ੁਰੂਆਤ ਦਮਦਾਰ ਰਹੀ ਤਾਂ ਅੱਗੇ ਕਿੰਨੀਆਂ ਉਮੀਦਾਂ ਹਨ ਅਤੇ ਇਸ ਸਾਲ ਕੀ ਖਾਸ ਕਰਨ ਦਾ ਇਰਾਦਾ ਹੈ?

– ਸਾਲ 2018 ਵਿੱਚ ਮੇਰੀਆਂ ਤਿੰਨ ਫਿਲਮਾਂ ਰਿਲੀਜ਼ ਹੋਣਗੀਆਂ। ਇਸ ਦੇ ਪ੍ਰਚਾਰ-ਪ੍ਰਸਾਰ ਤੇ ਬਾਕੀ ਕੰਮ 'ਚ ਮੇਰਾ ਸਮਾਂ ਲੱਗੇਗਾ। ਇਸ ਤੋਂ ਇਲਾਵਾ ਇਸ ਸਾਲ ਮੇਰਾ ਆਪਣੇ ਪਰਵਾਰ ਨਾਲ ਸਮਾਂ ਬਿਤਾਉਣ ਦਾ ਇਰਾਦਾ ਹੈ।

* ਆਪਣੀ ਫਿਲਮ 'ਮੈਂਟਲ ਹੈ ਕਯਾ' ਦੇ ਬਾਰੇ ਕੁਝ ਦੱਸੋ?

– 'ਮੈਂਟਲ ਹੈ ਕਯਾ' ਇੱਕ ਸਾਈਕੋਲਾਜੀਕਲ ਥ੍ਰਿਲਰ ਡਰਾਮਾ ਹੈ, ਜਿਸ 'ਚ ਡਾਰਕ ਹਿਊਮਰ ਦਾ ਤੜਕਾ ਹੈ। ਇਸ ਫਿਲਮ ਦਾ ਨਿਰਦੇਸ਼ਨ ਪ੍ਰਕਾਸ਼ ਕੋਵੇਲਾਮੁਦੀ ਕਰ ਰਹੇ ਹਨ। ਫਿਲਮ 'ਚ ਰਾਜ ਕੁਮਾਰ ਮੇਰੇ ਨਾਲ ਮੁੱਖ ਭੂਮਿਕਾ 'ਚ ਹਨ। ਫਿਲਮ ਦਾ ਨਿਰਮਾਣ ਏਕਤਾ ਕਪੂਰ ਕਰ ਰਹੀ ਹੈ। ਫਿਲਮ ਦੀ ਕਹਾਣੀ ਲੰਡਨ ਅਤੇ ਮੁੰਬਈ ਦੀ ਬੈਕਗਰਾਊਂਡ 'ਤੇ ਆਧਾਰਤ ਹੈ। 'ਕਵੀਨ' ਤੋਂ ਬਾਅਦ ਦੂਜੀ ਵਾਰ ਮੈਂ ਅਤੇ ਰਾਜ ਕੁਮਾਰ ਇਕੱਠੇ ਕੰਮ ਕਰ ਰਹੇ ਹਾਂ।

* ਫਿਲਮ ਵਿੱਚ ਤੁਹਾਡਾ ਕਿਰਦਾਰ ਕੀ ਹੈ ਅਤੇ ਇਸ ਰੋਲ ਨੂੰ ਸਵੀਕਾਰਨ ਦੀ ਕੀ ਵਜ੍ਹਾ ਸੀ?

– ਫਿਲਮ 'ਚ ਮੇਰਾ ਕਿਰਦਾਰ ਸੱਚਮੁੱਚ ਬਹੁਤ ਅਜੀਬ ਹੈ। ਫਿਲਮ 'ਚ ਮੇਰੇ ਕਰੈਕਟਰ ਬਾਰੇ ਕਿਸੇ ਨੰ ਕੁਝ ਪਤਾ ਨਹੀਂ। ਮੇਰਾ ਕਿਰਦਾਰ ਕੁਝ ਚੀਜ਼ਾਂ ਦੇਖ ਰਿਹਾ ਹੈ, ਪਰ ਉਹ ਚੀਜ਼ਾਂ ਸੱਚ ਹਨ ਜਾਂ ਉਸ ਨੂੰ ਸਿਰਫ ਵਹਿਮ ਹੋ ਰਿਹਾ ਹੈ, ਇਹ ਵੀ ਕਲੀਅਰ ਨਹੀਂ। ਬੜਾ ਕੁਝ ਅਜਿਹਾ ਹੀ ਰਾਜ ਕੁਮਾਰ ਰਾਓ ਦੇ ਕਿਰਦਾਰ ਨਾਲ ਵੀ ਹੁੰਦਾ ਹੈ। ਜਿੱਥੋਂ ਤੱਕ ਰੋਲ ਸਵੀਕਾਰਨ ਦੀ ਵਜ੍ਹਾ ਦਾ ਸਵਾਲ ਹੈ ਤਾਂ ਸਕ੍ਰਿਪਟ ਸੁਣਦੇ ਸਮੇਂ ਇਹ ਕਰੈਕਟਰ ਮੈਨੂੰ ਬਹੁਤ ਚੈਲੇਂਜਿੰਗ ਲੱਗਾ ਅਤੇ ਚੈਲੇਂਜਿੰਗ ਚੀਜ਼ਾਂ ਕਰਨੀਆਂ ਮੈਨੂੰ ਬਹੁਤ ਪਸੰਦ ਹਨ। ਮੇਰੇ 'ਤੇ ਹਮੇਸ਼ਾ ਮੈਂਟਲ ਹੋਣ ਦੇ ਦੋਸ਼ ਲੱਗਦੇ ਰਹੇ ਹਨ ਕਿਉਂਕਿ ਬਾਕੀ ਲੋਕਾਂ ਤੋਂ ਮੈਂ ਕਾਫੀ ਵੱਖ ਹਾਂ, ਇਸ ਲਈ ਖਾਸ ਤੌਰ 'ਤੇ ਇਸ ਕਲੰਕ ਨੂੰ ਧੋਣ ਲਈ ਇਹ ਫਿਲਮ ਸਾਈਨ ਕੀਤੀ।

* ...ਅਤੇ ਫਿਲਮ 'ਪੰਗਾ' ਬਾਰੇ ਕੀ ਕਹੋਗੇ?

– ਇਸ ਸਾਲ ਰਿਪਬਲਿਕ ਡੇਅ ਦਾ ਸਲਾਟ ਮੇਰੇ ਫਿਲਮ 'ਮਣੀਕਰਣਿਕਾ' ਲਈ ਬੁਕ ਸੀ ਤਾਂ ਅਗਲੇ ਸਾਲ ਰਿਪਬਲਿਕ ਡੇਅ ਦਾ ਸਲਾਟ ਸਾਡੀ ਫਿਲਮ 'ਪੰਗਾ' ਲਈ ਬੁਕ ਕਰ ਲਿਆ ਗਿਆ ਹੈ। ਅਸ਼ਵਨੀ ਅਈਅਰ ਤਿਵਾੜੀ ਦੀ ਡਾਇਰੈਕਸ਼ਨ 'ਚ ਬਣ ਰਹੀ ਇਸ ਫਿਲਮ ਵਿੱਚ ਮੈਂ ਕਬੱਡੀ ਪਲੇਅਰ ਦੇ ਰੋਲ ਵਿੱਚ ਨਜ਼ਰ ਆਵਾਂਗੀ। ਇਸ ਫਿਲਮ ਵਿੱਚ ਨੀਨਾ ਗੁਪਤਾ ਤੇ ਰਿਚਾ ਚੱਢਾ ਵੀ ਮਹੱਤਵ ਪੂਰਨ ਕਿਰਦਾਰ ਨਿਭਾ ਰਹੀਆਂ ਹਨ। ਉਂਝ, ਅਨੁਰਾਗ ਬਸੁ ਦੀ 'ਇਮਲੀ' ਵੀ ਕਰ ਰਹੀ ਹਾਂ, ਜਿਸ 'ਚ ਇੱਕ ਵਾਰ ਫਿਰ ਮੇਰੇ ਨਾਲ ਰਾਜਕੁਮਾਰ ਰਾਓ ਨਜ਼ਰ ਆਉਣਗੇ।

* ਤੁਸੀਂ ਬਾਲੀਵੁੱਡ ਵਿੱਚ ਬਹੁਤ ਸਾਰਿਆਂ ਨਾਲ ਪੰਗਾ ਲੈ ਲਿਆ ਹੈ। ਕਦੇ ਇੰਝ ਨਹੀ ਲੱਗਦਾ ਕਿ ਇਹ ਕਰੀਅਰ ਲਈ ਨੁਕਸਾਨਦੇਹ ਹੈ?

– ਸ਼ੁਰੂ 'ਚ ਮੈਂ ਵੀ ਬਹੁਤ ਡਰ ਕੇ ਕੰਮ ਕੀਤਾ ਸੀ। ਅੱਜ ਲੱਗਦਾ ਹੈ ਕਿ ਮੈਂ ਬਹੁਤ ਸਕਸੈਸਫੁੱਲ ਹਾਂ। ਮੈਂ ਤਿੰਨ ਨੈਸ਼ਨਲ ਐਵਾਰਡ ਜਿੱਤੇ ਹਨ। ਇਸ ਤੋਂ ਬਾਅਦ ਮੈਨੂੰ ਕੰਮ ਨਹੀਂ ਵੀ ਮਿਲਦਾ ਤਾਂ ਠੀਕ ਹੈ। ਸਾਰੀ ਜ਼ਿੰਦਗੀ ਇਨਸਾਨ ਡਰ-ਡਰ ਕੇ ਕੰਮ ਨਹੀਂ ਕਰ ਸਕਦਾ। ਸ਼ਾਇਦ ਮੇਰੀ ਕਹਾਣੀ ਇੰਝ ਹੀ ਯਾਦ ਕੀਤੀ ਜਾਵੇਗੀ ਕਿ ਇੱਕ ਬਹੁਤ ਸਕਸੈੱਸਫੁੱਲ ਐਕਸਟ੍ਰੈੱਸ ਸੀ ਜਿਸ ਨੇ ਇੰਝ ਆਵਾਜ਼ ਉਠਾਈ ਤਾਂ ਠੀਕ ਹੈ। ਮੈਂ ਕੀ ਕਹਾਂ, ਮੈਂ ਮਨਾਲੀ 'ਚ ਇੰਨਾ ਚੰਗਾ ਘਰ ਬਣਾਇਆ ਹੋਇਆ ਹੈ। ਮੈਂ ਵਾਪਸ ਚਲੀ ਜਾਵਾਂਗੀ। ਇਹ ਤਾਂ ਨਹੀਂ ਕਿ ਮੈਂ ਕੁਝ ਹੋਰ ਨਹੀਂ ਕਰ ਸਕਦੀ। ਮੈਂ ਕਿਤਾਬਾਂ ਲਿਖ ਸਕਦੀ ਹਾਂ। ਫਿਲਮਾਂ ਡਾਇਰੈਕਟ ਕਰ ਸਕਦੀ ਹਾਂ। ਸਾਲ-ਦੋ-ਸਾਲ 'ਚ ਕਦੇ। ਮੇਰੇ ਲਈ ਉਹ ਵੀ ਕਾਫੀ ਚੰਗੀ ਜ਼ਿੰਦਗੀ ਹੈ, ਪਰ ਇਸ ਤਰ੍ਹਾਂ ਦੇ ਜੋ ਦੁਸ਼ਟ ਲੋਕ ਹਨ, ਜੋ ਤੁਹਾਨੂੰ ਡਰਾਉਂਦੇ ਹਨ, ਬੁਲਿੰਗ ਕਰਦੇ ਹਨ, ਉਨ੍ਹਾਂ ਅੱਗੇ ਝੁਕਣਾ ਤਾਂ ਮੌਤ ਤੋਂ ਵੀ ਬਦਤਰ ਹੈ।



# ਹਾਰਰ ਫਿਲਮਾਂ ਬੇਹੱਦ ਪਸੰਦ ਹਨ : ਸਾਨਿਆ ਮਲਹੋਤਰਾ



ਬਾਲੀਵੁੱਡ ਅਭਿਨੇਤਰੀ ਸਾਨਿਆ ਮਲਹੋਤਰਾ ਦਾ ਕਹਿਣਾ ਹੈ ਕਿ ਉਸ ਨੂੰ ਹਾਰਰ ਫਿਲਮ ਦੇਖਣਾ ਬੇਹੱਦ ਪਸੰਦ ਹੈ। 'ਦੰਗਲ' ਗਰਲ ਸਾਨਿਆ ਮਲਹੋਤਰਾ ਅੱਜਕੱਲ੍ਹ ਆਪਣੀ ਫਿਲਮ 'ਫੋਟੋਗਰਾਫ' ਨਾਲ ਚਰਚਾ 'ਚ ਹੈ। ਫਿਲਮ ਵਿੱਚ ਉਸ ਦੇ ਅਭਿਨੈ ਦੀ ਕਾਫੀ ਤਾਰੀਫ ਹੋਈ ਹੈ। ਇਸ ਤੋਂ ਪਹਿਲਾਂ ਉਸ ਦੀ ਫਿਲਮ 'ਬਧਾਈ ਹੋ' ਰਿਲੀਜ਼ ਹੋਈ ਤੇ ਸੁਪਰਹਿੱਟ ਰਹੀ ਸੀ। ਫਿਲਮ 'ਫੋਟੋਗਰਾਫ' ਦੇ ਨਿਰਦੇਸ਼ਕ ਰਿਤੇਸ਼ ਬੱਤਰਾ ਨੇ ਮਜ਼ਾਕ ਨਾਲ ਕਿਹਾ ਕਿ ਸਾਨਿਆ ਤੋਂ ਭੂਤ ਵੀ ਡਰਦੇ ਹਨ।

ਦਿੱਲੀ ਦੀ ਰਹਿਣ ਵਾਲੀ ਸਾਨਿਆ ਅਸਲ ਜ਼ਿੰਦਗੀ 'ਚ ਪੰਜਾਬੀ ਪਰਵਾਰ ਵਿੱਚੋਂ ਹੈ ਤੇ ਫਿਲਮ 'ਫੋਟੋਗਰਾਫ' ਵਿੱਚ ਉਸ ਨੇ ਗੁਜਰਾਤੀ ਲੜਕੀ ਦਾ ਕਿਰਦਾਰ ਨਿਭਾਇਆ ਹੈ। ਪਿਛਲੇ ਦਿਨੀਂ ਸਾਨਿਆ ਨੇ ਫੇਸਬੁੱਕ ਪੋਸਟ 'ਚ ਦੱਸਿਆ ਸੀ ਕਿ ਉਹ ਡਾਂਸਰ ਬਣਨਾ ਚਾਹੁੰਦੀ ਸੀ, ਪਰ ਡਾਂਸਰ ਬਣਦੇ-ਬਣਦੇ ਐਕਟਰ ਬਣ ਗਈ। ਸਾਨਿਆ ਨੇ ਪੋਸਟ 'ਚ ਲਿਖਿਆ ਸੀ, 'ਮੈਂ ਅਜਿਹੀ ਬੱਚੀ ਸੀ, ਜੋ ਹਰ ਵਿਆਹ 'ਚ ਡਾਂਸ ਕਰਦੀ ਸੀ। ਮੇਰੇ ਮਾਤਾ-ਪਿਤਾ ਮੈਨੂੰ ਹਰ ਵਿਆਹ 'ਚ ਲੈ ਕੇ ਜਾਂਦੇ ਸਨ ਤਾਂ ਕਿ ਮੈਂ ਦਿਲ ਖੋਲ੍ਹ ਕੇ ਡਾਂਸ ਕਰ ਸਕਾਂ।'

# ਪੀ ਐੱਮ ਨਰਿੰਦਰ ਮੋਦੀ ਬਾਇਓਪਿਕ ਵਿੱਚ ਵਿਵੇਕ ਦੇ ਨੌਂ ਅਲੱਗ-ਅਲੱਗ ਲੁਕ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜੀਵਨ 'ਤੇ ਆਧਾਰਤ ਆਗਾਮੀ ਬਾਇਓਪਿਕ ਫਿਲਮ ਵਿੱਚ ਅਭਿਨੇਤਾ ਵਿਵੇਕ ਓਬਰਾਏ ਨੇ ਉਨ੍ਹਾਂ ਦਾ ਜੀਵਨ ਸਫਰ ਦਰਸਾਉਣ ਲਈ ਨੌਂ ਵੱਖ-ਵੱਖ ਲੁਕ ਅਪਣਾਏ ਹਨ। ਫਿਲਮ ਸਮੀਖਿਅਕ ਤਰੁਣ ਆਦਰਸ਼ ਨੇ ਪਿੱਛੇ ਜਿਹੇ ਟਵਿੱਟਰ 'ਤੇ ਇਸ ਦਾ ਖੁਲਾਸਾ ਕੀਤਾ ਤਾਂ ਲਿਖਿਆ, 'ਪੀ ਐੱਮ ਨਰਿੰਦਰ ਦੀ ਬਾਇਓਪਿਕ ਵਿੱਚ ਵਿਵੇਕ ਓਬਰਾਏ ਦੇ ਵੱਖ-ਵੱਖ ਲੁਕ। ਉਮੰਗ ਕੁਮਾਰ ਨਿਰਦੇਸ਼ਿਤ, ਸੰਦੀਪ ਸਿੰਘ, ਸੁਰੇਸ਼ ਓਬਰਾਏ ਅਤੇ ਆਨੰਦ ਪੰਡਿਤ ਵੱਲੋਂ ਨਿਰਮਿਤ ...12 ਅਪ੍ਰੈਲ 2019 ਨੂੰ ਰਿਲੀਜ਼।'

ਗੋਆ ਦੇ ਮੁੱਖ ਮੰਤਰੀ ਮਨੋਹਰ ਪਾਰੀਕਰ ਦੇ ਦਿਹਾਂਤ ਪਿੱਛੋਂ ਫਿਲਮ ਦੇ ਦੂਜੇ ਪੋਸਟਰ ਦੀ ਲਾਂਚ ਟਾਲ ਦਿੱਤੀ ਗਈ। ਫਿਲਮ ਵਿੱਚ ਅਭਿਨੇਤਾ ਦਰਸ਼ਨ ਕੁਮਾਰ, ਬੋਮਨ ਈਰਾਨੀ, ਜ਼ਰੀਨਾ ਵਹਾਬ ਅਤੇ ਬਰਖਾ ਬਿਸ਼ਟ ਸੇਨਗੁਪਤਾ ਵੀ ਪ੍ਰਮੁੱਖ ਭੂਮਿਕਾਵਾਂ ਵਿੱਚ ਹਨ।

ASIAN FOOD CENTRE



SERVING FROM 10 LOCATIONS
IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109






www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232


Other Realtors only Promise
But JAG AUJLA SOLD YOUR HOME WITH
GUARANTEED
OR HE'LL BUY IT!*
*Some Conditions Apply

Top 1% Ranked in Broker
Call For a Quick & Free Home Evaluation
www.BramptonQuickHomeEvaluation.com
(**2016,2015,2014,2013 **(2009,2008) 2012,2011,2010) **RE/MAX International (2010) **(2014)


Urgently Need New Listing in Brampton/GTA Call Jag Today To Sell Your Property For Top $$$ & Accurate Price




BRAMPTON $679,905
ਚਿੰਗਕੂਜ਼ੀ/ਵੀਲੀਅਮ ਪਾਕ੍ਰਵੇ
ਬਹੁਤ ਹੀ ਸੋਹਣਾ 4+1 ਬੈਡਰੂਮ ਐਡ 4 ਵਾਸ਼ਰੂਮ ਘਰ , ਨਵਾਂ ਪੇਂਟ, ਲੇਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਸਟੇਨਲੈਸ ਸਟੀਲ ਅਪਲਾਇੰਸਸ, ਨਵੇਂ ਰੂਫ ਸ਼ਿੰਗਲ 2018, ਗਰੇਨਾਇਟ ਕਾਂਉਟਰ ਟਾਪ,ਮਾਸਟਰ ਬੈਡਰੂਮ ਨੂੰ 5 ਪੀਸ ਇੰਨ ਸੂਟ, ਆਦਿ ਸਹੂਲਤਾਂ ਦੇ ਨੇੜੇ।




BRAMPTON $659,905
ਬਰੈਮਲੀ ਰੋਡ/ ਸੈਂਡਲਵੁਡ
ਬਹੁਤ ਸੋਹਣਾ 3+3 ਬੈਡਰੂਮ ਐਡ 5 ਵਾਸ਼ਰੂਮ ਦੇ ਡਿਟੈਚਡ ਡਬਲ ਸਟੋਰੀ ਘਰ ਨੂੰ ਫਿਨਿਸ਼ਡ ਬੈਸਮੈਂਟ, 4 ਕਾਰਾਂ ਦੀ ਪਾਕ੍ਰਿੰਗ ਆਲਾ ਗਰਾਜ ਤੇ ਬਹੁਤ ਸਾਰੀਆਂ ਅਪਗ੍ਰੇਡਸ, ਵੁਡ ਫਲੋਰ, ਨਵੇਂ ਰੂਫ ਸ਼ਿੰਗਲ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ ਸਹੂਲਤਾਂ ਦੇ ਨੇੜੇ।




BRAMPTON $849,905
ਵੈਨਲੈਸ/ਵੈਨ ਕ੍ਰਕ
ਸਾਫ-ਸੁਥਰਾ 4 ਬੈਡਰੂਮ ਤੇ 4 ਵਾਸ਼ਰੂਮਾਂ ਦਾ ਡਿਟੈਚ ਘਰ, ਹਾਰਡਵੁਡ ਫਲੋਰ, ਡਬਲ ਡੋਰ ਇੰਨਟਰੈਂਸ, ਸਟੇਨਲੈਸ ਸਟੀਲ ਅਪਲਾਇੰਸਿਸ, ਮੇਂਨ ਫਲੋਰ ਨੂੰ 9 ਫੁੱਟ ਸਿਲਿੰਗ, ਸੋਹਣੀ ਇਟ ਇੰਨ ਕਿੱਚਨ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।



3 Car Garage
BRAMPTON $1,469,905
ਗੋਰਵੇ/ਕੰਟਰੀਸਾਇਡ
ਸੋਹਣਾ ਤੇ ਸਾਫ ਸੁਥਰਾ 4 ਬੈਡਰੂਮ (approx.4100 sqft), 5 ਵਾਸ਼ਰੂਮ ਵਾਸ਼ਰੂਮ ਦਾ ਡਿਟੈਚਡ ਘਰ, ਬੈਸਮੈਂਟ ਨੂੰ ਸੇਪਰੇਟ ਇੰਟਰੈਂਸ, ਬਹੁਤ ਸਾਰੀਆਂ ਅਪਗਰੇਡਜ਼ , 3 ਕਾਰ ਗਰਾਜ, ਸਟੇਨਲੈਸ ਸਟੀਲ ਅਪਲਾਇੰਸਿਸ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।



3 Car Garage
BRAMPTON $1,679,905
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਵਧੀਆ 5+1 ਬੈਡਰੂਮ (approx.5000 sqft) , 5 ਵਾਸ਼ਰੂਮ ਦਾ ਘਰ ਜਿਸ ਨੂੰ ਕਿ +3 ਕਾਰ ਗਰਾਜ, +7 ਕਾਰਾਂ ਦੀ ਬਾਹਰ ਪਾਰਕਿੰਗ, ,10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ,ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।



BRAMPTON $839,905
ਵੀਲਿਅਮਜ਼ ਪਾਕ੍ਰਵੇ/ਜੇਮਜ਼ ਪੋਟਰ
ਬਹੁਤ ਸੋਹਣਾ 4+1 ਬੈਡਰੂਮ , 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਫੀਨਿਸ਼ਡ ਬੈਸਮੈਂਟ ਨੂੰ ਸੇਪਰੂਟ ਏਂਟਰੈਂਸ, 9 ਫੁੱਟ ਸਿਲਿੰਗ, ਕਿਚਨ ਨੂੰ ਸਟੇਨਲੈਸ ਸਟੀਲ ਅਪਲਾਇੰਸਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ ਸੂਟ, ਸਕੂਲ, ਪਲਾਜ਼ਾ, ਆਦਿ ਸਹੂਲਤਾਂ ਦੇ ਨੇੜੇ।



REXDALE BODY SHOP
USED CAR SALE





Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



Grand Upholstery Ltd
Sofa Company Originality in Every Piece



Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com



Carte WEALTH MANAGEMENT INC.
KANG TAX & FINANCIAL SERVICES



- Personal and Corporate Tax Filings**
- RDSP, RESP, RRSP, TFSA Plans*
- Home and Auto Insurance***

Free Tax Filing For New Immigrants
416-271-4877 Email: sukhwinder.kang@cartewm.com
Sukhwinder Kang (M.Sc. CFP) Financial Advisor
2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE
* Mutual funds provided by Carte Wealth Management Inc.
** Tax planning and filings provided by Kang Tax & Financial Services
*** Property & Casualty Insurance provided by Armour Insurance Brokers Ltd.



NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife



Signature, WestJet vacations, transat, sunwing, AIR CANADA VACATIONS, tico.ca, IATA
Call Us For Guaranteed Lowest Airfare ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario
ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystem.com
Call: 416-452-0677



PATANJALI®
Special on Sale
BUY 2 GET 1 FREE
- Aloe Vera Gel
- Herbal Toothpaste
- Any Shampoo
- Any Soap

BUY 2 GET 1 FREE Aloe Vera Gel
BUY 2 GET 1 FREE Toothpaste (Dant Kanti)
BUY 2 GET 1 FREE Hair Cleanser

Buy 1 and get 2nd 50% off
- Tulsi Vati
- Neem Vati



$4.99 Whole Wheat Atta
416.356.3987
647.773.7657
www.patanjalisewakendrabrampton.ca
patanjalibrampton@gmail.com
22-2120 North park Dr. Brampton L6S 0C9 905-790-1118
124-1065 Canadian place Mississauga L4W 0C2 905-238-3131
503 Ray Lawson Blvd #3 Brampton L6Y 0N2